ਸ਼ਹੀਦੀ
ਭਾਈ ਤਾਰਾ ਸਿੰਘ ਜੀ 'ਵਾਂ'



ਸਵਰਨ ਸਿੰਘ

ਤਤਕਰਾ

ਪ੍ਰਕਾਸ਼ਕ :
ਸਿੰਘ ਬ੍ਰਦਰਜ਼
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
S.C.O. 98, ਸਿਟੀ ਸੈਂਟਰ, ਅੰਮ੍ਰਿਤਸਰ

ISBN 81-7205-192-1

ਪਹਿਲੀ ਵਾਰ ਮਾਰਚ 1997
ਦੂਜੀ ਵਾਰ ਜਨਵਰੀ 2001

ਮੁੱਲ : 40-00

ਪ੍ਰਿੰਟਰ :
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

2

ਸਮਰਪਣ

ਉਨ੍ਹਾਂ ਸੂਰਬੀਰ ਸਿਖ ਸ਼ਹੀਦਾਂ ਦੇ ਪਵਿੱਤਰ ਖ਼ੂਨ ਨੂੰ ਸਮਰਪਿਤ
ਜਿਨ੍ਹਾਂ ਨੇ ਸਾਹਿਬ ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ
ਦੇ ਦਰਸਾਏ ਰਸਤੇ 'ਤੇ ਚਲਦਿਆਂ ਇਸ ਦੇਸ ਦੀ
ਅਣਖ, ਆਜ਼ਾਦੀ ਤੇ ਇਨਸਾਫ਼ ਲਈ
ਹੱਸ ਹੱਸ ਕੇ ਆਪਾ ਵਾਰ ਦਿੱਤਾ!

ਜਾਣ-ਪਛਾਣ

ਸ: ਸਵਰਨ ਸਿੰਘ ਪੰਜਾਬ ਦੇ ਇਤਿਹਾਸ ਵਿਚ ਰੁਚੀ ਰੱਖਣ ਵਾਲਿਆਂ ਲਈ ਕੋਈ ਨਵਾਂ ਨਾਮ ਨਹੀਂ। ਭਰਵੇਂ ਜੁੱਸੇ ਤੇ ਲੰਮੇ-ਉੱਚੇ ਕੱਦ ਵਾਲੇ ਇਹ ਸਰਦਾਰ ਸਾਹਿਬ ਜਦੋਂ ਵੀ ਇਤਿਹਾਸ-ਕਾਨਫ਼ਰੰਸਾਂ ਵਿਚ ਵੱਡੇ ਵੱਡੇ ਇਤਿਹਾਸਕਾਰਾਂ ਦੇ ਪਰਚਿਆਂ ਸੰਬੰਧੀ ਬਹਿਸ ਵਿਚ ਹਿੱਸਾ ਲੈਂਦਿਆਂ ਆਪਣੀ ਭਬਕਵੀਂ ਅਵਾਜ਼ ਵਿਚ ਤੱਥਾਂ ਨੂੰ ਸੋਧਦੇ ਜਾਂ ਨਵੀਂ ਸੂਚਨਾ ਮੁਹੱਈਆ ਕਰਵਾਂਦੇ ਹਨ ਤਾਂ ਵਕਤਾ-ਜਨ ਨਿਰੁੱਤਰ ਹੋ ਜਾਂਦੇ ਹਨ ਤੇ ਸਰੋਤੇ ਮੰਤਰ-ਮੁਗਧ। ਹਰ ਕੋਈ ਇਨ੍ਹਾਂ ਦੇ ਵਸੀਹ ਗਿਆਨ-ਘੇਰੇ 'ਤੇ ਰਸ਼ਕ ਕਰਦਾ ਹੈ। ਇਤਿਹਾਸ ਇਨ੍ਹਾਂ ਦਾ ਸ਼ੌਕ ਨਹੀਂ, ਬਲਕਿ ਜਿੰਦ-ਜਾਨ ਹੈ। ਸ਼ਹਿਰ ਭਾਵੇਂ ਦਿੱਲੀ ਹੋਵੇ ਜਾਂ ਅਲੀਗੜ੍ਹ, ਕੁਤਬ-ਫ਼ਰੋਸ਼ਾਂ ਪਾਸ ਜਾ ਕੇ ਇਨ੍ਹਾਂ ਦੀ ਘੜੀ ਰੁਕ ਜਾਂਦੀ ਹੈ ਤੇ ਪੁਰਾਣੀਆਂ ਕਿਤਾਬਾਂ ਦੀ ਫੋਲਾ-ਫਾਲੀ ਕਰ ਕੇ ਮਨ-ਪਸੰਦ ਖ਼ਜ਼ਾਨੇ ਨੂੰ ਮੂੰਹ-ਮੰਗੇ ਦਾਮ 'ਤੇ ਖ਼ਰੀਦਣਾ ਇਨ੍ਹਾਂ ਦੀ ਨਾ ਟਾਲੇ ਜਾ ਸਕਣ ਵਾਲੀ ਆਦਤ ਹੈ। ਕਿਸੇ ਵੀ ਥਾਂ ਤੋਂ ਇਨ੍ਹਾਂ ਨੂੰ ਕਿਸੇ ਦੁਰਲਭ ਸਰੋਤ ਦੀ ਸੋਅ ਮਿਲੇ, ਇਹ ਉਸ ਨੂੰ ਹਾਸਲ ਕਰਨ ਲਈ ਕੁਝ ਵੀ ਦੇ ਸਕਦੇ ਹਨ।

ਅਰਬੀ, ਫ਼ਾਰਸੀ, ਹਿੰਦੀ, ਪੰਜਾਬੀ, ਅੰਗ੍ਰੇਜ਼ੀ ਆਦਿ ਕਈ ਜ਼ਬਾਨਾਂ 'ਤੇ ਇੱਕੋ ਜਿਹੀ ਮੁਹਾਰਤ ਰੱਖਣ ਵਾਲੇ ਸਰਦਾਰ ਜੀ ਦੀ ਨਿੱਜੀ ਲਾਇਬ੍ਰੇਰੀ ਹੈਰਤ-ਅੰਗੇਜ਼ ਸੰਗ੍ਰਹਿਲਾਯ ਹੈ। ਫ਼ੌਜ ਦੀ ਕਪਤਾਨੀ ਤੋਂ ਬਾਅਦ ਆਪ ਸਰਕਾਰੀ ਹਾਈ ਸਕੂਲ ਘੜਿਆਲਾ ਦੇ ਹੈੱਡਮਾਸਟਰ ਨਿਯੁਕਤ ਹੋਏ। ਕੁਸ਼ਲ ਪ੍ਰਬੰਧਕ ਤੇ ਅਣਥੱਕ ਅਧਿਆਪਕ ਸ: ਸਵਰਨ ਸਿੰਘ ਲਈ ਪੜ੍ਹਾਉਣਾ ਮਜਬੂਰੀ ਨਹੀਂ, ਬਲਕਿ ਇਬਾਦਤ ਹੈ। ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਨੂੰ ਐਸੀ ਜੀਵਨ-ਕਣੀ ਬਖ਼ਸ਼ੀ ਹੈ ਕਿ ਉਨ੍ਹਾਂ ਦੇ ਅਨੇਕਾਂ ਵਿਦਿਆਰਥੀ ਹਰ ਔਖੀ ਮੰਜ਼ਿਲ ਸਰ ਕਰ ਕੇ ਬੜੇ ਉੱਚੇ ਮਰਾਤਬਿਆਂ 'ਤੇ ਪੁੱਜੇ ਹਨ ਅਤੇ ਆਪ ਪ੍ਰਤਿ ਕ੍ਰਿਤੱਗ

ਹਨ। ਵਿਦਿਆ ਦੇ ਖੇਤਰ ਵਿਚ ਆਪ ਦੀ ਏਨੀ ਧਾਂਕ ਜੰਮ ਚੁੱਕੀ ਸੀ ਕਿ ਸੇਵਾ-ਮੁਕਤ ਹੋਣ ਤੋਂ ਬਾਅਦ ਇਲਾਕੇ ਦੇ ਮੋਹਤਬਰਾਂ ਨੇ, ਇਨ੍ਹਾਂ ਦੇ ਅਨੇਕਾਂ ਵਾਰੀ ਨਾਂਹ-ਨੁਕਰ ਕਰਨ ਦੇ ਬਾਵਜੂਦ, ਇਨ੍ਹਾਂ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਪੱਟੀ ਦੇ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਣ ਲਈ ਮਨਾਅ ਹੀ ਲਿਆ। ਅੱਜ ਇਹ ਸਕੂਲ ਵਿਦਿਆ ਦੇ ਮਿਆਰ ਅਤੇ ਵਿਦਿਆਰਥੀਆਂ ਦੀ ਗਿਣਤੀ ਪੱਖੋਂ ਇਲਾਕੇ ਦਾ ਮੋਹਰੀ ਸਕੂਲ ਹੈ।

ਸਿਖ ਇਤਿਹਾਸ ਦੇ ਬਹਾਦਰੀ ਤੇ ਅਣਖ ਵਾਲੇ ਕਾਰਨਾਮੇ ਦੱਸਦਿਆਂ ਆਪ ਦੀਆਂ ਅੱਖਾਂ ਵਿਚੋਂ ਖ਼ੂਨ ਉਤਰ ਆਉਂਦਾ ਹੈ। ਆਪ ਆਖਿਆ ਕਰਦੇ ਹਨ ਕਿ ਸਿਖ ਕੌਮ ਦੇ ਸ਼ਹੀਦਾਂ ਦਾ ਕਰਜ਼ ਚੁਕਾਣ ਲਈ ਇਕ ਜੀਵਨ ਤਾਂ ਕੀ, ਕਈ ਜੀਵਨ ਵੀ ਥੋੜ੍ਹੇ ਹਨ। ਇਸੇ ਹੁੱਬ ਤਹਿਤ ਆਪ ਨੇ ੧੯੮੪ ਦੇ ਘੱਲੂਘਾਰੇ ਅਤੇ ਬਾਅਦ ਦੇ ਸ਼ਹੀਦਾਂ ਦੇ ਲਾਮਿਸਾਲ ਕਾਰਨਾਮਿਆਂ ਦੇ ਸਾਰੇ ਤੱਥਾਂ ਨੂੰ ਕਈ ਜ਼ੋਖ਼ਮ ਹੰਢਾ ਕੇ ਇਕੱਠਿਆਂ ਕੀਤਾ ਤੇ ਮਹਿਫ਼ੂਜ਼ ਸੰਭਾਲ ਛੱਡਿਆ ਹੈ।

ਸ: ਸਵਰਨ ਸਿੰਘ ਪਾਸ ਇਤਿਹਾਸ-ਖੋਜ ਦੀ ਸਹੀ ਸੂਝ ਹੈ। ਉਹ ਜਿੱਥੇ ਇਤਿਹਾਸ ਦੇ ਲਿਖਿਤ-ਸਰੋਤਾਂ ਦੀ ਢੂੰਡ-ਭਾਲ ਕਰਦੇ ਹਨ, ਉਥੇ ਸਥਾਨਕ ਰਵਾਇਤਾਂ ਤੋਂ ਵੀ ਇਤਿਹਾਸਕ ਤੱਥਾਂ ਦੀ ਟੋਹ ਲੈਂਦੇ ਹਨ। ਹੱਥ ਵਿਚ ਕੰਪਾਸ ਫੜੀ ਜਦ ਉਹ ਕੁੱਪ-ਰਹੀੜੇ ਦੀਆਂ ਉਜਾੜਾਂ ਛਾਣਦੇ ਹਨ ਤਾਂ ਇੰਜ ਜਾਪਦਾ ਹੈ, ਜਿਵੇਂ ਉਹ ਸ਼ਹੀਦਾਂ ਦੀ ਰੱਤ ਨਾਲ ਗੜੁੱਚ ਉਥੋਂ ਦੀ ਮਿੱਟੀ ਦੀ ਖ਼ੁਸ਼ਬੋ ਨੂੰ ਆਪਣੇ ਪਿੰਡੇ 'ਤੇ ਮਹਿਸੂਸ ਕਰ ਕੇ ਇਤਿਹਾਸ ਦੀ ਗੁਆਚੀ ਤੰਦ ਨੂੰ ਵਧੇਰੇ ਮਜ਼ਬੂਤੀ ਨਾਲ ਫੜਨ ਦੇ ਸਮਰੱਥ ਹੋ ਗਏ ਹਨ। ਅਸਲ ਵਿਚ ਇਤਿਹਾਸ, ਇਨ੍ਹਾਂ ਲਈ ਮਹਿਜ਼ ਤੱਥ ਨਹੀਂ, ਬਲਕਿ ਕੌਮ ਦਾ ਖ਼ਜ਼ਾਨਾ ਤੇ ਪ੍ਰੇਰਨਾ-ਸ੍ਰੋਤ ਹੈ। ਇਸੇ ਲਈ ਮਹਿਜ਼ ਤੱਥ ਨਹੀਂ, ਬਲਕਿ ਕੌਮ ਦਾ ਖ਼ਜ਼ਾਨਾ ਤੇ ਪ੍ਰੇਰਨਾ-ਸ੍ਰੋਤ ਹੈ। ਇਸੇ ਕਰਕੇ ਇਨ੍ਹਾਂ ਦੀ ਤੀਖਣ ਸੂਝ, ਤੱਥਾਂ ਦੀ ਟੋਹ ਦੇ ਆਸਰੇ ਇਨ੍ਹਾਂ ਪਿੱਛੇ ਲੁਕੇ ਅਸਲ ਨਜ਼ਾਰਿਆਂ ਨੂੰ ਸਜੀਵ ਰੂਪ ਵਿਚ ਕਲਮਬੰਦ ਕਰਨ ਦੀ ਸਮਰੱਥਾ ਰੱਖਦੀ ਹੈ।

ਕੌਣ ਕਹਿੰਦਾ ਹੈ ਕਿ ਇਤਿਹਾਸਕ ਰਚਨਾ ਵਿਚ ਨਿੱਜਤਵ ਮਨਫ਼ੀ ਹੋ ਸਕਦਾ ਹੈ ? ਪਰ ਸਾਨੂੰ ਮਾਣ ਹੈ ਕਿ ਸਾਡੀ ਇਸ ਰਚਨਾ ਵਿਚ ਸ: ਸਵਰਨ ਸਿੰਘ ਦਾ ਨਿਰਛਲ, ਨਿਰਕਪਟ, ਅਣਖੀਲਾ ਤੇ ਹਰ ਦਮ ਕੌਮ ਦਾ ਭਲਾ ਸੋਚਣ

ਵਾਲਾ, ਸੱਚੋ-ਸੱਚ ਨਿੱਜ ਹਾਜ਼ਰ ਹੈ। ਇਸ ਤੋਂ ਪ੍ਰੇਰਨਾ ਲੈ ਕੇ ਕੌਮ ਆਪਣਾ ਭਵਿੱਖ ਨਾ ਸੰਵਾਰ ਸਕੇ ਤਾਂ ਸਾਡੇ ਮੰਦੇ ਭਾਗ!

ਬੜੀ ਰੀਝ ਸੀ ਕਿ ਸਰਦਾਰ ਸਾਹਿਬ ਦੀ ਲਾਜਵਾਬ ਮਿਹਨਤ *'ਅਬਦਾਲੀ, ਸਿੱਖ ਤੇ ਵੱਡਾ ਘੱਲੂਘਾਰਾ'* ਜੋ ਮਾਸਕ-ਪੱਤਰ *ਸੂਰਾ* ਵਿਚ ੩੭ ਕਿਸ਼ਤਾਂ ਰਾਹੀਂ ਬੇਹੱਦ ਮਕ਼ਬੂਲ ਹੋਈ, ਆਪਣੇ ਸੰਸ਼ੋਧਿਤ ਰੂਪ ਵਿਚ ਸਭ ਤੋਂ ਪਹਿਲਾਂ ਪਾਠਕਾਂ ਪਾਸ ਅੱਪੜਦੀ, ਪਰੰਤੂ ਸਰਦਾਰ ਸਾਹਿਬ ਆਪਣੀਆਂ ਮਜਬੂਰੀਆਂ ਕਰਕੇ ਇਸ ਦਾ ਖਰੜਾ ਸਾਨੂੰ ਅਜੇ ਨਹੀਂ ਸੌਂਪ ਸਕੇ। ਸੋ, ਪਹਿਲਾ ਢੋਆ ਤਿੰਨ ਪੁਸਤਕਾਂ (੧. *ਸ਼ਹੀਦ ਭਾਈ ਤਾਰਾ ਸਿੰਘ ਵਾਂ*, ੨. *ਮੱਸੇ ਰੰਘੜ ਨੂੰ ਕਰਣੀ ਦਾ ਫਲ*, ੩. *ਸ਼ਹੀਦੀ ਸਾਕਾ ਭਾਈ ਤਾਰੂ ਸਿੰਘ ਜੀ*) ਦੇ ਰੂਪ ਵਿਚ ਸ਼ਹੀਦਾਂ ਦੀ ਕੁਰਬਾਨੀ ਪ੍ਰਤਿ ਇਕ ਸ਼ਰਧਾਂਜਲੀ ਵਜੋਂ ਹਾਜ਼ਰ ਹੈ।

ਆਸ ਹੈ ਕਿ ਸਮੂਹ ਪਾਠਕ-ਵਰਗ ਵਲੋਂ ਇਨ੍ਹਾਂ ਪੁਸਤਕਾਂ ਦਾ ਬੇਹੱਦ ਸਵਾਗਤ ਕੀਤਾ ਜਾਵੇਗਾ। ਲੇਖਕ ਪਾਸ ਸ: ਕਰਮ ਸਿੰਘ ਹਿਸਟੋਰੀਅਨ ਵਰਗਾ ਸਿਰੜ ਤੇ ਖੋਜ ਦੀ ਸੂਝ ਹੈ। ਇਤਿਹਾਸਕ ਤੱਥ, ਸਮਕਾਲੀ ਘਟਨਾਵਾਂ ਤੇ ਤੁਲਨਾਤਮਕ ਵੇਰਵੇ ਉਨ੍ਹਾਂ ਦੀਆਂ ਉਂਗਲਾਂ 'ਤੇ ਹਨ। ਇੰਜ ਸਮਝੋ ਕਿ ਸ: ਕਰਮ ਸਿੰਘ ਜੀ ਦੁਬਾਰਾ ਕੌਮ ਦੀ ਖ਼ਿਦਮਤ ਵਿਚ ਹਾਜ਼ਰ ਹਨ। ਪਾਠਕਾਂ ਦਾ ਪਿਆਰ-ਅਸੀਸ ਉਨ੍ਹਾਂ ਪਾਸੋਂ ਇਤਿਹਾਸ-ਲੇਖਣ ਦੀ ਉਹ ਮਹਾਨ ਸੇਵਾ ਲੈ ਸਕਦਾ ਹੈ, ਜਿਸ 'ਤੇ ਆਉਣ ਵਾਲੀਆਂ ਪੀੜ੍ਹੀਆਂ ਹਮੇਸ਼ਾ ਫ਼ਖ਼ਰ ਕਰਨਗੀਆਂ।

—ਪ੍ਰਕਾਸ਼ਕ

ਦੋ ਸ਼ਬਦ

ਪਿਤਾ ਜੀ, ਤੁਹਾਡੇ ਸਿੱਖੀ ਪਿਆਰ ਤੇ ਇਸ ਦੇ ਇਤਿਹਾਸ-ਪ੍ਰੇਮ ਨੇ ਮੈਨੂੰ ਬਚਪਨ ਵਿਚ ਹੀ ਲਗਨ ਲਾ ਦਿੱਤੀ ਸੀ। ਤੁਸੀਂ ਹਮੇਸ਼ਾ ਪ੍ਰੇਰਨਾ ਦੇਂਦੇ ਰਹੇ। ਤੁਹਾਡੇ ਸਾਹਮਣੇ ਕੀਤੇ ਸੰਕਲਪ ਨੂੰ ਪੂਰਾ ਕਰਨ ਲਈ ਮੈਂ ਯਤਨ-ਸ਼ੀਲ ਹਾਂ। ਮੇਰੇ ਪਾਸ ਸਿਰਫ਼ ਕਲਮ ਹੀ ਰਹਿ ਗਿਆ ਹੈ, ਉਹ ਵੀ 'ਵੀਰੇ' (ਆਪ ਜੀ ਦੇ ਸਪੂਤ) ਖੋਹ-ਭੰਨ-ਤੋੜਨ ਦੇ ਰਉਂ ਵਿਚ ਹਨ। ਖੁਸ ਵੀ ਗਿਆ ਤਾਂ ਮੈਂ ਆਪਣੀਆਂ ਉਂਗਲਾਂ ਆਪਣੇ ਜਿਗਰ ਦੇ ਖ਼ੂਨ ਵਿਚ ਭਿਉਂ ਭਿਉਂ ਕੇ ਜ਼ਮੀਨ 'ਤੇ ਹੀ ਲਿਖ ਦਿਆਂਗਾ, ਤਾਂਕਿ ਤੁਹਾਡੇ ਪਾਸ ਸੁਰਖ਼ਰੂ ਹੋ ਕੇ ਆ ਸਕਾਂ।

ਪਿਤਾ ਜੀ, ਤੁਹਾਡੇ ਵਲੋਂ ਆਖ਼ਰੀ ਫ਼ਤਹ ਗਜਾ ਜਾਣ ਪਿਛੋਂ ਤੁਹਾਡੀ ਦਸਤਾਰ, ਜੋ ਮੈਨੂੰ ਬਖ਼ਸ਼ਿਸ਼ ਹੋਈ ਸੀ, ਉਹ ਪੈਰਾਂ ਥੱਲੇ ਕੁਚਲੀ ਗਈ। ਅੰਮ੍ਰਿਤ-ਧਾਰੀ ਗੁਰਸਿਖ ਹੋਣ ਦੇ ਨਾਤੇ ਤੁਹਾਡੇ ਧਰਮ ਦੀ ਕਮਾਈ, ਆਪਣੇ ਹੱਕ 'ਤੇ ਰਹਿਣਾ, ਧੋਖ-ਧੜੀ ਤੇ ਚੋਰੀ, ਠੱਗੀ, ਫ਼ਰੇਬ ਤੋਂ ਦੂਰ ਰਹਿਣ ਅਤੇ ਸਰਬੱਤ ਦਾ ਭਲਾ ਮੰਗਣ ਵਾਲੇ ਸਿਖਾਏ ਸਿੱਖੀ ਦੇ ਸੁਨਹਿਰੀ ਅਸੂਲਾਂ ਦੀਆਂ ਧੱਜੀਆਂ ਉਡਾ ਕੇ ਰੱਖ ਦਿੱਤੀਆਂ ਗਈਆਂ ਹਨ। ਜਿਨ੍ਹਾਂ ਘਰਦਿਆਂ ਨਾਲ ਭਲੀ ਨਹੀਂ ਗੁਜ਼ਾਰੀ, ਉਹ ਸਰਬੱਤ ਦਾ ਭਲਾ ਕਿਥੋਂ ਮੰਗਣਗੇ ! ਚੋਰੀਆਂ, ਫ਼ਰੇਬਾਂ ਤੇ ਧੋਖਿਆਂ ਦੇ ਦਾਗ਼ ਲਗਦੇ ਵੇਖ ਕੇ ਤੁਸੀਂ ਕਿਵੇਂ ਜਰ ਸਕਦੇ ? ਏਨੇ ਕਲੰਕ ਖੱਟ ਲਏ ਹਨ ਕਿ ਅਗਲਿਆਂ ਮੂੰਹਾਂ ਤੋਂ ਨਹੀਂ ਲਹਿਣਗੇ। ਚੰਗਾ ਹੋਇਆ ਕਿ ਤੁਸੀਂ ਪਹਿਲਾਂ ਹੀ ਚਲੇ ਗਏ। ਤੁਹਾਡੀ ਨਿਮਰਤਾ ਤੇ ਮਿਠਾਸ ਦੀ ਥਾਂ ਹੁਣ ਘਰ ਵਿਚ ਹੰਕਾਰ, ਲਾਲਚ ਅਤੇ ਸਰਬੱਤ ਦੇ ਨਹੀਂ, ਸਗੋਂ ਕੇਵਲ ਨਿੱਜੀ ਭਲੇ ਦੀ ਤਾਂਘ ਦਾ ਸੰਘਣਾ ਪਸਾਰਾ ਹੈ। ਹੁਣ ਜੇ ਤੁਸੀਂ ਆ ਕੇ ਵੇਖੋ ਤਾਂ ਘਰ ਪਛਾਣ ਨਹੀਂ ਸਕੋਗੇ। ਕੂੜ, ਕੁਸੱਤ ਤੇ ਕਲੰਕ ਦਾ ਪਹਾੜ ਦਿਸੇਗਾ।

ਗੁਰਮੁਖ ਪਰਉਪਕਾਰੀ ਪੁਰਾਤਨ ਗੁਰਸਿੱਖਾਂ ਦੇ ਸੂਰਬੀਰਤਾ ਭਰੇ ਅਤੇ ਸਿੱਖੀ

ਸਿਦਕ ਦੇ ਅਨੂਪਮ ਪੂਰਨੇ ਪਾਂਦਿਆਂ ਸ਼ਹੀਦੀਆਂ ਪਾ ਜਾਣ ਦੇ ਮਹਾਨ ਕਾਰਨਾਮੇ ਇਨ੍ਹਾਂ ਤਿੰਨਾਂ ਨਿੱਕੀਆਂ ਨਿੱਕੀਆਂ ਪੁਸਤਕਾਂ ਵਿਚ ਪੇਸ਼ ਕਰਦਿਆਂ, ਮੈਂ ਆਪਣੇ ਉਨ੍ਹਾਂ ਦੋ ਅਖੌਤੀ ਸੱਕੇ ਤੇ ਕੁਲ-ਘਾਤੀ ਭਰਾਵਾਂ ਨੂੰ ਭੁੱਲ ਨਹੀਂ ਸਕਿਆ, ਜਿਨ੍ਹਾਂ ਨੇ ਅਕਿਰਤਘਣਾਂ ਵਾਂਗ ਮੇਰੇ ਨਾਲ ਵਸਾਹ-ਘਾਤ ਕੀਤਾ ਅਤੇ ਘਰੇਲੂ ਜਾਇਦਾਦ ਤੋਂ ਬੇਦਖ਼ਲ ਕਰਨ ਲਈ ਹਰ ਹਰਬਾ ਵਰਤਿਆ। ਹੱਕ ਦਬਾਏ ਜਾਣ 'ਤੇ ਹਰ ਛੋਟੇ ਵੱਡੇ ਨੂੰ ਮਾਨਸਿਕ ਕਸ਼ਟ ਹੁੰਦਾ ਹੀ ਹੈ।

ਹੱਕ ਤਾਂ ਮੇਰਾ ਉਨ੍ਹਾਂ ਖੋਹ ਹੀ ਲਿਆ ਸੀ, ਪਰ ਉਨ੍ਹਾਂ ਦੇ ਜਿਸ ਨਿਰਦਈ ਵਾਰ ਨੇ ਮੈਨੂੰ ਅਸਹਿ ਪੀੜ ਪਹੁੰਚਾਈ, ਉਹ ਸੀ ਉਨ੍ਹਾਂ ਦਾ ਉਹ 'ਨੇਕ' ਮਸ਼ਵਰਾ ਕਿ ਜੇ ਮੈਂ ਆਪਣੀ ਲਾਇਬ੍ਰੇਰੀ ਦੀਆਂ ਪੁਸਤਕਾਂ, ਜਿਨ੍ਹਾਂ ਵਿਚ ਗੁਰਬਾਣੀ, ਟੀਕੇ, ਸਿਖ ਇਤਿਹਾਸ ਤੇ ਹੋਰ ਧਰਮਾਂ ਦਿਆਂ ਪਵਿੱਤਰ ਗ੍ਰੰਥਾਂ ਤੋਂ ਬਿਨਾਂ ਅੰਗ੍ਰੇਜ਼ੀ, ਪੰਜਾਬੀ, ਹਿੰਦੀ, ਸੰਸਕ੍ਰਿਤ, ਉਰਦੂ, ਫ਼ਾਰਸੀ, ਅਰਬੀ ਵਿਚ ਇਤਿਹਾਸ, ਫ਼ਲਸਫ਼ੇ ਤੇ ਕਲਾਸੀਕਲ ਸਾਹਿਤ ਦੀਆਂ ਦੁਰਲਭ ਪੁਸਤਕਾਂ ਹਨ, ਜੋ ਮੈਂ ਸਾਲਾਂ-ਬੱਧੀ ਸਿਰ-ਤੋੜ ਮਿਹਨਤ, ਲਗਨ ਤੇ ਖ਼ਾਸੀ ਲਾਗਤ ਨਾਲ ਹਾਸਲ ਕਰ ਕੇ ਇਕੱਠੀਆਂ ਕੀਤੀਆਂ ਸਨ, ਨੂੰ ਘਰ ਦੇ ਵਿਹੜੇ ਵਿਚ ਢੇਰੀ ਕਰ ਕੇ, ਹੱਥੀਂ ਅੱਗ ਲਾ ਕੇ ਸਾੜ-ਸੁਆਹ ਕਰ ਦਿਆਂ ਤਾਂ ਮੈਨੂੰ ਬਣਦਾ ਹੱਕ ਮਿਲ ਜਾਵੇਗਾ। ਪਰ ਦਾਸ ਉਨ੍ਹਾਂ ਵਲੋਂ ਏਡਾ ਵੱਡਾ 'ਪਰਉਪਕਾਰ' ਆਪਣੇ ਉੱਤੇ ਕਰਵਾ ਕੇ ਉਨ੍ਹਾਂ 'ਦਯਾਵਾਨ ਵੀਰਾਂ' ਦੀ ਹਾਰਦਿਕ ਪ੍ਰਸੰਨਤਾ ਪ੍ਰਾਪਤ ਨਾ ਕਰ ਸਕਿਆ।

ਹਿੱਸੇ ਆਉਂਦੇ ਚਾਂਦੀ ਸੋਨੇ ਤੇ ਨੀਲੇ ਕਾਗਜ਼ਾਂ ਦੇ ਟੁਕੜਿਆਂ ਬਦਲੇ ਇਹ ਅਨਮੋਲ ਖ਼ਜ਼ਾਨਾ ਭਸਮ ਕਰ ਦੇਣਾ ਮੇਰੇ ਲਈ ਕਠਿਨ ਹੀ ਨਹੀਂ, ਸਗੋਂ ਅਸੰਭਵ ਸੀ। ਸਾਲਾਂ-ਬੱਧੀ ਨਾਲ ਜੁੱਟ ਕੇ, ਅਰਾਮ ਨੂੰ ਹਰਾਮ ਮੰਨ ਕੇ ਮਿਹਨਤ ਨਾਲ ਜਾਇਦਾਦ ਬਣਾਈ ਸੀ। ਮਨ ਵਿਚ ਕੇਵਲ ਇਹੋ ਤਾਂਘ ਸੀ ਕਿ ਰੋਟੀ ਕਪੜੇ ਤੇ ਸਿਰ-ਲੁਕਾਵੇਂ ਦੇ ਫ਼ਿਕਰ ਤੋਂ ਨਿਸਚਿੰਤ ਹੋ ਕੇ ਦਸਮੇਸ਼ ਜੀ ਦੀ ਸ਼ਹਾਦਤ (੧੭੦੮ ਈ:) ਤੋਂ ਲੈ ਕੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਤਖ਼ਤ 'ਤੇ ਬੈਠਣ ਵਾਲੇ ਦਿਨ (੧੭੯੯ ਈ:) ਤਕ, ਜੋ ਮਸਾਲਾ ਨੋਟਸ ਦੇ ਰੂਪ ਵਿਚ ਇਕੱਤਰ ਕਰ ਲਿਆ ਸੀ, ਨੂੰ ਸੋਧ ਸੁਆਰ ਕੇ ਕਿਤਾਬੀ ਸ਼ਕਲ ਦੇਣ ਦਾ

ਜਤਨ ਕੀਤਾ ਜਾਵੇਗਾ। ਪਰ :

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥
ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ॥੩੯॥

ਦੇ ਮਹਾਂ ਵਾਕ ਅਨੁਸਾਰ ਹੋਇਆ ਐਨ ਉਲਟ। ਜਿਨ੍ਹਾਂ 'ਤੇ ਭਰੋਸਾ ਕਰ ਕੇ ਸਾਂਭ-ਸੰਭਾਲ ਵਾਸਤੇ ਆਗੂ ਕੀਤਾ, ਉਹ ਡਿਕਟੇਟਰ ਹੋ ਨਿਬੜੇ। ਆਲ੍ਹਣੇ ਵਿਚ ਜੋ ਪੱਤੇ ਸੁਖ ਸਹੂਲਤ ਲਈ ਵਿਛਾਏ ਗਏ ਸਨ, ਆਲ੍ਹਣਾ ਸਾੜਨ ਲਈ ਅੱਗ ਲਾ ਕੇ ਆਪ ਹੀ ਝਲ ਮਾਰਨ ਲੱਗ ਪਏ। ਕਿਸੇ ਦੁਖੀ ਦਿਲ ਨੇ ਇਸੇ ਗੱਲ ਨੂੰ ਇਉਂ ਚਿਤਰਿਆ ਹੈ :

ਬਾਗਬਾਂ ਨੇ ਆਗ ਦੀ ਜਬ ਆਸ਼ਿਆਨੇ ਕੋ ਮਿਰੇ,
ਜਿਨ ਪੱਤੋਂ ਪੇ ਤਕੀਆ ਥਾ ਵਹੀ ਹਵਾ ਦੇਨੇ ਲਗੇ।

ਜਾਇਦਾਦ ਤਾਂ ਲੁੱਟ-ਪੁੱਟ ਕੇ ਵੀਰਾਂ ਨੇ ਢਿਡ ਵਿਚ ਪਾ ਲਈ, ਰਹਿੰਦੀ ਕਸਰ ਸਰਕਾਰ ਨੇ ਕੱਢ ਦਿੱਤੀ। ਸੜਕ ਚੌੜੀ ਕਰਨ ਲਈ ਘਰ ਢਾਹ ਦੇਣਾ ਹੈ। (ਅਜੇ ਢਾਹਿਆ ਨਹੀਂ, ਕਦੋਂ ਇਹ ਮਿਹਰਬਾਨੀ ਕਰਦੇ ਹਨ, ਸਰਕਾਰ ਦੀਆਂ ਸਰਕਾਰ ਜਾਣੇ)।

ਨੰਗ ਮਲੰਗ ਹੋ ਕੇ, ਬੇਯਾਰੋ ਮਦਦਗਾਰ ਹੋ ਕੇ ਜੀਵਨ-ਨਿਰਬਾਹ ਕਰਨ ਦਾ ਜੋ ਲੁਤਫ਼ ਤੇ ਸਕੂਨ ਹੁੰਦਾ ਹੈ, ਉਸ ਦਾ ਹੁਣ ਆਣ ਕੇ ਤਜਰਬਾ ਹੋਇਆ। ਮਿਰਜ਼ਾ ਗ਼ਾਲਬ ਇਸ ਦੀ ਇਉਂ ਗੁਆਹੀ ਭਰਦੇ ਹਨ :

ਨਾ ਲੁਟਤਾ ਦਿਨ ਕੋ ਤੋ ਕਬ ਰਾਤ ਕੋ ਯੂੰ ਬੇਖ਼ਬਰ ਸੋਤਾ।
ਰਹਾ ਖਟਕਾ ਨਾ ਚੋਰੀ ਕਾ, ਦੁਆ ਦੇਤਾ ਹੂੰ ਰਾਹਜ਼ਨ ਕੋ।

ਹੱਕ ਦਬਾਉਣ ਵਾਲਿਆਂ ਦਾ ਭਲਾ ਹੋਵੇ ਕਿ ਸਭ ਚਿੰਤਾਵਾਂ ਤੇ ਫ਼ਿਕਰ ਮੁਕਾਅ ਦਿੱਤੇ ਹਨ। ਕਿਸੇ ਕੋਨੇ ਵਿਚ ਬੈਠ ਕੇ ਜਿੰਨਾ ਹੋ ਸਕਿਆ, ਦਾਲ-ਦਲੀਆ ਬਣਾ ਕੇ ਪੇਸ਼ ਕਰਦਾ ਰਹਾਂਗਾ।

ਅੰਤ ਵਿਚ ਮੈਂ ਰਿਣੀ ਹਾਂ ਆਪਣੇ ਜਾਨ ਨਾਲੋਂ ਪਿਆਰੇ ਵੀਰਾਂ ਇਕਬਾਲ ਸਿੰਘ ਤੇ ਦਿਲਬਾਗ ਸਿੰਘ ਦਾ, ਜਿਨ੍ਹਾਂ ਆਪਣੇ ਰੁੰਡ-ਮਰੁੰਡੇ ਤੇ ਭਸੂ-ਖੇਹ ਕਰ ਕੇ ਦਿੱਤੇ ਹਿੱਸਿਆਂ ਵਿਚੋਂ ਵੀ ਵੰਡ ਕੇ ਮੈਨੂੰ ਦੇਣ ਦੀ ਪੇਸ਼ਕਸ਼ ਕੀਤੀ ਅਤੇ

ਕਲਮ ਚਲਦਾ ਰੱਖਣ ਲਈ ਹੱਲਾ-ਸ਼ੇਰੀ ਦੇ ਰਹੇ ਹਨ। ਵਾਹਿਗੁਰੂ ਸਹਾਈ ਹੋਣਗੇ। ਮੈਂ ਸਿਰ ਪਈ ਕਟ ਲਵਾਂਗਾ, ਪਰ ਆਪਣੇ ਛੋਟੇ ਵੀਰਾਂ 'ਤੇ ਬੋਝ ਨਹੀਂ ਬਣਾਂਗਾ।

ਦਿਲੀ ਧੰਨਵਾਦ ਕਰਦਾ ਹਾਂ ਸ: ਸਤਿਨਾਮ ਸਿੰਘ ਵਡਾਲਾ ਵੀਰਮ, ਸ: ਜਗੀਰ ਸਿੰਘ ਮਾੜੀ ਮੇਘਾ, ਸ: ਕੰਵਰਜੀਤ ਸਿੰਘ ਅਕਬਰਪੁਰਾ, ਸ: ਗੁਰਚਰਨ ਸਿੰਘ ਮਰਗਿੰਦਪੁਰਾ, ਦੋਵੇਂ ਸਰਦਾਰ ਹਰਜਿੰਦਰ ਸਿੰਘ ਪੱਟੀ ਵਾਲੇ, ਸ: ਸਵਰਨਜੀਤ ਸਿੰਘ ਚੂਸਲੇਵੜ੍ਹ ਤੇ ਸ: ਦਵਿੰਦਰ ਸਿੰਘ ਢਿਲੋਂ ਕੈਰੋਂ, ਜਿਨ੍ਹਾਂ ਅਸਲ ਸੱਕੇ ਭਰਾਵਾਂ ਵਾਲਾ ਪੱਖ ਪੂਰਿਆ। ਹਰ ਸਮੇਂ ਸੰਭਵ ਸਹਾਇਤਾ ਲਈ ਸਦਾ ਤਤਪਰ ਨਜ਼ਰ ਆਏ।

ਭਾਈ ਤਾਰੂ ਸਿੰਘ ਜੀ ਪੂਹਲਾ ਬਾਰੇ ਬਾਰੀਕੀ ਵਿਚ ਜਾ ਕੇ ਜਾਣਕਾਰੀ ਹਾਸਲ ਕਰਨ ਲਈ ਪੂਹਲੇ ਵਾਸੀ ਸ: ਕੁੰਦਨ ਸਿੰਘ ਨੂੰ ਕਣਕ ਵਢਦਿਆਂ ਹਟਾ ਕੇ ਪਿੰਡੋਂ ਵਹੀਆਂ ਲਿਆਉਣ ਲਈ ਬੇਨਤੀ ਕੀਤੀ। ਉਸ ਦੇ ਕੰਮ ਦਾ ਹਰਜ ਨਾ ਹੋਵੇ, ਮੈਂ ਉਸ ਦੇ ਥਾਂ ਕਣਕ ਵਢਣ ਲਈ ਦਾਤਰੀ ਫੜ ਲਈ ਤਾਂ ਸ: ਜਗੀਰ ਸਿੰਘ, ਜੋ ਉਸ ਸਮੇਂ ਮੇਰੇ ਸਾਥ ਸੀ, ਮੇਰੇ ਨਾਲ ਹੀ ਕਣਕ ਵਢਣ ਲਈ ਬੈਠ ਗਿਆ। ਸ: ਕੁੰਦਨ ਸਿੰਘ ਦਾ ਦਿਲ ਭਰ ਆਇਆ ਤੇ ਉਸ ਨੇ ਸਾਨੂੰ ਰੋਕ ਦਿੱਤਾ। ਪ੍ਰੇਮ ਦਾ ਬੱਧਾ ਸਾਡੇ ਨਾਲ ਪਿੰਡ ਨੂੰ ਹੋ ਤੁਰਿਆ।

ਮੇਰੇ ਪਾਸ ਸ਼ਬਦ ਨਹੀਂ ਕਿ ਇਨ੍ਹਾਂ ਦਾ ਧੰਨਵਾਦ ਕਰ ਸਕਾਂ। ਤੁਹਾਡੇ ਅਹਿਸਾਨ ਸਦਾ ਮੇਰੀ ਗਰਦਨ 'ਤੇ ਰਹਿਣਗੇ। ਮੇਰੇ ਹੋਣ ਵਾਲੇ ਇਕ ਮੇਜਰ ਉਪਰੇਸ਼ਨ ਨੂੰ ਟਾਲ ਕੇ ਦੁਆਈਆਂ ਰਾਹੀਂ ਹੀ ਨੁਕਸ ਦੂਰ ਕਰਨ ਲਈ ਸ: ਸਤਿਨਾਮ ਸਿੰਘ ਨੇ ਜੋ ਕੋਸ਼ਿਸ਼ਾਂ ਕੀਤੀਆਂ, ਭਾਵੇਂ ਫਿਰ ਵੀ ਗੱਲ ਉਪਰੇਸ਼ਨ ਕਰਾਉਣ ਨਾਲ ਹੀ ਨਿਬੜੀ, ਮੇਰੀ ਯਾਦਾਸ਼ਤ ਦੀ ਪੱਟੀ 'ਤੇ ਸਦਾ ਅੰਕਤ ਰਹਿਣਗੀਆਂ।

ਪਿਤਾ ਸਮਾਨ ਭਾਈ ਸੇਵਾ ਸਿੰਘ ਜੀ ਮੈਨੂੰ ਉਤਸ਼ਾਹਤ ਕਰਨ ਲਈ ਸਦਾ ਹੀ ਪ੍ਰੇਰਨਾ ਦਾ ਸ੍ਰੋਤ ਬਣੇ ਰਹੇ, ਜਿਨ੍ਹਾਂ ਦਾ ਸਿਖ ਇਤਿਹਾਸ ਨਾਲ ਪ੍ਰੇਮ ਕਿਸੇ ਵੀ ਪੈਮਾਨੇ ਨਾਲ ਮਿਣਿਆ ਨਹੀਂ ਜਾ ਸਕਦਾ। ਨਿੱਕੇ ਜਿਹੇ ਸਰੀਰ ਵਿਚ ਈਸ਼ਵਰ ਨੇ ਏਨੀ ਸ਼ਕਤੀ ਤੇ ਹੌਸਲਾ ਭਰ ਦਿੱਤਾ ਹੈ ਕਿ ਕਾਦਿਰ ਦੀ ਕੁਦਰਤ ਅਗੇ ਸਿਰ ਝੁਕਾਇਆਂ ਹੀ ਗੱਲ ਬ਼ਣਦੀ ਹੈ।

ਮੇਰੇ ਵਲੋਂ ਇਹ ਨਿਗੂਣ ਜਿਹਾ ਢੋਆ ਜੇ ਮੇਰੇ ਸੁਹਿਰਦ ਪਾਠਕਾਂ ਨੇ ਕਬੂਲ ਕਰ ਲਿਆ ਤਾਂ ਬਹੁਤ ਜਲਦੀ ਖ਼ਾਲਸਾ ਜੀ ਦੀ ਅਹਿਮਦ ਸ਼ਾਹ ਅਬਦਾਲੀ ਨਾਲ ਹੋਈ ਟੱਕਰ ਦਾ ਲੇਖ ਚੁਕਾਉਣ ਦਾ ਸਾਹਸ ਕਰਾਂਗਾ।

ਸਵਰਨ ਸਿੰਘ

ਚੂਸਲੇਵੜ੍ਹ-੧੪੩ ੩੦੪
ਬਰਾਸਤਾ ਕੱਚਾ ਪੱਕਾ,
ਤਹਿ: ਪੱਟੀ (ਅੰਮ੍ਰਿਤਸਰ)

੧੪-੧੨-੯੬

ਪੁਸਤਕ ਬਾਰੇ

ਇਸ ਪੁਸਤਕ ਵਿਚ ਦਸਿਆ ਗਿਆ ਹੈ ਕਿ ਸ਼ਹੀਦ ਭਾਈ ਤਾਰਾ ਸਿੰਘ ਜੀ ਦੇ ਪਿਤਾ ਭਾਈ ਗੁਰਦਾਸ ਨੇ ਦਸਮੇਸ਼ ਜੀ ਦੇ ਸਮੇਂ ਅੰਮ੍ਰਿਤ ਛਕਿਆ ਸੀ ਅਤੇ ਭਾਈ ਗੁਰਦਾਸ ਸਿੰਘ ਨੇ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਵਿਚ ਤਕੜਾ ਹਿੱਸਾ ਪਾਇਆ ਸੀ। ਆਪ ਦੇ ਪੰਜ ਪੁੱਤਰਾਂ ਵਿਚੋਂ ਵੱਡਾ ਭਾਈ ਤਾਰਾ ਸਿੰਘ ਸੀ। ਭਾਈ ਤਾਰਾ ਸਿੰਘ, ਭਾਈ ਮਨੀ ਸਿੰਘ ਜੀ ਦੀ ਜਥੇਦਾਰੀ ਵਿਚ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਸਿੰਘ ਸੱਜ ਗਿਆ। ਅੰਮ੍ਰਿਤ ਛਕਣ ਤੋਂ ਪਹਿਲਾਂ ਆਪਣੀ ਖੇਤੀ ਦੀ ਵਾਹੀ-ਜੋਤੀ ਦਾ ਮੁਖੀ ਭਾਈ ਤਾਰਾ ਸਿੰਘ ਹੀ ਸੀ, ਅਤੇ ਇਨ੍ਹਾਂ ਦੀ ਜ਼ਮੀਨ 'ਵਾਂ' ਪਿੰਡ ਦੇ ਨਾਲ ਹੀ ਲਗਦੀ ਸੀ। ਪਿਛੋਂ ਜਾ ਕੇ ਆਪਣੇ ਇਕ ਖੇਤ ਦੀ ਪਿਛਲੀ ਨੁਕਰ ਵਿਚ ਡਾਢਾ ਖੁਲ੍ਹਾ ਜਿਹਾ ਵਾੜਾ ਵਲ਼ ਲਿਆ, ਜੋ ਕਿੱਕਰ ਜੰਡ ਕ੍ਰੀਰ ਤੇ ਮਲ੍ਹੇ ਬੇਰੀਆਂ ਦੇ ਛਾਪਿਆਂ ਨੂੰ ਆਪਸ ਵਿਚ ਫਸਾ ਕੇ ਵਲ਼ਿਆ ਹੋਇਆ ਸੀ, ਅਤੇ ਇਕ ਕਿਲ੍ਹੇ ਵਾਂਗ ਸਿੰਘਾਂ ਦਾ ਓਟ-ਆਸਰਾ ਸੀ। ਇਸ ਦੇ ਹੇਠੋਂ, ਉਤੋਂ ਜਾਂ ਵਿਚੋਂ-ਦੀ ਲੰਘਣਾ ਅਸੰਭਵ ਸੀ। ਵਾੜੇ ਦੀ ਕੰਧ ਇੰਨੀ ਉੱਚੀ ਸੀ ਕਿ ਘੋੜ-ਸਵਾਰ ਘੋੜਾ ਟਪਾਅ ਕੇ ਅੰਦਰ ਨਹੀਂ ਸੀ ਜਾ ਸਕਦਾ, ਊਠ ਦਾ ਸਵਾਰ ਵੀ ਚੜ੍ਹਿਆ ਚੜ੍ਹਾਇਆ ਵਾੜੇ ਉਤੋਂ ਦੀ ਅੰਦਰ ਝਾਕ ਨਹੀਂ ਸੀ ਸਕਦਾ। ਵਾੜੇ ਦੇ ਦੁਆਲੇ ਸੰਘਣੇ ਜੰਡ, ਫਲਾਈ ਤੇ ਕਿੱਕਰਾਂ ਆਦਿ ਸਨ। ਵਾੜੇ ਦਾ ਕੇਵਲ ਇਕੋ ਫਲ੍ਹਾ ਸੀ, ਜੋ ਅੰਦਰੋਂ ਬੰਦ ਹੋ ਜਾਂਦਾ ਸੀ। ਵਾੜੇ ਅੰਦਰ ਕੁਝ ਕੁਲੀਆਂ ਤੇ ਛੰਨਾਂ ਜਿਹੀਆਂ ਬਣੀਆਂ ਹੋਈਆਂ ਸਨ। ਇਨ੍ਹਾਂ ਕੁਲੀਆਂ ਛੰਨਾਂ ਦੇ ਸਾਹਮਣੇ ਹੀ ਇਕ ਵਾਹਵਾ ਚੌੜਾ ਤੇ ਡੂੰਘਾ ਟੋਆ ਪੁਟਿਆ ਹੋਇਆ ਸੀ, ਜਿਸ ਵਿਚ ਵੱਡੇ ਵੱਡੇ ਬ੍ਰਿਛਾਂ ਦੇ ਮੁਢ ਸੁੱਟ ਕੇ ਅੱਗ ਲਾ ਦਿੱਤੀ ਜਾਂਦੀ ਅਤੇ ਸਿਆਲ ਵਿਚ ਇਹ ਦਿਨ ਰਾਤ ਹਰ ਵੇਲੇ ਮਘਦਾ ਰਹਿੰਦਾ। ਇਹ ਸਦਾ-ਮਘਦਾ-ਅੰਗੀਠਾ ਖਾੜਕੂ ਸਿੰਘਾਂ ਲਈ ਸਿਆਲ ਵਿਚ

ਬੜਾ ਵੱਡਾ ਸਹਾਰਾ ਸੀ।

ਮੁਗ਼ਲ ਹਕੂਮਤ ਨੇ ਜਦ ਸਿੰਘਾਂ ਉੱਤੇ ਅੱਤ ਦਰਜੇ ਦੀਆਂ ਸਖ਼ਤੀਆਂ ਅਰੰਭੀਆਂ ਹੋਈਆਂ ਸਨ ਤਾਂ ਖਾੜਕੂ ਸਿੰਘਾਂ ਨੇ ਘਰ-ਬਾਰ ਛੱਡ ਕੇ ਜੰਗਲਾਂ ਬੇਲਿਆਂ ਵਿਚ ਜਾ ਆਸਰਾ ਲਿਆ। ਸਰਕਾਰੀ ਹਾਲਾ-ਮਾਲੀਆ ਲੈ ਜਾਣ ਵਾਲੇ ਗੱਡਿਆਂ, ਆਂਦੇ ਜਾਂਦੇ ਸਰਕਾਰੀ ਖ਼ਜ਼ਾਨਿਆਂ, ਮੁਗ਼ਲ ਜਾਂ ਪਠਾਣ ਸੌਦਾਗਰਾਂ ਦੇ ਮਾਲ ਨਾਲ ਲੱਦੇ ਹੋਏ ਕਾਫ਼ਲਿਆਂ ਤੋਂ ਖਾੜਕੂ ਸਿੰਘ ਆਪਣੀਆਂ ਲੋੜਾਂ-ਥੋੜਾਂ ਪੂਰੀਆਂ ਕਰਦੇ ਅਤੇ ਮਾਰਾਂ ਧਾੜਾਂ ਕਰ ਕੇ ਜਦ ਇਸ ਵਾੜੇ ਵਿਚ ਆ ਟਿਕਦੇ ਤਾਂ ਅੱਗ ਦਾ ਨਿੱਘ ਲੈਂਦੇ, ਲੰਗਰ ਪਾਣੀ ਛਕਦੇ, ਨੀਂਦਰਾ ਤੇ ਥਕੇਵਾਂ ਭੰਨਦੇ ਅਤੇ ਸੂਰਜ ਚੜ੍ਹੇ ਤੋਂ ਪਹਿਲੋਂ ਹੀ ਉਥੋਂ ਨਿਕਲ ਕੇ ਕਿਸੇ ਨਵੇਂ ਸ਼ਿਕਾਰ ਦੇ ਮਗਰ ਲਗ ਜਾਂਦੇ।

ਭਾਈ ਤਾਰੂ ਸਿੰਘ ਜੀ ਕਰਣੀ-ਕਮਾਈ ਵਾਲੇ ਸਤਿਗੁਰੂ ਦੇ ਅਨਿੰਨ ਸੇਵਕ ਸਨ ਅਤੇ ਗੁਰਬਾਣੀ ਦੇ ਹੁਕਮਾਂ 'ਤੇ ਪੂਰਨ ਵਿਸ਼ਵਾਸ ਰਖਦੇ ਸਨ। ਆਪਣੀ ਕਿਰਤ-ਕਮਾਈ ਦੂਜਿਆਂ ਨਾਲ ਵੰਡ ਕੇ ਛਕਣ ਵਾਲੇ, ਮਾੜਿਆਂ ਤੇ ਦੁਖਿਆਰਿਆਂ ਦੀ ਬਾਂਹ ਫੜਨ ਵਾਲੇ, ਪਰ ਇਕ ਅਕਾਲ ਤੋਂ ਬਿਨਾਂ ਕਿਸੇ ਦਾ ਭੈ ਨਾ ਮੰਨਣ ਵਾਲੇ, ਅਡੋਲ ਤੇ ਅਜਿਤ ਰਾਠ ਸਿੰਘਾਂ ਵਿਚੋਂ ਸਨ। ਆਪ ਨੂੰ 'ਭਾਈ ਤਾਰਾ ਹਠੀਲਾ' ਕਿਹਾ ਜਾਂਦਾ ਸੀ। ਆਪ ਦਾ ਲੰਗਰ ਅੱਠੇ ਪਹਿਰ ਚਾਲੂ ਰਹਿੰਦਾ ਅਤੇ ਹਰੇਕ ਆਂਦਾ ਜਾਂਦਾ ਸਿੰਘ ਇਥੋਂ ਜਲ-ਪਾਣੀ ਤੇ ਲੰਗਰ ਛੱਕ ਕੇ ਜਾਂਦਾ।

ਨੁਸ਼ਹਿਰੇ ਢਾਲੇ ਦਾ ਚੌਧਰੀ ਸਾਹਿਬ ਰਾਏ ਬੜਾ ਹੈਂਕੜਬਾਜ਼ ਅਤੇ ਸੀਨਾ-ਜ਼ੋਰ ਸੀ। ਲਾਗਲਾ ਪਿੰਡ 'ਪਢਾਣਾ' ਇਸ ਦੇ ਤਪੇ ਵਿਚ ਸੀ। ਇਥੋਂ ਦੇ ਵਸਨੀਕ ਭਾਈ ਮਾਲੀ ਸਿੰਘ ਤੇ ਭਾਈ ਗੁਰਬਖ਼ਸ਼ ਸਿੰਘ ਨਾਲ ਖਹਿਬਾਜ਼ੀ ਰਖਦਾ ਅਤੇ ਇਨ੍ਹਾਂ ਦੀਆਂ ਲਵੀਆਂ ਕਣਕਾਂ ਵਿਚ ਆਪਣੀਆਂ ਘੋੜੀਆਂ ਖੁਲ੍ਹੀਆਂ ਹੀ ਚਰਨੀਆਂ ਛੱਡ ਦਿੰਦਾ, ਜੋ ਫ਼ਸਲ ਦਾ ਬਹੁਤ ਨੁਕਸਾਨ ਕਰਦੀਆਂ। ਸਿੰਘਾਂ ਚੌਧਰੀ ਨੂੰ ਧੀਰਜ ਨਾਲ ਮਿੰਨਤ-ਤਰਲਾ ਲੈਂਦਿਆਂ ਆਖਿਆ ਕਿ ਫ਼ਸਲ ਦਾ ਬਹੁਤ ਨੁਕਸਾਨ ਹੋ ਗਿਆ ਹੈ, ਹੁਣ ਘੋੜੀਆਂ ਨੂੰ ਸਾਂਭ ਕੇ ਰਖਣ ਵਿਚ ਹੀ ਭਲਾ ਹੈ। ਪਰ ਲੋਹਾ-ਲਾਖੇ ਹੋਏ ਚੌਧਰੀ ਨੇ ਉਲਟਾ ਮੌਤ ਦੇ ਡਰਾਵੇ ਤੇ ਦਾੜ੍ਹੀ ਕੇਸਾਂ ਦੇ ਰੱਸੇ ਵੱਟਣ ਦੇ ਕੁਬੋਲ ਬੋਲ ਬੋਲੇ। ਸਿੰਘ ਗੁੱਸਾ ਪੀ ਕੇ ਤੁਰ ਪਏ ਅਤੇ

'ਭੁੱਸੇ' ਪਿੰਡ ਦੇ ਬਘੇਲ ਸਿੰਘ ਅਮਰ ਸਿੰਘ ਰਾਹੀਂ ਘੋੜੀਆਂ ਕਢਾ ਕੇ ਕਿਤੇ ਦੀਆਂ ਕਿਤੇ ਤੋਰ ਦਿੱਤੀਆਂ। ਆਪਣੇ ਟੱਬਰ-ਟੀਰ ਪੇਕੇ ਤੋਰ ਕੇ ਵਾੜੇ ਵਿਚ ਆ ਗਏ। ਚੌਧਰੀ ਵੀ ਕੁਝ ਲੱਠ-ਬਾਜ਼ਾਂ ਸਮੇਤ ਪੈੜ ਨਪਦਾ ਵਾੜੇ ਆਣ ਪੁੱਜਾ। ਉਸ ਦੇ ਬੋਲ ਕੁਬੋਲ ਬੋਲਣ 'ਤੇ ਸਿੰਘਾਂ ਨੇ ਉਸ ਦੀ ਜੁੱਤੀਆਂ ਨਾਲ ਮੁਰੰਮਤ ਕਰ ਕੇ ਹੱਡ-ਪੈਰ ਭੰਨ ਕੇ ਉਥੋਂ ਤੋਰਿਆ। ਚੌਧਰੀ ਉਥੋਂ ਸਿੱਧਾ ਪੱਟੀ ਦੇ ਫ਼ੌਜਦਾਰ ਜਾਫ਼ਰ ਬੇਗ ਦੀ ਕਚਹਿਰੀ ਵਿਚ ਜਾ ਰੋਇਆ ਪਿਟਿਆ ਅਤੇ ਕਿੰਨਾ ਕੁ ਸੱਚ-ਝੂਠ ਗੰਢ ਕੇ ਉਸ ਨੂੰ ਖ਼ੂਬ ਤਪਾਇਆ। ਫ਼ੌਜਦਾਰ ਪਿਆਦਾ ਫ਼ੌਜ 80 ਤੇ 50 ਘੋੜ-ਸਵਾਰ ਲੈ ਕੇ ਅੱਧੀ ਰਾਤੇ ਵਾੜੇ ਉਤੇ ਚੜ੍ਹ ਆਇਆ।

ਅੰਮ੍ਰਿਤ ਵੇਲੇ ਭਾਈ ਬਘੇਲ ਸਿੰਘ ਇਕ ਹੱਥ ਪਾਣੀ ਦਾ ਗੜਵਾ ਤੇ ਦੂਜੇ ਹੱਥ ਨੇਜ਼ਾ ਤੇ ਗਾਤਰੇ ਕਿਰਪਾਨ ਪਾਈ ਜੰਗਲ-ਪਾਣੀ ਲਈ ਵਾੜਿਓਂ ਬਾਹਰ ਨਿਕਲਿਆ। ਉਸ ਇਕੱਲੇ ਨੇ ਹੀ ਮੂਹਰੇ ਆਉਂਦੇ ਘੋੜ-ਸਵਾਰਾਂ ਨੂੰ ਰੁੱਖਾਂ ਤੇ ਝਾੜਾਂ ਦੇ ਓਟ ਲੈ ਲੈ ਕੇ ਨੇਜ਼ੇ ਨਾਲ ਉੜੁੰਬ ਉੜੁੰਬ ਕੇ ਭੁੰਜੇ ਸੁੱਟ ਦਿੱਤਾ। ਭਾਵੇਂ ਉਹ ਆਪ ਉਨ੍ਹਾਂ ਵਿਚ ਘਿਰ ਕੇ ਫਟ ਤੇ ਫਟ ਖਾ ਰਿਹਾ ਸੀ, ਪਰ ਵੱਡੇ ਵੱਡੇ ਸੂਰਮੇ ਉਸ ਨੇ ਬੰਨੇ ਲਾ ਦਿੱਤੇ। ਫ਼ੌਜਦਾਰ ਤੇ ਚੌਧਰੀ ਹੁਰੀਂ ਬੜੀ ਮਾਯੂਸੀ ਵਿਚ ਇਧਰ ਉਧਰ ਝਾਕ ਰਹੇ ਸਨ ਕਿ ਪਿਛੋਂ ਪਿਆਦਾ ਫ਼ੌਜ ਨੇ ਆ ਕੇ ਬੰਦੂਕਾਂ ਸਰ ਕਰ ਦਿੱਤੀਆਂ। ਬੰਦੂਕਾਂ ਦੀ ਆਵਾਜ਼ ਸੁਣ ਕੇ ਵਾੜੇ ਅੰਦਰਲੇ ਸਿੰਘ ਖ਼ਬਰਦਾਰ ਹੋ ਗਏ ਅਤੇ ਉਹ ਸਾਰੇ ਤੇਗ਼ਾਂ, ਨੇਜ਼ੇ ਆਦਿ ਸੰਭਾਲ ਕੇ ਬਾਹਰ ਨਿਕਲ ਆਏ। ਭਾਈ ਬਘੇਲ ਸਿੰਘ ਤਾਂ ਸ਼ਹੀਦੀ ਪਾ ਗਏ, ਪਰ ਸਿੰਘਾਂ ਨੂੰ ਵੇਖਦੇ ਸਾਰ ਬਚਿਆ-ਖੁਚਿਆ ਲਸ਼ਕਰ ਪਿਛਾਂਹ ਨੂੰ ਨੱਠ ਗਿਆ। ਪੱਟੀ ਦਾ ਫ਼ੌਜਦਾਰ ਲਾਸ਼ਾਂ ਨੂੰ ਗੱਡਿਆਂ ਵਿਚ ਲੱਦ ਕੇ ਲਾਹੌਰ ਖ਼ਾਨ ਬਹਾਦਰ ਦੀ ਕਚਹਿਰੀ ਪੁੱਜਾ ਅਤੇ ਦੁਹਾਈਆਂ ਪਾ ਪਾ ਕੇ ਸਿੰਘਾਂ ਦੀ ਐਨੀ ਤਾਕਤ ਦੱਸੀ ਕਿ ਸਾਰੀ ਕਚਹਿਰੀ ਹੈਰਾਨ ਪਰੇਸ਼ਾਨ ਹੋ ਗਈ। ਖ਼ਾਨ ਬਹਾਦਰ ਨੇ ਭਾਈ ਤਾਰਾ ਸਿੰਘ ਦੇ ਵਾੜੇ ਵਲ ਇਕ ਤਕੜਾ ਲਸ਼ਕਰ ਆਪਣੇ ਚੌਣਵੇਂ ਜਰਨੈਲ ਮੋਮਨ ਖ਼ਾਨ ਦੀ ਕਮਾਨ ਹੇਠ ਭੇਜ ਦਿੱਤਾ।

ਮੁਗ਼ਲ ਫ਼ੌਜਾਂ ਦਾ ਭਾਰੀ ਲਸ਼ਕਰ ਆਉਂਦਾ ਸੁਣ ਕੇ ਸਿੰਘ ਵੀ ਕਾਫ਼ੀ ਗਿਣਤੀ ਵਿਚ ਆ ਇਕੱਠੇ ਹੋਏ। ਕਈ ਵਿਚਾਰਾਂ ਪਿਛੋਂ ਸਿੰਘਾਂ ਫ਼ੈਸਲਾ ਕੀਤਾ ਕਿ ਏਡੀ ਭਾਰੀ ਫ਼ੌਜ ਦੇ ਟਾਕਰੇ ਵਿਚ ਸ਼ਹੀਦੀਆਂ ਪਾਉਣ ਦੀ ਥਾਂ ਕੁਝ ਦਿਨਾਂ

ਲਈ ਇਧਰ ਉਧਰ ਹੋ ਜਾਣਾ ਹੀ ਠੀਕ ਹੈ। ਸਾਰੇ ਸਿੰਘ ਵਹੀਰ ਦੀ ਸ਼ਕਲ ਵਿਚ ਮਾਲਵੇ ਵੱਲ ਜਾਣ ਲਈ ਸਤਲੁਜ ਦੇ ਪੱਤਣ ਬਹਾਦਰ ਨਗਰ ਜਾ ਰੁਕਿਆ। ਉਥੇ ਭਾਈ ਤਾਰਾ ਸਿੰਘ ਜੀ ਨੇ ਗੁਰੂ ਮਹਾਰਾਜ ਦੀ ਆਗਿਆ ਲੈਣ ਲਈ ਗਾਤਰੇ ਵਿਚੋਂ 'ਦਸ ਗ੍ਰੰਥੀ' ਕੱਢ ਕੇ ਹੁਕਮ ਲਿਆ ਤਾਂ 'ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ, ਤੋ ਕਿਹ ਕੁੰਟ ਕਹੋ ਭਜਿ ਜਈਐ....." ਦਾ ਹੁਕਮ ਆਇਆ। ਭਾਈ ਸਾਹਿਬ ਨੇ ਕਿਹਾ ਕਿ ਸ਼ਹੀਦ ਹੋਣ ਦਾ ਹੁਕਮ ਹੈ, ਹੁਣ ਅਸੀਂ ਪਾਰ ਨਹੀਂ ਜਾ ਸਕਦੇ। ਅਖ਼ੀਰ ਭਾਈ ਸਾਹਿਬ ੧੯ ਸਿੰਘਾਂ ਸਮੇਤ ਸ਼ਹੀਦੀਆਂ ਪਾਉਣ ਲਈ ਮੁੜ ਆਏ ਤੇ ਬਾਕੀ ਸਾਰੇ ਸਿੰਘ ਦਰਿਆ ਪਾਰ ਕਰ ਕੇ ਮਾਲਵੇ ਨੂੰ ਚਲੇ ਗਏ।

ਸਿੰਘ ਸ਼ਹੀਦੀਆਂ ਪਾਉਣ ਦੇ ਉਤਸ਼ਾਹ ਉਮਾਹ ਵਿਚ ਵਾੜੇ ਵਿਚ ਆ ਕੇ ਡਟ ਗਏ। ਕਈ ਪਾਸਿਆਂ ਤੋਂ ਉਨ੍ਹਾਂ 'ਤੇ ਜ਼ੋਰ ਦਿੱਤਾ ਗਿਆ ਕਿ ਦੋ ਚਾਰ ਦਿਨਾਂ ਲਈ ਵਾੜੇ ਤੋਂ ਇਧਰ ਉਧਰ ਹੋ ਜਾਉ, ਫ਼ੌਜ ਆਪੇ ਉਡੀਕ ਉਡੀਕ ਕੇ ਵਾਪਸ ਮੁੜ ਜਾਏਗੀ, ਪਰ ਸਿੰਘ ਸ਼ਹੀਦੀਆਂ ਪਾਉਣ ਤੋਂ ਰਤਾ ਨਾ ਡੋਲੇ। ਘਵਿੰਡ ਪਿੰਡ ਦਾ ਨੰਬਰਦਾਰ ਸੂਹੀਆ ਬਣ ਕੇ ਫ਼ੌਜ ਨੂੰ 'ਡਲ' ਪਿੰਡ ਛੱਡ ਆਇਆ। ਉਥੇ ਦੇ ਨੰਬਰਦਾਰ ਨੇ ਫ਼ੌਜ ਨੂੰ ਖੁਆਂਦਿਆਂ ਪਿਆਂਦਿਆਂ ਹਮਲਾ ਕਰਨ ਲਈ ਰਾਤ ਦਾ ਸਮਾਂ ਉਥੇ ਹੀ ਬਿਤਾਅ ਦਿੱਤਾ। ਸਿੰਘ ਕੇਸੀ ਇਸ਼ਨਾਨ ਕਰ ਕੇ ਸ਼ਸਤਰ ਸਜਾਅ ਕੇ ਜੰਡਾਂ ਕਰੀਰਾਂ ਦੀ ਓਟ ਵਿਚ ਤਿਆਰ ਖੜੇ ਵੈਰੀ ਦਲ ਨੂੰ ਉਡੀਕ ਰਹੇ ਸਨ। ਉਨ੍ਹਾਂ ਧੌਂਸੇ 'ਤੇ ਚੋਟ ਲਾਈ ਅਤੇ 'ਅਕਾਲ ਅਕਾਲ' ਦੇ ਜੈਕਾਰੇ ਗੂੰਜਾਏ। ਸੂਰਜ ਚੜ੍ਹੇ ਮੋਮਨ ਖ਼ਾਨ ਲਸ਼ਕਰ ਨੂੰ ਲੈ ਕੇ ਨਗਾਰੇ ਦੀ ਗੂੰਜ ਦੀ ਸੇਧ ਵਿਚ ਵਾੜੇ ਵੱਲ ਆ ਪੁੱਜਾ। ਆਉਂਦਿਆਂ ਘੋਰ ਦੀ ਲੜਾਈ ਮੱਚ ਗਈ। ਸਿੰਘਾਂ ਨੇ ਜਿਸ ਸੂਰਮਗਤੀ ਨਾਲ ਤੀਰਾਂ, ਨੇਜ਼ਿਆਂ ਅਤੇ ਕਿਰਪਾਨਾਂ ਨਾਲ ਉਨ੍ਹਾਂ ਦਾ ਸੁਆਗਤ ਕੀਤਾ, ਉਹ ਵੇਖਣ ਨਾਲ ਹੀ ਸੰਬੰਧ ਰਖਦਾ ਹੈ। ਫ਼ੌਜੀ ਅਫ਼ਸਰ ਤੱਕੀ ਬੇਗ ਨੂੰ ਫਟੜ ਕਰ ਕੇ ਭਜਾਅ ਦਿੱਤਾ, ਮੁਰੀਦ ਖ਼ਾਨ (ਚੇਲਾ) ਵੀ ਸਿੰਘਾਂ ਹਉਦੇ ਵਿਚ ਹੀ ਵਿੰਨ੍ਹ ਦਿੱਤਾ, ਮਨਸਾ ਰਾਮ ਤੇ ਦਯਾ ਰਾਮ ਪੂਰਬੀਏ ਅਫ਼ਸਰ ਵੀ ਚਿਤ ਕਰ ਦਿੱਤੇ।

ਇਸੇ ਦੌਰਾਨ 'ਕਰਬਾਠ' ਪਿੰਡ ਦੇ ਦੋ ਸਿੰਘ ਗੱਡਿਆਂ 'ਤੇ ਕੱਲਰ ਲੈਣ 'ਵਾਂ' ਵਲ ਆਏ। ਦੋਹਾਂ ਨੂੰ ਭਾਈ ਤਾਰਾ ਸਿੰਘ ਜੀ ਦੇ ਵਾੜੇ 'ਤੇ ਲੜਾਈ ਭਖੀ ਹੋਣ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਨੂੰ ਵੀ ਧਰਮ-ਯੁੱਧ ਦਾ ਚਾਅ ਚੜ੍ਹ ਗਿਆ।

ਗੱਡੇ ਉਥੇ ਹੀ ਛੱਡ ਕੇ ਤੁਰਕਾਨੀ ਫ਼ੌਜ ਨੂੰ ਪਿਛੋਂ ਜਾ ਪਏ ਅਤੇ ਐਸੀ ਵਢ-ਟੁਕ ਕੀਤੀ ਕਿ ਫ਼ੌਜ ਵਿਚ ਹੱਲ-ਚੱਲ ਮੱਚ ਗਈ। ਦੋਵੇਂ ਸੂਰਮੇ ਫ਼ੌਜ ਵਿਚ-ਦੀ ਵਢਦੇ-ਕਟਦੇ ਸਿੰਘਾਂ ਨਾਲ ਜਾ ਰਲੇ। ਸਾਰਿਆਂ ਮਿਲ ਕੇ ਜੈਕਾਰਾ ਗਜਾਇਆ ਤਾਂ ਫ਼ੌਜੀਆਂ ਵਿਚ ਭਗਦੜ ਮੱਚ ਗਈ ਤੇ ਉਹ ਪਿਛਾਂਹ ਨੂੰ ਨੱਸ ਤੁਰੇ।

ਭੱਜੇ ਜਾਂਦਿਆਂ ਨੂੰ ਮੋਮਨ ਖ਼ਾਨ ਨੇ ਦੀਨ ਦਾ ਵਾਸਤਾ ਪਾ ਕੇ ਯਕੀਨ ਦਿਵਾਇਆ ਕਿ ਸਿੰਘ ਥੋੜੇ ਹੀ ਬਾਕੀ ਹਨ। ਮੁੜ ਕੇ ਜ਼ੋਰ ਦਾ ਹੱਲਾ ਕੀਤਾ ਗਿਆ ਅਤੇ ਲੜਾਈ ਪੂਰੇ ਜ਼ੋਰਾਂ ਵਿਚ ਭੱਖ ਪਈ। ਹੁਣ ਤੱਕ ਕਾਫ਼ੀ ਸਿੰਘ ਸ਼ਹੀਦੀਆਂ ਪਾ ਚੁੱਕੇ ਸਨ, ਬਾਕੀ ਵੀ ਸੂਰਜ ਡੁੱਬਣ ਤਕ ਜ਼ਾਲਮ ਦਲ ਦੇ ਆਹੂ ਲਾਂਦਿਆਂ ਪੁਰਜ਼ਾ ਪੁਰਜ਼ਾ ਹੋ ਕੇ ਸ਼ਹੀਦੀਆਂ ਪਾ ਗਏ। ਭਾਈ ਤਾਰਾ ਸਿੰਘ ਜੀ ਆਖ਼ਰੀ ਦਮ ਤਕ ਦੁਸ਼ਮਣ ਲਈ ਮੌਤ ਬਣਿਆ ਰਿਹਾ। ਸਭ ਸਿੰਘਾਂ ਦੀਆਂ ਸ਼ਹੀਦੀਆਂ ਪਾਉਣ ਪਿਛੋਂ ਭਾਈ ਸਾਹਿਬ ਵੀ ਸ਼ਹੀਦੀ ਪਾ ਗਏ। ਕਰਬਾਠੀਏ ਦੋਹਾਂ ਸਿੰਘਾਂ ਸਮੇਤ ਕੁੱਲ ਸਿੰਘ ੨੧ ਹੀ ਸਨ, ਜਦ ਕਿ ਦੂਜੇ ਪਾਸੇ ਇਕ ਭਾਰੀ ਲਸ਼ਕਰ ਤੋਪਾਂ, ਰਹਿਕਲਿਆਂ ਤੇ ਜ਼ੰਬੂਰਿਆਂ ਨਾਲ ਸਨੱਧ-ਬੱਧ ਮੁਕਾਬਲੇ ਵਿਚ ਸੀ। ਸਿੰਘ ਸੈਂਕੜੇ ਵੈਰੀਆਂ ਨੂੰ ਮੌਤ ਦੀ ਨੀਂਦੇ ਸੁਆ ਕੇ ਆਪ ਵੀ ਆਖ਼ਰੀ ਫ਼ਤਹ ਬੁਲਾ ਗਏ।

ਮੁਢਲੇ ਹਾਲਾਤ

ਬੰਦਾ ਸਿੰਘ ਬਹਾਦਰ ਦੀ ਮੁਗ਼ਲ ਸਾਮਰਾਜ ਨਾਲ ਆਖ਼ਰੀ ਟੱਕਰ ਸ਼ਾਲਾਮਾਰ ਬਾਗ (ਲਾਹੌਰ) ਲਾਗੋਂ ਅਰੰਭ ਹੋ ਕੇ ਗੁਰਦਾਸ ਨੰਗਲ (ਜ਼ਿਲਾ ਗੁਰਦਾਸਪੁਰ) ਜਾ ਅੰਤ ਹੋਈ। ਗੁਰਦਾਸ ਨੰਗਲ ਵਿਚ ਬੰਦਾ ਸਿੰਘ ਘਿਰ ਗਿਆ। ਇਹ ਘੇਰਾ ਲਗ ਪਗ ੮ ਮਹੀਨੇ ੧੧ ਦਿਨ ਤਕ ਰਿਹਾ। ਰਸਦ ਪਾਣੀ ਤੇ ਘਾਹ ਪੱਠੇ ਦੀ ਥੁੜ ਨੇ ਬੰਦਾ ਸਿੰਘ ਨੂੰ ਅਬਦੁਲ ਸਮੱਦ ਖ਼ਾਨ ਦਲੇਰ-ਇ-ਜੰਗ ਦੀਆਂ ਝੂਠੀਆਂ ਕਸਮਾਂ 'ਤੇ ਆਧਾਰਤ ਸੁਲਹ ਲਈ ਮਜਬੂਰ ਕਰ ਦਿਤਾ। ਗੜ੍ਹੀ ਦਾ ਬੂਹਾ ਖੁਲ੍ਹਦਿਆਂ ਹੀ ਦੁਸ਼ਮਣ ਧਾ ਕੇ ਅੰਦਰ ਵੜ ਗਿਆ ਤੇ ਘਿਰਿਆਂ ਨੂੰ ਇਕ-ਵਢੋਂ ਬੰਦੀ ਬਣਾ ਲਿਆ। ਜ਼ਖ਼ਮੀ ਤੇ ਬੀਮਾਰ ਸਿਖ ਗੜ੍ਹੀਓਂ ਬਾਹਰ ਲਿਆ ਕੇ ਬੜੀ ਬੇਕਿਰਕੀ ਨਾਲ ਕਤਲਾ ਦਿਤੇ। ਏਥੋਂ ਤਕ ਕਿ ਸੋਨੇ ਦੀਆਂ ਮੁਹਰਾਂ ਲੱਭਣ ਲਈ ਕਿ ਇਨ੍ਹਾਂ ਨਿਗਲ ਨਾ ਲਈਆਂ ਹੋਣ, ਇਨ੍ਹਾਂ ਦੇ ਪੇਟ ਵੀ ਚਾਕ ਕਰ ਸੁਟੇ।

ਘਿਰ ਕੇ ਜਾਂ ਲੜ ਕੇ ਸਿੰਘ ਏਨੇ ਸ਼ਹੀਦ ਨਹੀਂ ਸਨ ਹੋਏ, ਜਿੰਨੇ ਘੇਰੇ ਦੇ ਅਰੰਭ ਵਿਚ। ਬੰਦਾ ਸਿੰਘ ਨੂੰ ਪਤਾ ਸੀ ਕਿ ਘੇਰਾ ਲੰਮਾ ਹੋਵੇਗਾ, ਕਿਉਂਕਿ ਦਿੱਲੀ ਦਾ ਤਖ਼ਤ ਉਸ ਨਾਲ ਇਹ ਫ਼ੈਸਲਾ-ਕੁਨ ਲੜਾਈ ਦੀ ਤਿਆਰੀ ਕਰ ਕੇ ਆਇਆ ਹੈ। ਇਸ ਨੂੰ ਨਜ਼ਰ ਵਿਚ ਰਖਦਿਆਂ ਹੋਇਆਂ ਉਸ ਨੇ ਕਾਫ਼ੀ ਗਿਣਤੀ ਵਿਚ ਆਪਣੇ ਸਾਥੀ ਸਿੰਘ ਰਸਦ ਪਾਣੀ ਤੇ ਘਾਹ ਪੱਠਾ ਇਕੱਠਾ ਕਰਨ ਲਈ ਗੁਰਦਾਸ ਨੰਗਲੋਂ ਬਾਹਰ ਭੇਜ ਦਿਤੇ ਸਨ। ਦੁਸ਼ਮਣ ਬੜੀ ਤੇਜ਼ੀ ਨਾਲ ਮੋਢੀਂ ਚੜ੍ਹਿਆ ਆ ਰਿਹਾ ਸੀ। ਸਿੰਘਾਂ ਦੇ ਖਿਲਰ ਕੇ ਗਏ ਪਿੰਡਾਂ ਵਿਚ ਜਥੇ ਵਿਰਲੇ ਟਾਵੇਂ ਹੀ ਵਾਪਸ ਆਏ ਸਨ, ਕਿਉਂਕਿ ਉਨ੍ਹਾਂ ਦੀ ਬਹੁ-ਗਿਣਤੀ

ਵਿਸਰ-ਭੋਲੇ ਬਾਹਰ ਹੀ ਕਾਬੂ ਆ ਗਈ ਸੀ। ਹਜ਼ਾਰਾਂ ਸਿੰਘ ਬਾਹਰ ਹੀ ਮਾਰ ਦਿਤੇ ਗਏ। ਨਾ ਸਿੰਘ ਮੁੜੇ ਤੇ ਨਾ ਰਸਦ ਆਈ ਅਤੇ ਇਸ ਦੇ ਪਿਛੋਂ ਭਿਆਨਕ ਸਿੱਟੇ ਨਿਕਲੇ।

ਬੰਦਾ ਸਿੰਘ, ਉਸ ਦੇ ਫੜੇ ਗਏ ਚੋਣਵੇਂ ਜਰਨੈਲ (ਛੁਟ ਬਾਬਾ ਬਿਨੋਦ ਸਿੰਘ ਤੇ ਕਾਹਨ ਸਿੰਘ), ਸਮੇਤ ਸਿੰਘਾਂ ਦੇ ਦਿੱਲੀ ਲਿਜਾ ਕੇ ਬੜੀ ਬੇ-ਰਹਿਮੀ ਨਾਲ ਕਤਲ ਕਰ ਦਿਤੇ ਗਏ। ਇਸ ਘਟਨਾ ਨਾਲ ਸਿੱਖਾਂ ਦੀ ਜਥੇ-ਬੰਦਕ ਸ਼ਕਤੀ, ਜਿਸ ਨੇ ਪੰਜਾਬ[1] ਤੇ ਗੰਗ ਦੁਆਬ ਵਿਚ ਮੁਗ਼ਲ ਰਾਜ ਦੇ ਵਕਾਰ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ ਸੀ, ਖੇਰੂੰ ਖੇਰੂੰ ਹੋ ਗਈ। ਅਬਦੁਲ-ਸਮੱਦ ਖ਼ਾਨ ਦਲੇਰਿ-ਜੰਗ ਨੇ ਗੱਲ ਨੂੰ ਏਥੇ ਹੀ ਨਹੀਂ ਰਹਿਣ ਦਿੱਤਾ। ਉਸ ਨੇ ਉਹ ਜਤਨ ਅਰੰਭ ਦਿਤੇ ਕਿ ਜਿਸ ਨਾਲ ਮਾਨੋ ਸਿਖ ਨਾਮ ਦੀ ਕੋਈ ਸ਼ੈ ਛੱਡਣੀ ਹੀ ਨਹੀਂ। ਬੰਦਾ ਸਿੰਘ ਦੀ ਜਥੇਦਾਰੀ ਹੇਠ ਅੰਮ੍ਰਿਤ ਛਕਣ ਵਾਲੇ, ਉਹ ਜੋ

---

੧. ਹਿੰਦੁਸਤਾਨ ਤੇ ਪੰਜਾਬ ਦਾ ਵਰਣਨ ਕਰਦਿਆਂ ਮੇਰੇ ਸਾਹਮਣੇ ੧੯੪੭ ਈ: ਦੀ ਮੰਦਭਾਗੀ ਤੇ ਗ਼ੈਰ-ਕੁਦਰਤੀ ਵੰਡ ਤੋਂ ਪਹਿਲਾਂ ਦਾ ਹਿੰਦੁਸਤਾਨ ਤੇ ਪੰਜਾਬ ਹੈ। ਮੇਰੇ ਸਾਹਮਣੇ ਹਿੰਦੁਸਤਾਨ ਦੀ ਹੱਦ ਬੰਗਾਲ ਦੀ ਖਾੜੀ ਦੇ ਤਟ ਦਾ ਉਹ ਹਿੱਸਾ, ਜਿਸ ਨਾਲ ਅਰਾਕਾਨ ਦੇ ਪਹਾੜਾਂ ਦੀ ਦੱਖਣੀ ਨੋਕ ਆਣ ਲਗਦੀ ਹੈ, ਤੋਂ ਸ਼ੁਰੂ ਹੋ ਕੇ ਏਸੇ ਪਹਾੜ 'ਤੇ ਚਿੰਨਵਿਨ ਦਰਿਆ ਦੇ ਪੱਛਮ ਵਲ ਦੀ ਉੱਤਰ ਨੂੰ ਉਠ ਕੇ ਲਹਿਤ ਚੰਗੇਲੇ ਦੇ ਉੱਤਰ ਵਲ ਦੀ ਲੰਘਦੀ, ਭੂਟਾਨ ਸਿੱਕਮ ਨੂੰ ਵਲ ਕੇ, ਨੇਪਾਲ ਦੇ ਦੱਖਣ ਨਾਲ ਲਗ ਕੇ ਦਮ ਚੋਕ—ਤੇ ਹਾਜੀ ਲੰਗਰ ਨੂੰ ਅੰਦਰ ਲੈ ਕੇ, ਚੀਨ ਦੇ ਨਾਲ ਹੁੰਦੀ, ਧੁਰ ਉੱਤਰ ਤੋਂ ਪੱਛਮ ਵਲ ਢਲ ਕੇ ਚਿਤ੍ਰਾਲ ਦੇ ਪਛਮ ਥਾਣੀਂ ਹੁੰਦੀ ਹੋਈ, ਸਰਹੱਦੀ ਸੂਬੇ ਤੇ ਬਿਲੋਚਿਸਤਾਨ ਦੀ ਪੱਛਮੀ ਹੱਦ ਉਲੀਕਦੀ ਹੋਈ ਈਰਾਨ ਦੇ ਗਵਾਤਾਰ ਤੋਂ ੨੦ ਕਿ: ਮੀ: ਪੂਰਬ ਵਲ ਦੀ ਅਰਬ ਸਾਗਰ ਨਾਲ ਨਾਲ ਆ ਮਿਲਣ ਵਾਲੀ ਹੱਦ ਹੈ। ਫਿਰ ਏਥੋਂ ਸਮੁੰਦਰ ਨਾਲ ਨਾਲ ਹੋ ਕੇ ਜਿਥੋਂ ਤੁਰੇ ਸਾਂ, ਉਥੇ ਆ ਪੁਜਦੇ ਹਾਂ।

ਪੰਜਾਬ ਵੀ ਉਹ ਪੰਜਾਬ ਨਹੀਂ ਜੋ ਢਾਈ ਢਾਈ ਦਰਿਆਵਾਂ ਵਾਲਾ ਪੰਜਾਬ ਹੈ, ਪੂਰਾ ਪੰਜਾਂ ਦਰਿਆਵਾਂ ਵਾਲਾ। ਅਣ-ਵੰਡਿਆ ਹੋਇਆ ਮਾਝਾ, ਜਿਸ ਵਿਚ ਗੁਰਦਾਸਪੁਰ, ਅੰਮ੍ਰਿਤਸਰ ਦੇ ਨਾਲ ਸਮੁੱਚਾ ਲਾਹੌਰ, ਮਿੰਟਗੁਮਰੀ ਜ਼ਿਲੇ (ਸਾਹੀਵਾਲ) ਦੀ ਉੱਤਰੀ ਹੱਦ ਤਕ। ਕਸੂਰ, ਜੋ ਅੱਜ ਪਾਕਿਸਤਾਨ ਦਾ ਜ਼ਿਲਾ ਹੈ, ਵੰਡ ਤੋਂ ਪਹਿਲਾਂ ਇਹ ਲਾਹੌਰ ਦੀ ਇਕ ਤਹਿਸੀਲ ਸੀ। ਇਸ ਲੇਖ ਨਾਲ ਸੰਬੰਧ ਰੱਖਣ ਵਾਲੇ ਹਿੰਦੁਸਤਾਨ, ਪੰਜਾਬ ਤੇ ਮਾਝੇ ਦੀ ਇਹ ਹੱਦਬੰਦੀ ਹੈ। ਮੇਰੇ ਸਾਹਮਣੇ ਇਹੋ ਹੀ ਨਕਸ਼ਾ ਹੈ। (ਯਾਦ ਰਹੇ ਬਰਮਾ ਤੇ ਲੰਕਾ ਵੀ ਹਿੰਦੁਸਤਾਨ ਦਾ ਹੀ ਹਿੱਸੇ ਹੁੰਦੇ ਸਨ। ਅੰਗ੍ਰੇਜ਼ ਨੇ ਆਪਣੀ ਕੁਟਲ ਨੀਤੀ ਨਾਲ ਇਨ੍ਹਾਂ ਨੂੰ ਹਿੰਦੁਸਤਾਨ ਨਾਲੋਂ ਅੱਡ ਕਰ ਦਿਤਾ।)

ਗੁਰਦਾਸ ਨੰਗਲ ਦੇ ਘੇਰੇ ਵੇਲੇ ਕਿਸੇ ਕਾਰਨ ਨਾਲ ਨਾ ਮਿਲ ਸਕੇ, ਮੁਖ਼ਬਰਾਂ ਤੇ ਸੂਹਿਆਂ ਦੇ ਜਾਲ ਨੇ ਜਿਨ੍ਹਾਂ ਜਿਨ੍ਹਾਂ ਦੇ ਅਤੇ-ਪਤੇ ਦੱਸੇ, ਇਨ੍ਹਾਂ ਵਿਚੋਂ ਜਿੰਨੇ ਵੀ ਫੜੇ ਜਾ ਸਕੇ, ਲਾਹੌਰ ਲਿਆ ਲਿਆ ਕੇ ਤਸੀਹੇ ਦੇ ਦੇ ਕੇ ਮਾਰ ਮੁਕਾਏ। ਕਿਸੇ ਪਿੰਡ ਜਾਂ ਜੂਹ ਵਿਚ ਸਿੰਘਾਂ ਦੀ ਹਾਜ਼ਰੀ ਦਾ ਸ਼ੱਕ ਪਿਆ ਨਹੀਂ, ਤੇ ਲਾਹੌਰੋਂ ਘੋੜ-ਸੁਆਰਾਂ ਦੇ ਝੁੰਮਣ ਚੜ੍ਹੇ ਨਹੀਂ। ਅਗਾਊਂ ਵੇਲੇ ਸਿਰ ਖ਼ਬਰ ਮਿਲ ਜਾਣ 'ਤੇ ਤਾਂ ਭਾਵੇਂ ਕੋਈ ਆਸੇ ਪਾਸੇ ਹੋ ਕੇ ਬਚ ਗਿਆ ਹੋਵੇ, ਨਹੀਂ ਤਾਂ ਪਿੰਡ ਘੇਰ ਲਏ ਜਾਂਦੇ, ਘਰ ਲੁਟੇ ਪੁਟੇ ਤੇ ਸਾੜੇ ਫੂਕੇ ਜਾਂਦੇ, ਕੋਈ ਲੜ ਕੇ ਸ਼ਹੀਦ ਹੋ ਜਾਂਦਾ ਤੇ ਕੋਈ ਮਾਰਦਾ ਕੁਟਦਾ ਨਿਕਲ ਵੀ ਜਾਂਦਾ। ਬਹੁਤੇ ਜ਼ਖ਼ਮੀ ਕਰਕੇ ਜਾਂ ਘੇਰਾ ਪਾ ਕੇ ਫੜ ਲਏ ਜਾਂਦੇ, ਜੋ ਲਾਹੌਰ ਲਿਆ ਕੇ ਮਾਰ ਮੁਕਾਏ ਜਾਂਦੇ। ਕੋਈ ਦਾਦ-ਫ਼ਰਿਆਦ ਸੁਣਨ ਵਾਲਾ ਹੀ ਨਹੀਂ ਸੀ। ਛੋਟੇ ਅਫ਼ਸਰ ਤਾਂ ਬਹੁਤੇ ਹੀ ਭੂਤਰ ਗਏ ਸਨ। ਬੇਪਤੀ ਕਰਦੇ, ਤਸੀਹੇ ਦੇਂਦੇ ਤੇ ਇਸ ਤੋਂ ਕਿਤੇ ਵਧ ਟਕੋਰਾਂ ਲਾਉਂਦੇ ਕਿ, "ਆ ਗਿਆ ਸੁਆਦ ਅੰਮ੍ਰਿਤ ਛਕੇ ਦਾ, ਲੱਭੋ ਖਾਂ ਹੁਣ ਆਪਣੇ ਬੰਦਾ ਸਿੰਘ ਨੂੰ! ਹੁਣ ਦੀਨ ਕਬੂਲ ਕੇ ਹੀ ਬਚ ਸਕਦੇ ਹੋ। ਕਲਮਾ ਪੜ੍ਹ ਕੇ ਸੁਖ ਭੋਗੋ। ਤੁਹਾਡਿਆਂ ਵੱਡਿਆਂ ਕੀ ਖਟ ਲਿਆ ਸਿੱਖੀ ਚੋਂ.....।" ਇਹ ਢਲੇ ਸਿੱਕੇ ਵਰਗੇ ਬੋਲ ਸਹਾਰਦੇ ਹੋਏ ਸਿਖ ਸਿੱਖੀ ਤੋਂ ਜਾਨਾਂ ਵਾਰਦੇ ਗਏ। ਜੋ ਰਾਠ ਸਿੰਘ ਕਾਬੂ ਨਾ ਆਏ, ਜੰਗਲਾਂ ਬੇਲਿਆਂ ਵਿਚ ਲੁਕ ਛੁਪ ਕੇ ਭਲੇ ਸਮੇਂ ਦੀ ਉਡੀਕ ਵਿਚ ਦਿਨ-ਕਟੀ ਕਰਨ ਲਗੇ। ਅਬਦੁਲ ਸਮੱਦ ਖ਼ਾਨ ਜਦ ਅੱਡੀ ਚੋਟੀ ਦਾ ਜ਼ੋਰ ਲਾ ਕੇ ਸਿੱਖਾਂ ਨੂੰ ਮੁਕਾਉਂਦਾ ਮੁਕਾਉਂਦਾ ਹੰਭ ਗਿਆ ਤੇ ਸਿਖ ਫਿਰ ਵੀ ਮੁਕਣ 'ਚ ਨਾ ਆਏ ਤਾਂ ਢਿਲਾ ਪੈ ਗਿਆ। ਢਿਲਾ ਵੀ ਏਨਾ ਪਿਆ ਕਿ ਪੂਰੀ ਤਰ੍ਹਾਂ ਐਸ਼ਪ੍ਰਸਤੀ ਤੇ ਵਿਸ਼ਿਆਂ ਵਿਕਾਰਾਂ ਵਿਚ ਗ੍ਰਸਤ ਹੋ ਗਿਆ। ਉਸ ਦੀ ਸੂਬੇਦਾਰੀ ਦੇ ਪਿਛਲੇ ਪੰਜ ਛੇ ਸਾਲ ਪ੍ਰਬੰਧ-ਪੱਖੋਂ ਬੜੇ ਮਾੜੇ ਸਿਧ ਹੋਏ। ਛੋਟੇ ਹਾਕਮ ਤੇ ਆਮਲ ਉਸ ਤੋਂ ਵੀ ਅੱਗੇ ਵਧ ਗਏ। ਇਹ ਸਮਾਂ ਸਿੱਖਾਂ ਵਾਸਤੇ ਬੜਾ ਢੁਕਵਾਂ ਸਾਬਤ ਹੋਇਆ।

ਬਾਬਾ ਬਿਨੋਦ ਸਿੰਘ, ਜੋ ਗੁਰਦਾਸ ਨੰਗਲੋਂ ਬੰਦਾ ਸਿੰਘ ਨਾਲ ਸੰਮਤੀ-ਭੇਦ ਕਰਕੇ ਬਾਬਾ ਕਾਹਨ ਸਿੰਘ ਦੇ ਫ਼ੈਸਲੇ ਤਹਿਤ ਕਿ "ਹੁਣ ਦੋਹਾਂ 'ਚੋਂ ਇਕ ਨੂੰ ਗੜ੍ਹੀ ਵਿਚੋਂ ਚਲੇ ਜਾਣਾ ਚਾਹੀਦਾ ਹੈ", ਘੇਰੇ 'ਚੋਂ ਨਿਕਲ ਆਏ ਸਨ, ਨੇ ਉਪਰਾਲਾ ਸ਼ੁਰੂ ਕੀਤਾ ਕਿ ਖਿੰਡੇ-ਪੁੰਡੇ ਸਿੱਖਾਂ ਨੂੰ ਫਿਰ ਜਥੇਬੰਦ ਕੀਤਾ ਜਾਵੇ।

ਇਸ ਵਿਚ ਇਹ ਕਾਫ਼ੀ ਸਫਲ ਵੀ ਹੋਏ, ਪਰ ਪਹਿਲਾਂ ਵਾਲੀ ਗੱਲ ਨਾ ਬਣ ਸਕੀ। ਫਿਰ ਵੀ ਪੰਜਾਂ ਪੰਜਾਂ ਦਸਾਂ ਦਸਾਂ ਜਾਂ ਕਿਤੇ ਥੋੜੇ ਜਿਹੇ ਇਸ ਤੋਂ ਵਧ ਗਿਣਤੀ ਦੇ ਜਥੇ ਪੰਜਾਬ ਦੀ ਧਰਤੀ ਤੇ ਖੁਲ੍ਹੇ ਬੰਦੀਂ ਸਨੱਧ-ਬੱਧ ਹੋ ਕੇ ਵਿਚਰਦੇ ਦਿਖਾਈ ਦੇਣ ਲੱਗੇ। ਕਿਤੇ ਕਿਤੇ ਚੌਧਰੀਆਂ ਤੇ ਆਮਲਾਂ ਨਾਲ ਝੜਪਾਂ ਵੀ ਹੋਣ ਲੱਗ ਪਈਆਂ। ਸ਼ਾਹ-ਰਾਹ 'ਤੇ ਸਰਕਾਰੀ ਖ਼ਜ਼ਾਨੇ ਤੇ ਕਾਫ਼ਲਿਆਂ ਨੂੰ ਹੱਥ ਫਿਰਨ ਲੱਗਾ। ਜਦ ਇਹ ਖ਼ਬਰਾਂ ਦਿੱਲੀ ਅਪੜੀਆਂ ਤਾਂ ਦਲੇਰਿ ਜੰਗ ਨੂੰ ਲਾਹੌਰ ਦੀ ਸੂਬੇਦਾਰੀ ਤੋਂ ਹਟਾ ਕੇ ਮੁਲਤਾਨ ਭੇਜ ਦਿੱਤਾ ਗਿਆ ਤੇ ਉਸ ਦੀ ਥਾਂ ਉਸ ਦੇ ਯੋਗ ਪੁੱਤਰ ਜ਼ਕਰੀਆ ਖ਼ਾਨ, ਜਿਸ ਨੂੰ ਇਤਿਹਾਸ ਵਿਚ ਖ਼ਾਨ ਬਹਾਦਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਲਾਹੌਰ ਦਾ ਸੂਬੇਦਾਰ ਬਣਾ ਦਿੱਤਾ ਗਿਆ।

ਜ਼ਕਰੀਆ ਖ਼ਾਨ ਦੀ ਨੀਤੀ

ਜ਼ਕਰੀਆ ਖ਼ਾਨ ਬੜਾ ਸਿਆਣਾ, ਮੁਹਿੰਮਾਂ ਵਿਚ ਹੰਢਿਆ ਪਰਖਿਆ, ਹਰ ਮੌਕੇ ਨੂੰ ਸਮਝਣ ਵਾਲਾ ਤੇ ਆਪਣੇ ਹੱਠ ਦਾ ਪੱਕਾ ਤੇ ਚੰਗਾ ਦਲੇਰ ਹਾਕਮ ਸੀ। ਜਿਵੇਂ ਹਰ ਨਵੇਂ ਹਾਕਮ ਨੂੰ ਦੇਸ਼-ਪ੍ਰਬੰਧ ਦਾ ਚਾਅ ਹੁੰਦੈ, ਇਵੇਂ ਹੀ ਇਸ ਦੇ ਮਨ ਵਿਚ ਵੀ ਸੀ। ਇਸ ਦੇ ਬਾਪ ਦੇ ਪਿਛਲੇ ਪੰਜਾਂ ਛੇਆਂ ਸਾਲਾਂ ਵੇਲੇ ਜੋ ਪ੍ਰਸ਼ਾਸਨ ਪੱਖੋਂ ਪੰਜਾਬ ਦੀ ਭੈੜੀ ਦਸ਼ਾ ਹੋ ਚੁਕੀ ਸੀ, ਇਸ ਦੀਆਂ ਅੱਖਾਂ ਦੇ ਸਾਹਮਣੇ ਸੀ। ਬਠਿੰਡੇ ਵਲ ਲਖੀ ਜੰਗਲ ਦੇ ਭਟੀਆਂ ਨੇ ਉਧੜ-ਧੁਮੀ ਚੁਕੀ ਹੋਈ ਸੀ, ਕਸੂਰ ਦੇ ਖ਼ੇਸ਼ਗੀ ਪਠਾਣ ਸਭ ਤੋਂ ਜ਼ਿਆਦਾ ਭੂਤਰੇ ਹੋਏ ਸਨ ਤੇ ਲੁਟ-ਮਾਰ ਦਾ ਇਹੋ ਜਿਹਾ ਬਾਜ਼ਾਰ ਗਰਮ ਕਰ ਛੱਡਿਆ ਸੀ ਕਿ ਲਾਹੌਰ ਦਿਆਂ ਬੂਹਿਆਂ ਤਕ ਦਿਨ-ਦੀਵੀਂ ਲੁੱਟਾਂ ਤੇ ਡਾਕੇ ਮਾਰਨ ਲੱਗ ਪਏ ਸਨ। ਸਾਰੇ ਦੇਸ਼ ਵਿਚ ਚੰਗਾ ਰਾਮ-ਰੌਲਾ ਪੈ ਗਿਆ, ਹਰ ਪਿੰਡੋਂ ਕਟਕ ਨਿਕਲਦੇ ਤੇ ਵਾਹਰਾਂ ਪੈਂਦੀਆਂ। ਜੇ ਅੱਜ ਫ਼ਲਾਣਾ ਪਿੰਡ ਲੁਟਿਆ ਗਿਆ ਹੈ ਤਾਂ ਕਲ੍ਹ ਢਮਕਾਣਾ ਘੇਰ ਕੇ ਮਾਂਜਿਆ ਗਿਆ ਹੈ। ਬਸ ਰੋਜ਼ ਇਹੋ ਲੁਟਾਂ-ਮਾਰਾਂ, ਸਾੜਾਂ ਤੇ ਖੋਹਾਂ ਡਾਕਿਆਂ ਦਾ ਚਰਚਾ ਸੀ। ਨਾਜ਼ਮ (ਦਲੇਰੇ-ਜੰਗ) ਬਿਲਕੁਲ ਬੇ-ਬਸ ਹੋ ਚੁਕਿਆ ਸੀ। ਇਕ ਵਾਰ ਜੀਅ ਕਰੜਾ ਕਰ ਕੇ ਕਸੂਰੀਆਂ ਦੇ ਖ਼ਿਲਾਫ਼ ਲਾਹੌਰੋਂ ਚੜ੍ਹਿਆ ਤੇ ਚੂਨੀਆਂ ਲਾਗੇ ਪਠਾਣਾਂ ਨੂੰ ਤਕੜੀ ਭਾਂਜ ਦਿਤੀ। ਪਠਾਣ ਕਸੂਰ ਵਲ ਨੂੰ ਨੱਸ ਤੁਰੇ। ਨਾਜ਼ਮ ਦਾ ਹੌਸਲਾ ਨਾ ਪਿਆ ਕਿ ਪਿਛਾ ਕਰ ਕੇ ਇਨ੍ਹਾਂ ਨੂੰ ਚੰਗੀ ਤਰ੍ਹਾਂ ਖ਼ਤਮ ਕਰੇ। ਇਹ ਸੀ ਉਸ ਵੇਲੇ ਦੇ ਮੁਲਕੀ ਪ੍ਰਬੰਧ ਦਾ ਹਾਲ, ਜਦ ਜ਼ਕਰੀਆ ਖ਼ਾਨ ਨੇ ਵਾਗ-ਡੋਰ ਸੰਭਾਲੀ।

ਖ਼ਾਨ ਬਹਾਦਰ ਨੇ ਬੜੀ ਵਿਉਂਤ-ਬੰਦੀ ਨਾਲ ਆਪਣੇ ਕੰਮ ਨੂੰ ਕਰੜੇ ਹੱਥੀਂ

ਲਿਆ ਤੇ ਦਿਨਾਂ ਵਿਚ ਹੀ ਸਾਰੇ ਦੇਸ਼ ਵਿਚ ਠਲ੍ਹ ਪਾ ਦਿਤੀ। ਸਭ ਤੋਂ ਪਹਿਲਾਂ ਉਸ ਨੇ ਭਟੀਆਂ ਵਲ ਨਿਗਾਹ ਕੀਤੀ। ਦੀਵਾਨ ਕੌੜਾ ਮੱਲ ਨੂੰ ਇਕ ਤਕੜੀ ਫ਼ੌਜ ਦੇ ਕੇ ਉਨ੍ਹਾਂ ਵਲ ਭੇਜਿਆ, ਜਿਸ ਨੇ ਉਨ੍ਹਾਂ ਦੀ ਤਾਕਤ ਨੂੰ ਖੇਰੂੰ ਖੇਰੂੰ ਕਰ ਕੇ ਉਨ੍ਹਾਂ ਦਾ ਖੁਰਾ-ਖੋਜ ਹੀ ਮਿਟਾਅ ਦਿਤਾ। ਮਾਝੇ ਵਿਚ ਲਸ਼ਕਰੀ ਨਾਮੀ ਗਿਲ ਜੱਟ, ਜੋ ਵੱਡਾ ਧੜਵੈਲ ਬਣਿਆ ਬੈਠਾ ਸੀ, ਫ਼ੌਜਾਂ ਘਲ ਕੇ ਜ਼ਿੰਦਾ ਫੜ ਮੰਗਵਾਇਆ ਤੇ ਲਾਹੌਰ ਆਪਣੇ ਸਾਹਮਣੇ ਤਸੀਹੇ ਦਿਵਾ ਕੇ ਮਰਵਾ ਦਿਤਾ। ਏਸੇ ਤਰ੍ਹਾਂ ਅਲੀਆ ਪੁਰ ਦੇ ਧਾੜਵੀਆਂ ਦਾ ਹਾਲ ਕੀਤਾ। ਰਚਨਾ ਦਵਾਬ ਦੇ ਅਸਮਾਨ ਖ਼ਾਂ ਖਰਲ ਤੇ ਲਖਾ-ਵਟੂ ਇਹ ਦੁਰਦਸ਼ਾ ਹੁੰਦੀ ਵੇਖ ਕੇ ਆਪਣੇ ਆਪ ਹੀ ਈਨ ਮੰਨ ਗਏ ਤੇ ਲਾਹੌਰ ਆਣ ਵੱਸੇ ਤੇ ਕਾਰੋਬਾਰ ਕਰਨ ਲੱਗ ਪਏ। ਉਂਜ ਤਾਂ ਬੰਦਾ ਸਿੰਘ ਦੇ ਸਮੇਂ ਤੋਂ ਹੀ ਸਿੰਘਾਂ ਨੂੰ ਸਮੁੱਚੇ ਤੌਰ 'ਤੇ ਬਾਗ਼ੀ ਹੀ ਸਮਝਿਆ ਜਾਂਦਾ ਸੀ, ਪਰ ਇਨ੍ਹਾਂ ਵਿਚੋਂ ਵੀ ਕੁਝ ਸਿਰਕੱਢਾਂ ਨੂੰ ਨਿਖੇੜ ਕੇ ਜਾਗੀਰਾਂ ਦੇ ਦਿਤੀਆਂ ਗਈਆਂ ਤੇ ਇਨ੍ਹਾਂ ਨਾਲ ਇੰਜ ਰਸਾਈ ਕਰ ਕੇ ਆਪਣੇ ਰਾਜ-ਪ੍ਰਬੰਧ ਵਿਚ ਕਾਫ਼ੀ ਹਦ ਤਕ ਠੰਡ ਵਰਤਾ ਦਿੱਤੀ।

ਕਟਕ ਚੜ੍ਹਨੇ ਤੇ ਵਾਹਰਾਂ ਨਿਕਲਣੀਆਂ ਤਾਂ ਭਾਵੇਂ ਬੰਦ ਹੋ ਗਈਆਂ, ਪਰ ਮਾਰਾਂ-ਧਾੜਾਂ ਨਾ ਹੀ ਹਟੀਆਂ। ਜ਼ਕਰੀਆ ਖ਼ਾਨ ਬੰਦਾ ਸਿੰਘ ਵਿਰੁੱਧ ਮੁਹਿੰਮ ਵਿਚ ਸ਼ਾਮਲ ਹੋ ਕੇ ਸਿੰਘਾਂ ਦੇ ਹੱਥ ਵੇਖ ਚੁਕਿਆ ਸੀ ਅਤੇ ਉਹ ਇਹ ਚੰਗੀ ਤਰ੍ਹਾਂ ਸਮਝਦਾ ਸੀ ਕਿ ਭਟੀਆਂ, ਕਸੂਰੀਆਂ, ਖਰਲਾਂ ਤੇ ਟਿਵਾਣਿਆਂ ਨਾਲੋਂ ਇਹ ਕਈ ਗੁਣਾ ਜ਼ਿਆਦਾ ਹੱਠੀ ਤੇ ਸਖ਼ਤ-ਜਾਨ ਹਨ ਤੇ ਇਨ੍ਹਾਂ 'ਤੇ ਕਰੜੀ ਅੱਖ ਹੀ ਰੱਖੀ ਜਾਵੇ। ਉਸ ਨੇ ਚੌਧਰੀਆਂ ਰਾਹੀਂ ਇਕ ਤਕੜਾ ਸੂਹੀਆਂ ਦਾ ਜਾਲ ਵੀ ਦੇਸ ਵਿਚ ਤਣ ਦਿਤਾ ਸੀ, ਜਿਨ੍ਹਾਂ ਵਿਚ ਉਘੇ ਨੌਸ਼ਹਿਰਾ ਢਾਲਾ ਦਾ ਸਾਹਿਬ ਰਾਏ, ਨੌਸ਼ਹਿਰਾ ਪੰਨੂਆਂ ਦਾ ਚੌਧਰੀ ਹਿੰਮਤ ਰਾਇ, ਰਾਮਾ ਰੰਧਾਵਾ, ਕਰਮਾ ਛੀਨਾ, ਮਜੀਠੀਏ, ਚੈਂਚਲ ਸੰਧੂ ਚੀਚੇ ਦਾ, ਯੋਧਾ ਨਗਰੀ ਵਾਲਾ, ਧਰਮ ਦਾਸ ਤੋਪੀ, ਜੰਡਿਆਲੀਆ ਸਰਨ ਦਾਸ, ਹੰਦਾਲੀਆ ਤੇ ਮੰਡਿਆਲੀਆ ਮੱਸਾ ਰੰਘੜ ਆਦਿ ਸਨ। ਜ਼ਕਰੀਆ ਖ਼ਾਨ ਨੇ ਇੰਜ ਨਰਮੀ ਤੇ ਸਖ਼ਤੀ ਦੇ ਸੁਮੇਲ ਨਾਲ ਚੰਗੀ ਸਫਲਤਾ ਪ੍ਰਾਪਤ ਕਰ ਲਈ। ਉਤੋਂ ਉਤੋਂ ਤਾਂ ਭਾਵੇਂ ਉਹਨੇ ਥੋੜੇ ਜਿਹੇ ਸਿੱਖਾਂ, ਜੋ ਸਿਰਫ਼ ਪੋਟਿਆਂ 'ਤੇ ਹੀ ਗਿਣੇ ਜਾ ਸਕਦੇ ਸਨ, ਨਾਲ ਵੀ ਰਸਾਈ ਕਰ ਲਈ ਸੀ, ਪਰ ਦਿਲੋਂ ਉਹ ਇਨ੍ਹਾਂ ਦਾ ਪਰਲੇ ਦਰਜੇ ਦਾ ਦੋਖੀ ਸੀ। ਰਾਠ ਸਿੰਘ ਮੁਗ਼ਲ ਰਾਜ

ਦੀ ਨੀਤੀ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਉਹ ਸਮਝਦੇ ਸਨ ਕਿ ਇਹ ਨਰਮੀ ਵਕਤੀ ਹੈ; ਜਦ ਇਨ੍ਹਾਂ ਦਾ ਬਲ ਪਿਆ, ਮਾਰੂ ਸੱਟ ਮਾਰਨਗੇ। ਸੂਬੇਦਾਰ ਦੀ ਨਰਮੀ 'ਤੇ ਪਸੀਜਣਾ ਗ਼ੁਲਾਮੀ ਦੇ ਸੰਗਲ ਆਪ ਗਲੀਂ ਪਾ ਕੇ ਗਲਾਵੇਂ ਕਸਣੇ ਤੇ ਮੌਤ ਵਿਹਾਜਣ ਵਾਲੀ ਗੱਲ ਹੈ। ਪਿੰਜਰੇ ਵਿਚ ਵੀ ਸ਼ੇਰ ਨੂੰ ਭਾਵੇਂ ਮਾਸ ਹੀ ਖਾਣ ਨੂੰ ਮਿਲਦਾ ਹੈ, ਪਰ ਆਜ਼ਾਦੀ ਤੇ ਰਾਠਾ-ਚਾਰੀ ਕਿਥੇ! ਗ਼ੁਲਾਮੀ ਮੌਤ ਦਾ ਅਤਿਅੰਤ ਭਿਆਨਕ ਰੂਪ ਹੈ। ਮਰ ਗਿਆ ਤੇ ਖਲਾਸੀ ਹੋਈ, ਪਰ ਗ਼ੁਲਾਮੀ ਦੇ ਉਧਾਰੇ ਜੀਵਨ ਵਿਚ ਤਾਂ ਗ਼ੁਲਾਮ ਦੀ, ਹਰ ਸਾਹ ਨਾਲ ਮੌਤ ਹੁੰਦੀ ਹੈ, ਤੇ ਫਿਰ ਇਸ ਵਾਰ ਵਾਰ ਦੀ ਮੌਤ ਨਾਲ ਖਲਾਸੀ ਵੀ ਨਹੀਂ ਹੁੰਦੀ। ਨਾ ਕੋਈ ਸ਼ੇਰਾਂ ਨੂੰ ਨੱਥ ਪਾ ਸਕਦੈ ਤੇ ਨਾ ਨੱਥ ਪੁਆ ਕੇ ਸ਼ੇਰ ਜੀਊ ਹੀ ਸਕਦੇ ਹਨ। ਰਾਠ ਸਿੰਘਾਂ ਦੇ ਆਕੀ ਹੋਣ ਦਾ ਇਹੋ ਸਬੱਬ ਸੀ ਤੇ ਇਸੇ ਕਾਰਨ ਹੀ ਇਹ ਮੁਗ਼ਲ ਰਾਜ ਦੇ ਦਿਲ ਵਿਚ ਕੰਡੇ ਵਾਂਗ ਰੜਕਦੇ ਸਨ। ਜ਼ਕਰੀਆ ਖ਼ਾਨ ਦੀ ਪੰਜਾਬ ਵਿਚ ਬਦਲੀ ਦਾ ਮਨੋਰਥ ਹੀ ਇਹ ਸੀ ਕਿ ਉਹ ਇਹ ਕੰਡਾ ਕੱਢ ਦੇਵੇ।

ਮਾਝੇ ਵਿਚ 'ਡਲ' ਅਤੇ 'ਵਾਂ' ਪਿੰਡ ਚਾਰ ਕਿਲੋਮੀਟਰ ਦੀ ਵਿਥ 'ਤੇ ਉੱਤਰ-ਦੱਖਣ ਦੇ ਰੁਖ਼ ਸਥਿਤ ਹਨ। ਇਹ ਦੋਵੇਂ ਪਿੰਡ ਵੰਡ ਤੋਂ ਪਹਿਲਾਂ ਥਾਣਾ ਖਾਲੜਾ[1] ਤਹਿਸੀਲ ਕਸੂਰ ਜ਼ਿਲਾ ਲਾਹੌਰ ਵਿਚ ਸਨ, ਵੰਡ ਤੋਂ ਪਿਛੋਂ ਇਹ ਹਿੰਦੁਸਤਾਨ ਵਿਚ ਰਹਿ ਗਏ। ਹੁਣ ਥਾਣਾ ਖਾਲੜਾ ਤਹਿਸੀਲ ਪੱਟੀ ਜ਼ਿਲਾ ਅੰਮ੍ਰਿਤਸਰ ਵਿਚ ਹੈ। ਇਨ੍ਹਾਂ ਦੋਹਾਂ ਪਿੰਡਾਂ ਵਿਚ ਕ੍ਰਮਵਾਰ ਬਾਠ ਤੇ ਬੁੱਟਰ ਗੋਤ ਦਿਆਂ ਜੱਟਾਂ ਦੀ ਵੱਸੋਂ ਹੈ। ਇਹ ਬੜੇ ਪੁਰਾਣੇ ਪਿੰਡ ਹਨ। ਸ਼ਾਹ ਜਹਾਨ ਦੇ ਸਮੇਂ 'ਵਾਂ' ਪਿੰਡ ਨਿਰੋਲ ਤੇਲੀਆਂ ਦੀ ਮਾਲਕੀ ਸੀ। ਮਗਰੋਂ ਇਹ ਪਿੰਡ ਖਤਰੀਆਂ ਸਾਂਭ ਲਿਆ। ਔਰੰਗਜ਼ੇਬ ਦੇ ਆਖ਼ਰੀ ੨੫ ਸਾਲ ਦੱਖਣ ਵਿਚ ਹੀ ਬੀਤੇ ਤੇ ਉਹ ਉਧਰ ਹੀ ਮਰ ਗਿਆ। ਪ੍ਰਬੰਧ-ਪੱਖੋਂ ਪੰਜਾਬ ਦੀ ਹਾਲਤ ਬੜੀ ਨਿਘਰ ਗਈ ਸੀ। ਔਰੰਗਜ਼ੇਬ ਦੇ ਇਸ ਦੌਰ ਵਿਚ 'ਵਾਂ' ਉਤੇ ਖਤਰੀਆਂ ਦੇ ਕਮਜ਼ੋਰ ਜਿਹੇ ਕਬਜ਼ੇ ਨੂੰ ਵੇਖ ਕੇ ਈਚੋਗਿਲ ਦੇ ਬੁੱਟਰਾਂ ਨੇ ਇਹ ਪਿੰਡ ਆਣ ਨੱਪਿਆ। ਸੋ ਹੁਣ ਤਕ ਇਨ੍ਹਾਂ ਦੀ ਔਲਾਦ ਹੀ ਮਾਲਿਕ ਚਲੀ ਆ ਰਹੀ ਹੈ।

---

੧. ਖਾਲੜਾ ਤੋਂ ੧੯੬੫ ਦੀ ਜੰਗ ਵਾਲੀ ਪ੍ਰਸਿੱਧ ਬਰਕੀ, ਜੋ ਲਾਹੌਰ-ਹਰੀਕੇ ਸੜਕ ਤੇ ਈਚੋਗਿਲ ਦੇ ਖੱਬੇ ਕੰਢੇ 'ਤੇ ਹੈ, ਕਰੀਬਨ ੧੩ ਕਿਲੋਮੀਟਰ ਬਾਡਰ ਵਲ ਹੈ। ਬਰਕੀ ਥਾਣਾ ਹੈ ਲਾਹੌਰ ਦਾ, ਥਾਣੇ ਦੇ ਸਾਹਮਣੇ ਲੱਗੇ ਮੀਲ 'ਤੇ ਲਾਹੌਰ ਦਾ ਫ਼ਾਸਲਾ ੧੪ ਮੀਲ ਅੰਕਤ ਹੈ।

(੩)

ਮਿਲਵਰਤਨੀਏ ਤੇ ਨਾ-ਮਿਲਵਰਤਨੀਏ

ਇਸ ਸਮੇਂ ਦੇ ਹਾਲਾਂ ਨੂੰ ਪੜ੍ਹਦਿਆਂ-ਵਾਚਦਿਆਂ ਪਤਾ ਲਗਦਾ ਹੈ ਕਿ ਭਾਵੇਂ ਸਿਖ ਸਮੁੱਚੇ ਤੌਰ 'ਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਤੋਂ ਹੀ ਰਾਜ-ਵਿਦਰੋਹੀ ਸਮਝੇ ਜਾਂਦੇ ਸਨ, ਪਰ ਫਿਰ ਵੀ ਸਰਕਾਰ ਨੇ ਇਕ ਹਿੱਸੇ 'ਤੇ ਬਹੁਤ ਹੀ ਜ਼ਿਆਦਾ ਸਖ਼ਤੀ ਕੀਤੀ ਤੇ ਇਕ ਹਿੱਸੇ 'ਤੇ ਕੁਝ ਨਰਮੀ ਤੋਂ ਹੀ ਕੰਮ ਲਿਆ ਤੇ ਉਨ੍ਹਾਂ ਰਾਹੀਂ ਆਪਣੀਆਂ ਵਿਸ਼ੇਸ਼ ਨੀਤੀਆਂ ਨੂੰ ਸਫਲ ਕਰਾਉਣ ਦੇ ਉਪਰਾਲੇ ਕੀਤੇ। ਇਨ੍ਹਾਂ ਦੋਵੇਂ ਸ਼੍ਰੇਣੀਆਂ (Categories) ਦੀ ਚੰਗੀ ਵਿਆਖਿਆ ਇਹ ਦੋ ਸ਼ਬਦ ਕਰਦੇ ਹਨ, ਉਸ ਵੇਲੇ ਆਮ ਪ੍ਰਚਲਤ ਸਨ—ਮਿਲਵਰਤਨੀਏ ਤੇ ਨਾ-ਮਿਲਵਰਤਨੀਏ।

ਮਿਲਵਰਤਨੀਏ—ਉਹ ਸਨ ਜੋ ਸਰਕਾਰ ਦਾ ਵਿਰੋਧ ਨਹੀਂ ਸਨ ਕਰਦੇ, ਆਪਣਾ ਕੰਮ ਲਿਫ-ਲਿਫਾ ਕੇ ਰਸ-ਰਸਾ ਨਾਲ ਕੱਢ ਲੈਂਦੇ ਸਨ। ਸਰਕਾਰ ਇਨ੍ਹਾਂ ਦੇ ਖਤੇ (ਖਹਿੜੇ) ਵੀ ਬਹੁਤ ਨਹੀਂ ਸੀ ਪੈਂਦੀ। ਇਨ੍ਹਾਂ ਵਿਚੋਂ ਜੋ ਮੁਗ਼ਲ ਸਰਕਾਰ ਦੀ ਚਾਕਰੀ ਵੀ ਕਰਨ ਲੱਗ ਪਏ ਸਨ, ਉਨ੍ਹਾਂ ਨੂੰ ਦੂਜੀ ਧਿਰ 'ਚਕਰੈਲ' ਕਿਹਾ ਕਰਦੀ ਸੀ। ਮਿਲਵਰਤਨੀਏ ਵਾਹੀ ਜਾਂ ਨਿੱਕਾ ਮੋਟਾ ਕਾਰੋਬਾਰ ਕਰਦੇ ਸਨ।

ਨਾ-ਮਿਲਵਰਤਨੀਏ—ਉਹ ਸਨ ਜਿਨ੍ਹਾਂ ਦਾ ਸਰਕਾਰ ਨਾਲ ਡਾਢਾ ਅਜੋੜ ਸੀ ਤੇ ਸਦਾ ਸਨੱਧ-ਬੱਧ ਹੋ ਕੇ ਸਰਕਾਰ ਦੀ ਜ਼ੁਲਮੀ ਨੀਤੀ ਦਾ ਸ਼ਸਤ੍ਰੀ ਟਾਕਰਾ ਕਰਦੇ ਸਨ। ਇਹ ਰਾਠ ਸਿੰਘ, ਅਮੀਰ ਖ਼ਾਲਸਾ, ਆਜ਼ਾਦ ਖ਼ਾਲਸਾ ਜਾਂ ਤੇਗ ਖ਼ਾਲਸਾ ਅਖਵਾਉਂਦੇ ਸਨ।

ਮਿਲਵਰਤਨੀਆਂ ਦਾ ਭਾਵੇਂ ਸਰਕਾਰ ਨਾਲ ਸੰਬੰਧ ਚੰਗਾ ਸੀ, ਪਰ ਰਾਠ ਸਿੰਘਾਂ ਨਾਲ ਵੀ ਕੋਈ ਅਜੋੜ ਵਾਲੀ ਗੱਲ ਨਹੀਂ ਸੀ। ਸੁਬੇਗ ਸਿੰਘ, ਢਿਲੋਂ ਲਾਲ

ਲੰਗਾਹੇ ਦੀ ਔਲਾਦ ਭਾਵੇਂ ਸਰਕਾਰ ਦੇ ਸਹਾਇਕ ਸਨ ਤੇ ਇਨ੍ਹਾਂ ਦੇ ਸਮੇਂ ਅਸਲਮ ਖ਼ਾਨ, ਜ਼ਬਰਦਸਤ ਖ਼ਾਨ, ਦਲੇਰ ਜੰਗ ਖ਼ਾਨ ਬਹਾਦਰ ਆਦਿ ਦੇ ਹੁਕਮਾਂ ਨਾਲ ਸਿੰਘਾਂ ਦੀ ਕਤਲਾਮ ਹੁੰਦੀ ਸੀ ਤੇ ਇਹ ਸਭ ਕੁਝ ਇਨ੍ਹਾਂ ਦੀਆਂ ਅੱਖਾਂ ਸਾਹਮਣੇ ਹੀ ਹੁੰਦਾ ਸੀ। ਪਰ ਰਾਠ ਸਿੰਘਾਂ ਨੇ ਮਿਲਵਰਤਨੀਏ ਸਿੰਘਾਂ ਉਤੇ ਕਦੀ ਕੋਈ ਸਖ਼ਤੀ ਨਹੀਂ ਸੀ ਕੀਤੀ। ਮਿਲਵਰਤਨੀਏ ਵੀ ਸਿੱਖੀ ਪੱਖੋਂ ਕੱਚੇ ਨਹੀਂ ਸਨ। ਭਾਈ ਸੁਬੇਗ ਸਿੰਘ ਮੁਗ਼ਲਾਂ ਦੀ ਚਾਕਰੀ ਵਿਚ ਬੁੱਢੇ ਹੋ ਗਏ, ਪਰ ਜਦ ਸਿੱਖੀ ਦੀ ਆਨ ਦਾ ਸੁਆਲ ਆਇਆ, ਪਿਉ ਪੁੱਤ ਦੋਵੇਂ ਹੀ ਬਾਕ਼ੀ ਸੱਚੇ ਸਿੰਘਾਂ ਵਾਂਗ ਹੀ ਸ਼ਹੀਦ ਹੋ ਗਏ।

ਮਿਲਵਰਤਨੀਆਂ ਵਿਚ ਕਿਤੇ ਕਿਤੇ ਨਾ-ਮਿਲਵਰਤਨੀਆਂ ਦੀਆਂ ਗੁਝੀਆਂ ਠਾਹਰਾਂ ਵੀ ਹੁੰਦੀਆਂ ਸਨ। ਰਾਠ ਸਿੰਘਾਂ ਨੂੰ ਛੋਟੇ ਅਫ਼ਸਰ ਫ਼ੌਜ ਦੇ, ਗਸ਼ਤੀ ਕਾਲਮ ਤੇ ਇਲਾਕੇ ਦੇ ਚੌਧਰੀ ਪਿੰਡਾਂ ਵਿਚ ਨਹੀਂ ਸਨ ਰਹਿਣ ਦੇਂਦੇ। ਉਹ ਜੰਗਲਾਂ, ਬੇਲਿਆਂ, ਛੰਭਾਂ, ਝਲਾਂ ਤੇ ਹੋਰ ਓਬੜ ਖੋਬੜ ਥਾਵਾਂ 'ਤੇ ਹੀ ਰਹਿੰਦੇ ਸਨ। ਮੌਕਿਆ ਮਿਲਣ 'ਤੇ ਆਪਣੇ ਜੰਗਲਾਂ ਬੇਲਿਆਂ ਵਾਲੇ ਘੁਰਨਿਆਂ 'ਚੋਂ ਨਿਕਲ ਕੇ ਸ਼ਾਹੀ ਫ਼ੌਜ ਦਿਆਂ ਦਸਤਿਆਂ, ਸਰਕਾਰੀ ਖ਼ਜ਼ਾਨੇ ਲਈ ਜਾਣ ਵਾਲੀਆਂ ਗਾਰਦਾਂ ਜਾਂ ਸਰਕਾਰ ਦੇ ਅਨੁਆਈ ਚੌਧਰੀਆਂ ਦੀ ਸੁਖ-ਸਾਂਦ ਪੁੱਛਣ ਤੇ ਆਪਣੀ ਦੱਸਣ ਆਉਂਦੇ ਤੇ ਜੇ ਸਮਾਂ ਮਿਲ ਜਾਏ ਤਾਂ ਆਪਣੀਆਂ ਇਹ ਠਾਹਰਾਂ ਵੀ ਭੰਨ ਜਾਂਦੇ ਤੇ ਰਾਤ ਦੀ ਰਾਤ ਮੰਜਿਆਂ 'ਤੇ ਪੈ ਕੇ ਸੌਣ ਦਾ ਅਨੰਦ ਮਾਣ ਕੇ ਦਿਨੇ ਕਿਸੇ ਹੋਰਸ ਮਾਰ 'ਤੇ ਜਾ ਝਪਟਦੇ।

ਸਿੱਖੀ ਇਕ ਜੀਵਨ-ਜਾਚ ਹੈ ਤੇ ਇਸ ਦਾ ਧੁਰਾ ਧਰਮ ਹੈ। ਸਿੱਖੀ ਵਿਚ ਧਰਮ ਸਰਵ-ਸ੍ਰੇਸ਼ਟ ਹੈ। ਜਦ ਵੀ ਧਰਮ 'ਤੇ ਆਂਚ ਆਉਂਦੀ ਦਿਸੇਗੀ ਤਾਂ ਨਰਮ ਤੋਂ ਨਰਮ ਸਿਖ ਵੀ ਸਨਮੁਖ ਹੋ ਕੇ ਕੁਰਬਾਨੀ ਦੇਣ ਲਈ ਤਿਆਰ ਹੋ ਜਾਵੇਗਾ। ਮਿਲਵਰਤਨ ਜਾਂ ਨਾ-ਮਿਲਵਰਤਨ ਇਹ ਦੁਨੀਆਦਾਰੀ ਦੀਆਂ ਰਮਜ਼ਾਂ ਹਨ। ਜਿਥੇ ਦੁਨੀਆਦਾਰੀ ਦਾ ਸੰਬੰਧ ਹੈ ਉਥੇ ਸਿਖ ਇਕ ਮਿਲਵਰਤਨੀਆ ਹੈ ਤੇ ਦੂਜਾ ਨਾ-ਮਿਲਵਰਤਨੀਆ। ਪਰ ਜਦ ਧਰਮ ਦੀ ਆਣ ਬਣੇ, ਉਥੇ ਮਿਲਵਰਤਨੀਆ ਕੀ ਤੇ ਨਾ-ਮਿਲਵਰਤਨੀਆ ਕੀ, ਦੋਵੇਂ ਹੀ ਕੁਰਬਾਨੀ ਲਈ ਪਹਿਲ ਨੂੰ ਕਾਹਲੇ ਹਨ। ਭਾਈ ਤਾਰਾ ਸਿੰਘ ਦਾ ਜੀਵਨ ਇਕ ਆਦਰਸ਼ਕ ਜੀਵਨ ਹੈ। ਉਹ ਕੀ ਸਨ ਤੇ ਕੀ ਨਹੀਂ ਸਨ, ਇਹ ਫ਼ੈਸਲਾ ਸੂਝਵਾਨ ਪਾਠਕ ਆਪ ਹੀ ਕਰਨ। ਦਾਸ ਨੇ ਤਾਂ ਸਿਰਫ਼ ਤੱਥ ਹੀ ਉਜਾਗਰ ਕਰਨੇ ਹਨ।

ਪੰਜਾਬ ਤੇ ਮਾਝਾ

ਪੰਜਾਬ

ਹਿੰਦੁਸਤਾਨ ਦੇ ਸੂਬਿਆਂ (ਪ੍ਰਾਂਤਿਕ ਖੰਡਾਂ) ਵਿਚੋਂ ਪੰਜਾਬ ਦੀ ਨਿਵੇਕਲੀ ਹੀ ਨੁਹਾਰ ਹੈ। ਕੁਦਰਤ ਇਸ ਉਤੇ ਖ਼ਾਸੀ ਮਿਹਰਬਾਨ ਜਾਪਦੀ ਹੈ। ਇਸ ਦੀ ਧਰਤੀ ਪੱਧਰੀ ਤੇ ਬੜੀ ਉਪਜਾਊ ਹੈ। ਇਸ ਦੇ ਪੰਜੇ ਦਰਿਆ ਹੱਥ ਦੀਆਂ ਪੰਜਾਂ ਉਂਗਲਾਂ ਵਾਂਗ ਖਿਲਰ ਕੇ ਸਾਰਾ ਸਾਲ ਵਗਣ ਵਾਲੇ ਹਨ। ਉੱਤਰ ਵੱਲ ਅਮੁੱਕ ਕੁਦਰਤੀ ਖ਼ਜ਼ਾਨਿਆਂ ਨਾਲ ਮਾਲਾ ਮਾਲ ਦੁਨੀਆ ਭਰ 'ਚੋਂ ਉੱਚਾ ਹਿਮਾਲਿਆ ਪਹਾੜ, ਜੋ ਦੁਸ਼ਮਣਾਂ ਦਾ ਵੀ ਤੇ ਤਿੱਬਤ ਦੀਆਂ ਠੰਡੀਆਂ ਹਵਾਵਾਂ ਦਾ ਵੀ ਰਾਹ ਰੋਕੀ ਖੜਾ ਹੈ, ਇਸ ਲਈ ਕੁਦਰਤ ਦੀ ਬੜੀ ਵੱਡੀ ਬਖ਼ਸ਼ਿਸ਼ ਹੈ। ਪੰਜਾਬ ਦੇ ਪੌਣ ਪਾਣੀ ਨੂੰ ਸੁਖਾਵਾਂ ਨਹੀਂ ਕਿਹਾ ਜਾ ਸਕਦਾ। ਗਰਮੀਆਂ ਵਿਚ ਅਤਿ ਗਰਮ ਤੇ ਸਰਦੀਆਂ ਵਿਚ ਬੇਹੱਦ ਠੰਡਾ ਹੈ। ਸੋ ਇਸ ਦੇ ਅਤਿ ਗਰਮ ਤੇ ਠੰਡੇ ਪੌਣ ਪਾਣੀ ਦੀ ਹੀ ਦੇਣ ਹੈ ਕਿ ਇਸ ਦੇ ਵਾਸੀ ਬੜੇ ਹਾਠੇ ਤੇ ਸਖ਼ਤ ਮੁਸੀਬਤਾਂ ਦਾ ਟਾਕਰਾ ਕਰਨ ਵਾਲੇ ਹਨ। ਲੰਮੇ ਤੇ ਭਰਵੇਂ ਸਡੌਲ ਸਰੀਰ, ਉਭਰਵੇਂ ਚੌੜੇ ਮੱਥੇ, ਚੌੜੀਆਂ ਚਕਲੀਆਂ ਪੁੜਾਂ ਵਰਗੀਆਂ ਛਾਤੀਆਂ ਅਤੇ ਚਾਲ ਢਾਲ ਤੇ ਵਿਹਾਰ ਵਿਚ ਮਰਦਾਨਗੀ ਦੀ ਟਹਿਕ ਕੁਦਰਤ ਵਲੋਂ ਪੰਜਾਬੀਆਂ ਨੂੰ ਉਚੇਚੀ ਦੇਣ ਹੈ। ਮੁਸ਼ਕਲ ਤੋਂ ਮੁਸ਼ਕਲ ਕੰਮ ਨੂੰ ਕਰੜਾ ਹੱਥ ਪਾਉਣਾ ਇਹ ਚੰਗਾ ਜਾਣਦੇ ਹਨ। ਜਾਨ ਜੋਖ਼ਮ ਵਿਚ ਪਾ ਕੇ ਇਨ੍ਹਾਂ ਨੂੰ ਡਾਢਾ ਸੁਆਦ ਆਉਂਦਾ ਹੈ। ਨਵੇਂ ਸੂਰਜ ਨਿਤ ਨਵੀਆਂ ਮੁਹਿੰਮਾਂ ਇਨ੍ਹਾਂ ਦਾ ਮਨ-ਪਰਚਾਵਾ ਹੈ। ਪੰਜਾਬ ਸ਼ਾਹ-ਸਵਾਰਾਂ ਦਾ ਪਿੜ ਹੈ। ਦਿੱਲੀ ਦੇ ਤਖ਼ਤ ਉਤੇ ਚੈਨ ਨਾਲ ਉਹੋ ਹੀ ਟਿਕ ਸਕਿਆ ਜਿਸ ਨੇ ਪੰਜਾਬ ਨੂੰ ਕਾਬੂ ਵਿਚ ਰਖਿਆ। ਸਾਰੇ ਭਾਰਤ-ਵਰਸ਼ ਨੂੰ

ਗ਼ੁਲਾਮੀ ਦਿਆਂ ਸੰਗਲਾਂ ਵਿਚ ਜਕੜ ਲੈਣ ਵਾਲੇ ਅੰਗ੍ਰੇਜ਼ (ਜਿਨ੍ਹਾਂ ਦੇ ਰਾਜ ਵਿਚ ਕਦੇ ਸੂਰਜ ਛੁਪਦਾ ਹੀ ਨਹੀਂ ਸੀ) ਓਨਾ ਚਿਰ ਚੈਨ ਦੀ ਨੀਂਦ ਨਾ ਸੌਂ ਸਕੇ ਜਿੰਨਾ ਚਿਰ ਆਪਣੀ ਮੱਕਾਰੀ ਤੇ ਅਕਿਰਤਘਣਤਾ ਨਾਲ ਆਪਣੇ ਦਿਆਲੂ ਤੇ ਸੱਚੇ ਮਿੱਤਰ ਦਾ ਸਿਵਾ ਠੰਡਾ ਹੋਣ ਤੋਂ ਪਹਿਲੋਂ ਹੀ ਉਸ ਦੇ ਮਾਸੂਮ ਬੱਚੇ ਤੋਂ ਪੰਜਾਬ ਹੜੱਪ ਨਾ ਲਿਆ। ਪਰ ਪੰਜਾਬੀਆਂ ਨੇ ਅੰਗ੍ਰੇਜ਼ਾਂ ਨੂੰ ੯੮ ਸਾਲਾਂ ਵਿਚ ਕਦੇ ਵੀ ਨਿਸਲੀਆਂ ਕਰ ਕੇ (ਅਰਾਮ ਨਾਲ ਲੱਤਾਂ ਪਸਾਰ ਕੇ) ਪੈਣ ਨਹੀਂ ਸੀ ਦਿਤਾ। ਅੰਗ੍ਰੇਜ਼ਾਂ ਨੂੰ ਪੰਜਾਬੀਆਂ ਨੇ ਦੋ ਵਾਰ ਹੱਥ ਵਿਖਾਏ ਸਨ: ਪਹਿਲਾਂ ਜਦ ਉਨ੍ਹਾਂ ਦੇ ਵਿਰੁਧ ਲੜੇ ਤੇ ਦੂਜੀ ਵਾਰ (ਦੋਹਾਂ ਸੰਸਾਰ-ਯੁਧਾਂ ਵਿਚ) ਜਦ ਉਨ੍ਹਾਂ ਵਲੋਂ ਹੋ ਕੇ ਲੜੇ। ਅੰਗ੍ਰੇਜ਼ਾਂ ਵਿਚ ਚੇਤਾ ਰੱਖਣ ਦੀ ਸ਼ਕਤੀ, ਪਰਖਣ ਦੀ ਜਾਚ ਤੇ ਇਖ਼ਲਾਕ ਦੇ ਕੁਝ ਗੁਣ ਅਜੇ ਬਾਕੀ ਹਨ। ਪੀੜ੍ਹੀਓਂ ਪੀੜ੍ਹੀ ਨਾ ਭੁਲਣਗੇ, ਜੋ ਜਲਵੇ ਪੰਜਾਬੀਆਂ ਨੇ ਇਨ੍ਹਾਂ ਨੂੰ ਵਿਖਾ ਛੱਡੇ ਹਨ। ਪੰਜਾਬੀ ਭਾਰਤ ਦੀ ਰੀੜ੍ਹ ਦੀ ਹੱਡੀ ਹਨ। ਪੰਜਾਬ ਭਾਰਤ ਦੀ ਸ਼ਕਤੀ ਦਾ ਪ੍ਰਤੀਕ ਹੈ।

ਮਾਝਾ

ਪੰਜਾਬ ਵਿਚ ਮਾਝੇ ਦੇ ਇਲਾਕੇ ਨੂੰ ਉਹੀ ਅਸਥਾਨ ਹਾਸਲ ਹੈ ਜੋ ਭਾਰਤ ਵਿਚ ਪੰਜਾਬ ਨੂੰ। ਇਸ ਦੀ ਹੱਦਬੰਦੀ ਦਾ ਪਹਿਲਾਂ ਜ਼ਿਕਰ ਆ ਚੁਕਿਆ ਹੈ। ਪੰਜਾਬ ਵਿਚ ਇਸ ਦੀ ਪਦਵੀ ਅੰਗੂਠੀ ਵਿਚ ਜੜੇ ਹੀਰੇ ਵਰਗੀ ਹੈ। ਮਾਝਾ ਸੂਰਮਿਆਂ ਦੀ ਜੂਹ ਹੈ। ਇਨ੍ਹਾਂ ਲੋਕਾਂ ਨੇ ਅੱਜ ਤਕ ਕਿਸੇ ਦੀ ਆਕੜ ਤੇ ਟੈਂ ਨਹੀਂ ਮੰਨੀ ਤੇ ਨਾ ਹੀ ਕਿਸੇ ਨੂੰ ਤੜ੍ਹ ਮਾਰਨ ਦਿਤੀ। ਪੱਛਮ ਵੱਲੋਂ ਸਿਕੰਦਰ ਤੋਂ ਲੈ ਕੇ ਸ਼ਾਹ ਜ਼ਮਾਨ ਤਕ ਜਿੰਨੇ ਵੀ ਵੱਡੇ ਵੱਡੇ ਧਾੜਵੀ ਆਏ, ਇਥੇ ਟਿਕ ਨਾ ਸਕੇ।

ਮਾਝੇ ਦੀ ਧਰਤੀ ਨਿਤ ਦੇ ਜੰਗਾਂ ਯੁਧਾਂ ਦਾ ਭਖਦਾ ਭੱਠ ਬਣਿਆ ਰਿਹਾ। ਮਝੈਲਾਂ ਨੂੰ ਨਸਲ-ਦਰ-ਨਸਲ ਜੰਗਾਂ ਯੁਧਾਂ ਨੇ ਪੁੱਠ ਚਾੜ੍ਹੀ ਹੈ। ਖੰਘੂਰਾ ਮਾਰ ਕੇ ਜਾਂ ਹੈਂਕੜ ਵਿਖਾ ਕੇ ਕੋਈ ਜਰਵਾਣਾ ਇਧਰ ਦੀ ਸੁੱਕਾ ਤੇ ਸੁਖੀ-ਸਾਂਦੀ ਲੰਘ ਗਿਆ ਹੋਵੇ, ਇਤਿਹਾਸ ਵਿਚ ਇਕ ਵੀ ਮਿਸਾਲ ਨਹੀਂ ਮਿਲਦੀ। ਜਿਸ ਨੇ ਮਾਝੇ ਨੂੰ ਕਾਬੂ ਕਰ ਲਿਆ, ਸਮਝੋ ਪੰਜਾਬ ਦਾ ਮਾਲਕ ਹੋ ਗਿਆ।

ਮਝੈਲਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਫ਼ੌਜਾਂ ਵਿਚ ਸ਼ਾਮਲ ਹੋ ਕੇ ਮੁਗ਼ਲ ਫ਼ੌਜਾਂ ਨੂੰ ਦਮੋਂ ਕਢ ਛੱਡਿਆ। ਦਸਮੇਸ਼ ਜੀ ਦੇ ਖੰਡੇ ਬਾਟੇ ਦੇ ਅੰਮ੍ਰਿਤ ਨੇ ਇਨ੍ਹਾਂ ਦਿਆਂ ਜੰਗੀ ਜੌਹਰਾਂ ਨੂੰ ਨਿਖਾਰ ਕੇ ਖ਼ਾਲਸੇ ਨੂੰ ਦੇਸ਼ ਦਾ ਅਜਿੱਤ ਰਾਖਾ ਬਣਾ ਦਿਤਾ, ਜੋ ਇਕ ਫ਼ੌਲਾਦੀ ਚਟਾਨ ਸਿਧ ਹੋਇਆ ਤੇ ਪੱਛਮ ਵਲੋਂ ਉਠ ਕੇ, ਹਿੰਦੁਸਤਾਨ 'ਤੇ ਚੜ੍ਹ ਆਉਣ ਵਾਲੇ ਧਾੜਵੀਆਂ ਦੀਆਂ ਲਹਿਰਾਂ ਇਸ ਨਾਲ ਟਕਰਾਅ ਕੇ ਸਿਰ ਭੰਨਾਅ ਕੇ ਵਾਪਸ ਮੁੜਦੀਆਂ ਰਹੀਆਂ।

ਇਸ ਮਾਝੇ ਦੀ ਧਰਤੀ ਨੇ, ਜਿਸ ਨੂੰ ਪਹਿਲੀਆਂ ਨੌਂ ਪਾਤਸ਼ਾਹੀਆਂ ਨੇ ਆਪਣੀ ਪਾਵਨ-ਚਰਨ ਛੁਹ ਨਾਲ ਪਵਿੱਤਰ ਕੀਤਾ ਤੇ ਜਿਸ ਉਤੇ ਸਿੱਖੀ ਦਾ ਮਹਾਨ ਕੇਂਦਰ ਸਸ਼ੋਭਤ ਹੈ, ਨੇ ਬੜੇ ਬਲਵਾਨ ਤੇ ਧਰਮ-ਬੀਰ ਯੋਧੇ ਪੈਦਾ ਕੀਤੇ ਹਨ। ਜਿਵੇਂ ਬਾਬਾ ਬੁੱਢਾ ਜੀ, ਭਾਈ ਬਿਧੀ ਚੰਦ ਛੀਨਾ (ਸੁਰ ਸਿੰਘ ਵਾਲੇ), ਭਾਈ ਜੇਠਾ ਸਿਧਵਾਂ, ਸ਼ੀਹਾਂ ਭਲਣ, ਭਾਈ ਦਯਾ ਸਿੰਘ, ਮਾਤਾ ਭਾਗੋ, ਭਾਈ ਮਹਾਂ ਸਿੰਘ, ਭਾਈ ਬਾਜ ਸਿੰਘ ਮੀਰਪੁਰ, ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ, ਭਾਈ ਮੀਰੀ ਸਿੰਘ, ਬਾਬਾ ਨੌਧ ਸਿੰਘ, ਦੀਵਾਨ ਦਰਬਾਰਾ ਸਿੰਘ, ਨਵਾਬ ਕਪੂਰ ਸਿੰਘ, ਬਾਬਾ ਦੀਪ ਸਿੰਘ, ਬਾਬਾ ਤਾਰਾ ਸਿੰਘ ਡਲ 'ਵਾਂ', ਭਾਈ ਅਮਰ ਸਿੰਘ, ਭਾਈ ਬਘੇਲ ਸਿੰਘ, ਭਾਈ ਸੂਰਾ ਸਿੰਘ, ਭਾਈ ਅਹਾਤਾ ਸਿੰਘ, ਭਾਈ ਭੀਮ ਸਿੰਘ, ਭਾਈ ਬਾਦਲ ਸਿੰਘ, ਭਾਈ ਕੋਇਰ ਸਿੰਘ, ਭਾਈ ਵਧਾਵਾ ਸਿੰਘ, ਭਾਈ ਬੋਤਾ ਸਿੰਘ, ਭਾਈ ਗਰਜਾ ਸਿੰਘ, ਭਾਈ ਤਾਰੂ ਸਿੰਘ ਪੂਹਲਾ, ਭਾਈ ਸੁਖਾ ਸਿੰਘ ਮਾੜੀ ਕੰਬੋਕੀ, ਭਾਈ ਮਹਿਤਾਬ ਸਿੰਘ ਮੀਰਾਂ-ਕੋਟੀਆ, ਸ: ਜੱਸਾ ਸਿੰਘ ਰਾਮਗੜ੍ਹੀਆ ਈਚੋਗਿਲ, ਸ: ਜੈ ਸਿੰਘ ਕਾਹਨੀਆ, ਸ: ਹਰੀ ਸਿੰਘ ਭੰਗੀ, ਸ: ਗੰਡਾ ਸਿੰਘ ਭੰਗੀ, ਸ: ਗੁਜਰ ਸਿੰਘ ਭੰਗੀ, ਸ: ਲਹਿਣਾ ਸਿੰਘ ਭੰਗੀ, ਸ: ਬਘੇਲ ਸਿੰਘ ਭੰਗੀ ਆਦਿ ਐਵੇਂ ਟੂਕ ਮਾਤਰ ਕੁਝ ਕੁ ਨਾਮ ਹਨ। ਇਹ ਲਿਸਟ ਬਹੁਤ ਲੰਮੀ ਹੈ। ਅਨੰਦਪੁਰ ਸਾਹਿਬ, ਚਮਕੌਰ ਸਾਹਿਬ ਤੇ ਮੁਕਤਸਰ ਸਾਹਿਬ ਦਿਆਂ ਯੁਧਾਂ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਨਾਮ ਨਹੀਂ ਲਿਖੇ ਗਏ, ਸਿਰਫ਼ ਮਾਤਾ ਭਾਗੋ ਤੇ ਮਹਾਂ ਸਿੰਘ ਦਾ ਹੀ ਜ਼ਿਕਰ ਕੀਤਾ ਹੈ। ਓਹ ਬੇ-ਓੜਕ ਮਾਤਾਵਾਂ, ਬੀਬੀਆਂ ਤੇ ਸ਼ੀਰ-ਖ਼ੋਰ ਬੱਚੇ, ਜਵਾਨ ਤੇ ਬਿਰਧ, ਜੋ ਅਸਲਮ ਖ਼ਾਨ, ਜ਼ਬਰਦਸਤ ਖ਼ਾਨ, ਅਬਦੁਲ ਸਮੱਦ ਖ਼ਾਨ ਦਲੇਰੇ ਜੰਗ, ਫ਼ਰਖ਼ਸੀਅਰ, ਜ਼ਕਰੀਆ ਖ਼ਾਨ (ਖ਼ਾਨ ਬਹਾਦਰ), ਯਾਹੀਆ ਖ਼ਾਨ, ਸ਼ਾਹ ਨਿਵਾਜ਼, ਜਸਪਤ, ਲਖਪਤ ਤੇ ਮੀਰ ਮਨੂੰ

ਦਿਆਂ ਤਸੀਹਿਆਂ ਨੂੰ ਖਿੜੇ ਮੱਥੇ ਝਲਦੇ ਹੋਏ ਸਿਖ ਧਰਮ ਦੀ ਆਨ ਤੋਂ ਕੁਰਬਾਨ ਹੋ ਗਏ ਤੇ ਜਿਨ੍ਹਾਂ ਦੇ ਨਾਵਾਂ ਦਾ ਵੀ ਸਾਨੂੰ ਪਤਾ ਨਹੀਂ ਰਿਹਾ, ਇਸ ਮਾਝੇ ਦੀ ਹੀ ਧਰਤੀ ਦੇ ਜੰਮ-ਪਲ ਸਨ। ਇਹ ਅੱਤਕਥਨੀ ਨਹੀਂ ਹੋਵੇਗੀ ਜੇ ਇੰਜ ਕਹਿ ਲਿਆ ਜਾਵੇ ਕਿ ਖ਼ਾਲਸਾ ਪੰਥ ਆਪਣੇ ਦੋਵੇਂ ਵੇਲਿਆਂ ਦੀ ਅਰਦਾਸ ਵਿਚ ਜਿਨ੍ਹਾਂ ਧਰਮ ਤੇ ਦੇਸ਼ ਹੇਤ ਸੀਸ ਦੇਣ ਵਾਲੇ ਸ਼ਹੀਦਾਂ ਸਿੰਘਾਂ ਸਿੰਘਣੀਆਂ ਬੱਚਿਆਂ ਤੇ ਬਿਰਧਾਂ ਨੂੰ ਯਾਦ ਕਰਦਾ ਹੋਇਆ ਮਾਨਸਿਕ ਬਲ ਤੇ ਅਥਾਹ ਰੋਹ ਨਾਲ ਭਰ ਜਾਂਦਾ ਹੈ, ਉਨ੍ਹਾਂ ਯਾਦ ਕੀਤੇ ਜਾਣ ਵਾਲਿਆਂ ਵਿਚੋਂ ਬਹੁਤੇ ਮਾਝੇ ਦੀ ਗੋਦ ਵਿਚ ਹੀ ਜੰਮ-ਪਲ ਕੇ ਪਰਵਾਨ ਚੜ੍ਹੇ ਸਨ।

ਭਾਈ ਤਾਰਾ ਸਿੰਘ 'ਵਾਂ' ਵਾਲੇ, ਜਿਨ੍ਹਾਂ ਦੇ ਸ਼ਹੀਦੀ ਸਾਕੇ ਦਾ ਜ਼ਿਕਰ ਇਸ ਪੁਸਤਕ ਵਿਚ ਕੀਤਾ ਜਾ ਰਿਹਾ ਹੈ, ਉਹ ਵੀ ਇਸੇ ਸੂਰਮਿਆਂ ਦੇ ਖਿੱਤੇ ਵਿਚ ਪੈਦਾ ਹੋਏ ਸਨ। ਸੂਰਮਿਆਂ ਨੂੰ ਅਣਖ ਦੀ ਆਨ ਹੁੰਦੀ ਹੈ, ਸੋ ਇਹ ਆਪਣੇ ਸਾਥੀਆਂ ਸਮੇਤ ਸਿਰ ਨਾਲ ਨਿਭਾ ਗਏ।

'ਵਾਂ' ਪਿੰਡ

ਦੁੱਧ, ਦਹੀਂ, ਘਿਉ ਤੇ ਲੱਸੀ, ਜਿਸ ਦੀ ਪੰਜਾਬ ਭਰ ਤੇ ਮਾਝੇ ਵਿਚ ਖ਼ਾਸ ਕਰਕੇ ਕਦੇ ਵੀ ਥੁੜ ਨਹੀਂ ਰਹੀ, ਮਝੈਲਾਂ ਦੀ ਖ਼ੁਰਾਕ ਦਾ ਵੱਡਾ ਅੰਗ ਹਨ। ਇਹੋ ਕਾਰਨ ਹੈ ਕਿ ਮਾਝੇ ਵਿਚ ਵੱਡੇ ਵੱਡੇ ਕਦਾਵਰ ਜੁਆਨ ਤੇ ਭਲਵਾਨ ਹੋਏ ਹਨ, ਜਿਵੇਂ ਫ਼ਤਹ ਸਿੰਘ ਵਲਟੋਹਾ, ਕਿਕਰ ਸਿੰਘ ਘਣੀਏ ਕੇ, ਸ਼ਾਮ ਸਿੰਘ ਕਾਲੇ, ਹਮੀਦਾ, ਗਾਮਾ, ਮੰਗਲ ਸਿੰਘ ਤਰਗਾ, ਗੰਡਾ ਸਿੰਘ ਜੌਹਲ, ਸੁਰਜਨ ਸਿੰਘ ਡਲੀਰੀ, ਅਰਜਨ ਸਿੰਘ ਢੋਟੀਆਂ, ਪੂਰਨ ਸਿੰਘ ਸੇਰੋਂ, ਕਰਮ ਸਿੰਘ ਮੁੰਡਾ ਪਿੰਡ, ਬਿਸ਼ਨ ਸਿੰਘ ਕਾਦੀ-ਵਿੰਡ ਤੇ ਅੱਜ ਦੇ ਸਮੇਂ ਦੇ ਦਾਰਾ ਸਿੰਘ ਹੁਰੀਂ ਦੇਵਾਂ ਵਰਗੇ ਦਰਸ਼ਨੀ ਜੁਆਨ, ਜਿਨ੍ਹਾਂ ਦਾ ਦੁਨੀਆ ਨੇ ਲੋਹਾ ਮੰਨਿਆ ਤੇ ਅੱਜ ਵੀ ਮੰਨਦੀ ਹੈ। ਕਾਰਨ ? ਦੁੱਧ ਦੀ ਬਹੁਤਾਤ। ਇਹੋ ਸਬੱਬ ਹੈ ਕਿ ਮਾਝੇ ਵਾਲਿਆਂ ਦਾ ਆਪਣੇ ਮਾਲ-ਡੰਗਰ ਨਾਲ ਅਤਿਅੰਤ ਪਿਆਰ ਹੁੰਦਾ ਹੈ। ਇਸ ਪਿਆਰ ਦੀ ਝਲਕ ਮਝੈਲਾਂ ਦੇ ਮੇਲ-ਮੁਲਾਕਾਤ ਵੇਲੇ ਵੀ ਪੂਰੀ ਨਜ਼ਰ ਆਉਂਦੀ ਹੈ। ਮਿਲਣ ਵਾਲੇ ਦੋਵੇਂ ਸੱਜਣ ਫ਼ਤਹ ਤੋਂ ਪਿਛੋਂ ਘਰ-ਬਾਰ ਦੀ ਸੁਖ-ਸਾਂਦ ਨਾਲ ਮਾਲ-ਡੰਗਰ ਤੇ ਲਵੇਰੇ ਬਾਰੇ ਵੀ ਜ਼ਰੂਰ ਪੁਛਦੇ ਹਨ। ਜੇ ਘਰ ਵਿਚ ਚੰਗੀਆਂ ਦੁਧੈਲ ਮੱਝਾਂ, ਵਧੀਆ ਬਲਦਾਂ ਦੀ ਜੋੜੀ ਤੇ ਚੜ੍ਹਨ ਨੂੰ ਸੋਹਣਾ ਘੋੜਾ ਘੋੜੀ ਹੈ, ਫੇਰ ਮਝੈਲ ਦੀ ਕੋਈ ਛਬ ਵੇਖੇ। ਜੱਟ ਭਗਤ ਬਣ ਕੇ ਤੇ ਰੱਬ ਦੀ ਭਗਤੀ ਵਿਚ ਲੀਨ ਹੋ ਕੇ ਵੀ ਆਪਣੇ ਮਾਲ-ਡੰਗਰ ਤੇ ਆਪਣੀ ਖ਼ੁਰਾਕ ਬਾਰੇ ਨਹੀਂ ਭੁਲਦਾ। ਭਗਤ ਕਬੀਰ ਜੀ ਤਾਂ ਰੱਬ ਤੋਂ ਮੰਗਣ ਵੇਲੇ ਐਵੇਂ ਥੋੜੀ ਜਿਹੀ ਖਿਚੜੀ ਦੇ ਰਾਸ਼ਨ 'ਤੇ ਹੀ ਬਸ ਕਰ ਗਏ, ਪਰ ਧੰਨੇ ਭਗਤ ਨੇ ਆਪਣਾ ਜਟਅਊ ਵਿਖਾ ਦਿਤਾ ਹੈ—ਦਾਲ, ਘਿਉ, ਸੱਤ ਸੀਆਂ ਲਾ ਕੇ ਪਕਾਈ ਕਣਕ, ਲਵੇਰੀ ਗਾਂ ਤੇ ਮੱਝ

ਅਤੇ ਚੜ੍ਹਨ ਲਈ ਅਰਬੀ ਘੋੜੀ ਨਹੀਂ ਭੁਲਿਆ[1]।

ਰੱਜ ਕੇ ਛਕਣਾ ਛਕਾਉਣਾ, ਕਸਰਤ, ਸੌਂਚੀ, ਘੋਲ, ਕੌਡੀ, ਰੱਸਾ, ਛਾਲਾਂ, ਮੁਗਦਰ, ਮੁੰਗਲੀਆਂ, ਵੀਣੀਂ ਫੜਨੀ, ਗੋਲਾ ਸੁਟਣਾ, ਗਤਕੇ-ਬਾਜ਼ੀ, ਨੇਜ਼ੇ-ਬਾਜ਼ੀ, ਡਾਂਗ ਸੋਟਾ, ਦੰਗਾ-ਫ਼ਸਾਦ, ਮਾਲ ਨਾਲ਼ ਪਿਆਰ ਤੇ ਮਾਲ ਚਾਰਨਾ ਮਝੈਲਾਂ ਦੇ ਖ਼ੂਨ ਵਿਚ ਹੈ। ਪਹਿਲਿਆਂ ਸਮਿਆਂ ਵਿਚ ਮਾਲ ਚਾਰਨ ਦਾ ਰਿਵਾਜ ਸਿਖਰ 'ਤੇ ਸੀ। ਕਾਫ਼ੀ ਰਕਬਾ ਜੰਗਲਾਂ ਬੇਲਿਆਂ ਨੇ ਨੱਪਿਆ ਹੋਇਆ ਸੀ ਤੇ ਮਾਲ ਚਾਰਨ ਲਈ ਬੜੀਆਂ ਬੜੀਆਂ ਖੁਲ੍ਹੀਆਂ ਚਰਾਂਦਾਂ ਹੋਇਆ ਕਰਦੀਆਂ ਸਨ।

ਮਾਲ ਚਾਰਨ ਵਿਚ ਸਿਰਹਾਲੀ, ਰਾਜਾ ਜੰਗ (ਹੁਣ ਪਾਕਿਸਤਾਨ), ਤੇ ਮੋਕਲ (ਪਾਕਿਸਤਾਨ) ਬਹੁਤ ਪ੍ਰਸਿੱਧ ਸਨ। ਰਾਵੀ ਦੇ ਖੱਬੇ ਕੰਢੇ ਢਾਹੇ ਲਾਗੇ ਵਸਿਆ ਪਿੰਡ ਈਚੋਗਿਲ ਉਤਾੜ ਹੈ (ਹੁਣ ਪਾਕਿਸਤਾਨ ਵਿਚ), ਜਿਸ ਦੇ ਉੱਤਰ ਵਿਚ ਪਿੰਡ ਰਾਣੀਆਂ ਅਤੇ ਕੱਕੜ ਹਨ (ਇਹ ਦੋਵੇਂ ਹਿੰਦੁਸਤਾਨ ਵਿਚ ਹਨ ਤੇ ਐਨ ਸਰਹੱਦ ਲਾਗੇ ਹਨ ਅਤੇ ਈਚੋਗਿਲ ਉਤਾੜ ਵੀ ਮਾਲ ਚਾਰਨ ਵਿਚ ਉਘਾ ਮੁਢ ਤੋਂ ਹੀ ਰਾਠ ਜੱਟਾਂ ਦੀ ਵਸੋਂ ਰਿਹਾ। ਇਥੋਂ ਦੇ ਬੁਟਰ ਗੋਤ ਦੇ ਜੱਟ ਬੜੇ ਮਾਰ-ਖੋਰੇ ਸਨ ਤੇ ਲਾਗੇ-ਬੰਨੇ ਇਨ੍ਹਾਂ ਦਾ ਬੜਾ ਦਬਦਬਾ ਸੀ। ਹਰ ਸਾਲ ਵਖ ਵਖ ਢਾਣੀਆਂ ਬਣਾ ਕੇ ਇਹ ਦੂਰ ਤਕ ਮਾਲ-ਡੰਗਰ ਲੈ ਕੇ ਚਲੇ ਜਾਂਦੇ।

ਇਕ ਵਾਰ ਕੁਝ ਢਾਣੀਆਂ ਨੇ ਅਲਗੋਂ[2] ਵਾਲੇ ਥੇਹ 'ਤੇ ਆਣ ਡੇਰਾ ਲਾਇਆ ਤੇ ਆਸ ਪਾਸ ਪਸ਼ੂ ਚਾਰਨ ਲਗੇ। ਏਥੋਂ ਹੀ ਇਹ ਚਾਰਦੇ ਚਾਰਦੇ 'ਵਾਂ'[3]

---

੧. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੯੫।

੨. ਸ੍ਰੀ ਅੰਮ੍ਰਿਤਸਰ-ਭਿਖੀਵਿੰਡ-ਖੇਮਕਰਨ ਵਾਲੀ ਸੜਕ 'ਤੇ ਭਿਖੀਵਿੰਡੋਂ ਸਤ ਕਿਲੋਮੀਟਰ ਅੱਗੇ ਅਲਗੋਂ ਪਿੰਡ ਹੈ। ਰਕਬੇ ਦੇ ਲਿਹਾਜ਼ ਨਾਲ ਬੜਾ ਵੱਡਾ ਪਿੰਡ ਹੈ। ਇਹ ਥੇਹ ਸੜਕੋਂ ਸੱਜੇ ਹੱਥ ਅੱਧਾ ਕੁ ਕਿਲੋਮੀਟਰ ਹਟ ਕੇ ਹੈ। ਅੱਜ ਵੀ ਮੌਜੂਦ ਹੈ।

੩. 'ਵਾਂ' ਜੋ ਡਲ-ਵਾਂ ਕਰਕੇ ਵੀ ਪ੍ਰਸਿੱਧ ਹੈ, ਡੱਲ ਪਿੰਡ ਤੋਂ ਦੱਖਣ ਵਿਚ ੪ ਕਿਲੋਮੀਟਰ ਦੀ ਵਿੱਥ 'ਤੇ ਹੈ। ਪਹਿਲਾਂ ਪਹਿਲ ਇਸ ਨੂੰ ਡੱਲ ਬੇਈਂ, 'ਡੱਲ ਬਈ,' 'ਡਲ ਵੇਈਂ' ਤੇ 'ਡੱਲ ਵਾਈ' ਕਿਹਾ ਜਾਂਦਾ ਸੀ। ਸਹਿਜੇ ਸਹਿਜੇ ਇਹ ਬਦਲਦਾ ਬਦਲਦਾ 'ਡਲ-ਵਾਂ' ਬਣ ਗਿਆ ਹੈ। ਅੱਜ ਵੀ ਇਸ ਨੂੰ 'ਡਲ-ਵਾਂ' ਜਾਂ 'ਵਾਂ' ਕਹਿੰਦੇ ਹਨ। 'ਡਲ-ਵਾਂ' ਤੇ 'ਵਾਂ' ਤੋਂ ਕੇਵਲ 'ਵਾਂ' (ਸਿਰਫ਼ ਇਕੱਲਾ 'ਵਾਂ' ਪਿੰਡ) ਹੀ ਜਾਣਿਆ ਜਾਵੇਗਾ।

ਦੀ ਜੂਹ ਵਿਚ ਜਾ ਨਿਕਲੇ। ਇਨ੍ਹਾਂ ਛੇੜੂਆਂ ਨੇ 'ਵਾਂ' ਦੀ ਜੂਹ ਵਿਚੋਂ ਚਰ ਕੇ ਮੁੜੀਆਂ ਲਵੇਰੀਆਂ ਥਲੇ ਦੁੱਧ ਕੁਝ ਵਧਿਆ ਵੇਖਿਆ। ਪੰਜ ਸਤ ਦਿਨਾਂ ਦੇ ਇਸ ਤਜਰਬੇ ਨੇ ਉਨ੍ਹਾਂ ਨੂੰ ਇਹ ਨਿਸਚਾ ਕਰਾ ਦਿਤਾ ਕਿ ਇਹ ਸਭ ਇਸ ਜੂਹ ਦੇ ਘਾਹ-ਪੱਠੇ ਵਿਚ ਹੀ ਬਰਕਤ ਹੈ। ਹੁਣ ਅਲਗੋਂ ਥੇਹ ਵਾਲਾ ਸਾਰਾ ਮਾਲ ਇਸ ਪਾਸੇ ਹੀ ਆਉਣ ਲੱਗ ਪਿਆ। 'ਵਾਂ' ਦੇ ਬਾਂਭੇ (ਬਲ੍ਹਣ) ਖਤਰੀਆਂ ਨੇ

☛ **ਸਥਿਤੀ**: ਇਹ ਦੋਵੇਂ ਪਿੰਡ ਮਾਝੇ ਦੇ ਕੇਂਦਰੀ ਵਰਗ ਵਿਚ ਸਥਿਤ ਹਨ। ਅਣ-ਵੰਡੇ ਪੰਜਾਬ ਵਿਚ ਇਹ ਥਾਣਾ ਖਾਲੜਾ ਤਹਿਸੀਲ ਕਸੂਰ ਜ਼ਿਲਾ ਲਾਹੌਰ ਵਿਚ ਸਨ। ਵੰਡ ਸਮੇਂ ਇਹ ਚਾਰ ਥਾਣੇ—ਖਾਲੜਾ, ਭਿਖੀਵਿੰਡ, ਪੱਟੀ, ਵਲਟੋਹਾ ਲਾਹੌਰ ਦੀ ਤਹਿਸੀਲ ਕਸੂਰ ਵਿਚੋਂ ਕੱਟ ਕੇ ਹਿੰਦੁਸਤਾਨ ਵਿਚ ਹੀ ਰਹਿ ਗਏ। ਬਾਕੀ ਸਾਰਾ ਲਾਹੌਰ ਪਾਕਿਸਤਾਨ ਵਿਚ ਹੀ ਚਲਿਆ ਗਿਆ। ਇਨ੍ਹਾਂ ਚਾਰ ਥਾਣਿਆਂ ਦੀ ਅੱਡ ਤਹਿਸੀਲ ਪੱਟੀ ਬਣਾ ਕੇ ਜ਼ਿਲਾ ਅੰਮ੍ਰਿਤਸਰ ਵਿਚ ਸ਼ਾਮਲ ਕਰ ਦਿਤੀ ਗਈ ਸੀ। ਹੁਣ ਪ੍ਰਸਿਧ ਨਗਰ ਖੇਮਕਰਨ ਨੂੰ ਵੀ ਥਾਣਾ ਬਣਾ ਦਿਤਾ ਹੈ। 'ਵਾਂ' ਤੇ ਡੱਲ ਦੋਵੇਂ ਪਿੰਡ ਹੀ ਪੂਰਬੀ ਪੰਜਾਬ ਦੀ ਪੱਛਮੀ ਹੱਦ ਤੋਂ ਡੇਢ ਕਿਲੋਮੀਟਰ ਅੰਦਰ ਵਲ ਨੂੰ ਹਨ। ਅੰਮ੍ਰਿਤਸਰੋਂ ਜੋ ਸੜਕ ਝਬਾਲ, ਭਿਖੀਵਿੰਡ ਤੇ ਅਮਰ ਕੋਟ ਵਿਚ-ਦੀ ਹੋ ਕੇ ਖੇਮਕਰਨ ਅੱਪੜਦੀ ਹੈ, ਭਿੱਖੀਵਿੰਡੋਂ ਚਾਰ ਕਿਲੋਮੀਟਰ ਖੇਮਕਰਨ ਵਲ ਇਸ 'ਤੇ ਲੱਗੀਆਂ ੪੪-੪੫ ਕਿ: ਮੀ: ਦੀਆਂ ਬੁਰਜੀਆਂ ਵਿਚਕਾਰੋਂ ਇਕ ਸੜਕ ਸੱਜੇ ਹੱਥ ਨੂੰ ਨਿਕਲਦੀ ਹੈ। ਇਹ ਸੜਕ ਪਿੰਡ ਚੂਹੰਗ, ਜੋ ਸ਼ਹੀਦ ਹਾਤਾ ਸਿੰਘ ਦਾ ਪਿੰਡ ਹੈ, ਦੇ ਪੂਰਬ ਥਾਣੀ ਲੰਘ ਕੇ ਨਗਰ ਭੈਣੀ ਮੱਸਾ ਸਿੰਘ ਨੂੰ ਖੱਬੇ ਹੱਥ ਛਡ ਕੇ ਅੱਗੇ ਬਾਸਰਕੇ ਪਿੰਡ ਦੇ ਦੱਖਣ ਦੇ ਪਾਸੇ ਨਾਲ ਨਾਲ ਹੋ ਕੇ ਸਿਧੀ 'ਵਾਂ' ਜਾ ਮੁਕਦੀ ਹੈ। ਸੜਕ ਦੀ ਹਾਲਤ ਚੂਹੰਗ ਪਿੰਡ ਤੋਂ ਅੱਗੇ ਬਹੁਤ ਖ਼ਰਾਬ ਹੈ। ਭਿਖੀਵਿੰਡੋਂ ਇਸ ਰਸਤੇ 'ਵਾਂ' ਲਗ ਪਗ ੧੩ ਕਿਲੋਮੀਟਰ ਹੈ। ਡਲ ਨੂੰ ਇਥੋਂ ਉੱਤਰ ਵਲ ਕੱਚਾ ਰਸਤਾ ਜਾਂਦਾ ਹੈ। ਡੱਲ ਤੋਂ ਬਿਨਾਂ 'ਵਾਂ' ਦੇ ਦੁਆਲੇ ਨਾਲ ਲੱਗਣ ਵਾਲੇ ਇਹ ਪਿੰਡ ਹਨ: ਮਾੜੀ ਕੰਬੋਕੇ (ਬਾਬਾ ਸੁਖਾ ਸਿੰਘ ਦਾ ਪਿੰਡ) ਚੜ੍ਹਦਾ ਪਹਾੜ, ਸਾਢੇ ੩ ਕਿਲੋਮੀਟਰ ਦੂਰ; ਬਾਸਰਕੇ, ਚੜ੍ਹਦਾ ਪਾਸਾ, ਫ਼ਾਸਲਾ ੪ ਕਿਲੋਮੀਟਰ;ਚੱਕ ਬਾਂਭਾ, ਥੋੜਾ ਚੜ੍ਹਦਾ ਦੱਖਣ, ਫ਼ਾਸਲਾ ਢਾਈ ਕਿਲੋਮੀਟਰ;ਰਾਜੋਕੇ, ਐਨ ਦੱਖਣ ਵਿਚ, ਫ਼ਾਸਲਾ ੪ ਕਿਲੋਮੀਟਰ—ਇਹ ਸਾਰੇ ਪਿੰਡ ਹਿੰਦੁਸਤਾਨ ਵਿਚ ਹਨ। ਚਠਿਆਂ ਵਾਲਾ (ਇਹ ਖਾਰਾ ਗੋਤ ਦਿਆਂ ਜੱਟਾਂ ਦਾ ਬੜਾ ਵੱਡਾ ਪਿੰਡ ਸੀ) ਦੱਖਣ ਲਹਿੰਦਾ ੫ ਕਿਲੋਮੀਟਰ; ਥੇਹ ਮਹਿੜੋਲੀਆਂ ਪਾਸਾ ਲਹਿੰਦਾ ਦੱਖਣ, ੪ ਕਿਲੋਮੀਟਰ ਦੀ ਵਿਥ 'ਤੇ; ਜਾਮੁਣ ਲਹਿੰਦਾ ਕੋਨਾ, ਫ਼ਾਸਲਾ ੫ ਕਿਲੋ ਮੀਟਰ—ਇਹ ਤਿੰਨੇ ਪਿੰਡ ਹੁਣ ਪਾਕਿਸਤਾਨ ਵਿਚ ਹਨ।

ਇਨ੍ਹਾਂ ਅੱਠਾਂ ਪਿੰਡਾਂ ਦੀਆਂ ਹੱਦਾਂ 'ਵਾਂ' ਨਾਲ ਲਗਦੀਆਂ ਹਨ। ਭਿਖੀਵਿੰਡੋਂ ਖੇਮਕਰਨ ਵਾਲੇ ਪਾਸੇ ਡੇਢ ਕਿਲੋਮੀਟਰ ਅਗੇ ਜਾ ਕੇ ਇਕ ਸੜਕ ਸੱਜੇ ਹੱਥ ਨੂੰ ਪਾਟਦੀ ਹੈ। ਇਹ ਸੜਕ ☛

ਇਤਰਾਜ਼ ਕੀਤਾ ਤੇ ਇਨ੍ਹਾਂ ਲੋਕਾਂ ਨੂੰ ਆਪਣੀ ਮਾਲਕੀ ਵਿਚ ਪਸ਼ੂ ਚਰਾਉਣੋਂ ਵਰਜਿਆ। ਗੱਲ ਜਦ ਵਧ ਕੇ ਡਾਂਗ ਸੋਟੇ 'ਤੇ ਆਈ ਤਾਂ ਖਤਰੀ ਜਿਤ ਗਏ। ਇਹ ਲੋਕ ਜਦ ਈਚੋਗਿਲ ਨੂੰ ਵਾਪਸ ਗਏ ਤਾਂ 'ਵਾਂ' ਦੀ ਚਰਾਂਦ ਦੇ ਘਾਹ ਦਾ ਡਾਢਾ ਚਰਚਾ ਹੋਇਆ। ਅਗਲੇ ਸਾਲ ਈਚੋਗਿਲ ਦਿਆਂ ਬੁਟਰਾਂ ਦਾ ਸਾਰਾ ਛੇੜ ਹੀ ਇਸ ਪਾਸੇ ਨੂੰ ਉਲਰ ਪਿਆ। ਇਸ ਵਾਰੀ ਨਾਲ ਹੀ ਡਾਂਗ-ਬਹਾਦਰ ਢੇਰ ਸਾਰੇ ਸਨ। ਖਤਰੀ ਬਿਰਕੇ ਹੀ ਨਾ। ਜਦ ਇਨ੍ਹਾਂ ਇਥੇ ਛੰਨਾਂ ਤੇ ਕੁਲੀਆਂ ਪਾ ਲਈਆਂ ਤਾਂ ਖਤਰੀਆਂ ਦੇ ਭਾ ਦੀ ਬਣ ਗਈ। ਪਰ ਬਾਹੀਂ ਨਜਿੱਠਣ ਦਾ ਹੌਸਲਾ ਤੇ ਸਤਿਆ ਉਨ੍ਹਾਂ ਵਿਚ ਸੀ ਨਹੀਂ। ਜਦ ਅਸਲੋਂ ਹੀ ਯਰਕ ਗਏ ਤਾਂ ਬੁਟਰਾਂ ਨੇ ਖਤਰੀਆਂ ਦਾ ਮਾਲ ਚਰਾਂਦ ਵਿਚ ਵੜਨੋਂ ਰੋਕਣਾ ਸ਼ੁਰੂ ਕਰ ਦਿਤਾ। ਖਤਰੀ ਬਹੁਤੇ ਨਾ ਅੜੇ, ਤੇ ਇਨ੍ਹਾਂ ਇਸੇ ਸਾਲ ਡਲ ਦੀ ਸਾਰੀ ਜੂਹ ਮੱਲ ਲਈ ਤੇ ਡਲੋਂ ਖਤਰੀ ਕਢ ਕੇ ਡਲ ਨੂੰ ਨੱਪ ਲਿਆ। 'ਵਾਂ' ਵੀ ਉਨ੍ਹਾਂ ਦੇ ਅੱਖ ਤਿਣ ਸੀ, ਸੋ ਪਿਛੋਂ 'ਵਾਂ' ਵੀ ਖੋਹ ਲਿਆ। ਖਤਰੀ ਕਮਜ਼ੋਰ ਸਨ। ਲੜਨ ਭਿੜਨ ਵਿਚ ਪੇਸ਼ ਨਾ ਜਾਂਦੀ ਵੇਖ ਕੇ ਸਿਆਣਪ ਤੋਂ ਕੰਮ ਲੈਂਦਿਆਂ ਬੁਟਰਾਂ ਦੀ ਮਿੰਨਤ ਸਮਾਜਤ ਕੀਤੀ ਤੇ ਕਿਹਾ ਕਿ ਅਸੀਂ ਵੀ ਤੁਹਾਡੇ ਭਰਾ ਹਾਂ, ਸਾਡੇ ਨਾਲ ਏਨੀ ਮਾੜੀ ਨਾ ਕਰੋ, ਸਾਡਾ ਵੀ ਕੁਝ ਸੋਚੋ। ਇਸ 'ਤੇ 'ਵਾਂ' ਦੇ ਚੜ੍ਹਦੇ ਦੱਖਣ ਵਿਚ 'ਵਾਂ' ਤੋਂ ਦੋ ਢਾਈ ਕਿਲੋਮੀਟਰ ਹਟ ਕੇ ਕੁਝ ਜ਼ਮੀਨ ਉਨ੍ਹਾਂ ਦੇ ਗੁਜ਼ਾਰੇ ਲਈ ਛਡ ਦਿਤੀ। ਇਨ੍ਹਾਂ ਬਾਂਭੇ (ਬਲੂਣ) ਖਤਰੀਆਂ 'ਚੱਕ ਬਾਂਭਾ' ਨਾਮੀ ਪਿੰਡ ਬੰਨ੍ਹ ਲਿਆ, ਜੋ ਅੱਜ ਵੀ ਮੌਜੂਦ ਹੈ। ਇਹ ਖਤਰੀ 'ਵਾਂ' 'ਤੇ ਕਾਬਜ਼ ਬੁਟਰਾਂ ਦਾ ਹੱਥੀਂ ਤਾਂ ਕੁਝ ਨਾ ਵਿਗਾੜ ਸਕੇ, ਪਰ ਸਰਕਾਰੇ ਦਰਬਾਰੇ ਚੁਗ਼ਲੀ ਬਖ਼ੀਲੀ ਰਾਹੀਂ ਲਗੀ ਵਾਹ 'ਵਾਂ' ਵਾਲਿਆਂ ਦਾ ਬੁਰਾ ਹੀ ਕਰਦੇ ਰਹੇ। ਬਾਬਾ ਬੰਦਾ ਸਿੰਘ ਦੇ ਸਮੇਂ ਪਿਛੋਂ ਮਿਸਲਾਂ ਦੇ ਵਕਤ ਇਹ ਸਿੰਘਾਂ ਦੇ ਦੋਖੀ ਹੀ ਰਹੇ। ਇਹ ਬੁਰਿਆਈ

☛ ਪਿੰਡ ਚੇਲਾ, ਭੁਲਵਾਨਕੇ, ਦਰਾਜਕੇ, ਮਾੜੀ ਉਧੋਕੇ ਤੋਂ ਮਾੜੀ ਕੰਬੋਕੇ ਆਣ ਮੁਕਦੀ ਹੈ। ਇਥੋਂ 'ਵਾਂ' ਨੂੰ ਕੱਚਾ ਰਸਤਾ ਜਾਂਦਾ ਹੈ। ਐਸ ਵੇਲੇ ਜ਼ਿਆਦਾ ਆਵਾ ਜਾਈ ਇਸ ਰਸਤੇ ਹੈ। 'ਵਾਂ' ਤੋਂ ਲਾਹੌਰ ਨੂੰ ਜਾਣ ਵਾਲਾ ਰਸਤਾ ਜਾਮੁਣ, ਹੇਰ੍ਹ, ਠੇਠਰ, ਡੇਰਾ ਰੰਘੜਾਂ, ਲਿਧੜ, ਗੁਹਾਵਾ, ਸਹਿਜਪਾਲ, ਮੀਆਂ ਮੀਰ ਦੀ ਛਾਉਣੀ (ਲਾਹੌਰ ਦੇ ਦੱਖਣ ਚੜ੍ਹਦੇ ਪਾਸੇ) ਵਿਚ-ਦੀ ਹੋ ਕੇ ਲਾਹੌਰ ਪੁੱਜਦਾ ਸੀ। ਕਾਂ-ਉਡਾਰੀ ਇਹ ਰਾਹ ੨੪-੨੫ ਕਿਲੋਮੀਟਰ ਹੋਵੇਗਾ। ਭਾਈ ਤਾਰਾ ਸਿੰਘ ਉਤੇ ਹਮਲੇ ਸਮੇਂ ਮੋਮਨ ਖ਼ਾਨ ਆਪਣੀ ਫ਼ੌਜ ਲੈ ਕੇ ਇਸੇ ਰਸਤੇ ਆਇਆ ਸੀ।

ਇਨ੍ਹਾਂ ਨਾਲ ਪੱਕੀ ਤਰ੍ਹਾਂ ਹੀ ਚਿੰਬੜ ਗਈ ਹੈ। ਦੁਆਲੇ ਦੇ ਪਿੰਡ ਇਸ ਨੂੰ ਚੱਕ ਬਾਂਭਾ ਨਹੀਂ ਸੱਦਦੇ, ਸਗੋਂ ਇਸ ਦਾ ਨਾਉਂ 'ਬੁਰਾ ਪਿੰਡ' ਕਰਕੇ ਲੈਂਦੇ ਹਨ। ਉਂਜ 'ਡੱਲ' 'ਵਾਂ' ਜੋ ਕ੍ਰਮਵਾਰ ਉੱਤਰ-ਦੱਖਣ ਰੁਖ਼ 'ਤੇ ਹਨ, ੪ ਕਿਲੋਮੀਟਰ ਦੀ ਵਿਥ 'ਤੇ ਹਨ, ਪਰ ਅੱਜ ਵੀ 'ਡਲ' 'ਵਾਂ' ਹੀ ਵਜਦੇ ਹਨ। ਡਲ ਵਿਚ ਬਾਠ ਗੋਤ ਦੇ ਜੱਟ ਵਸਦੇ ਹਨ।

(੬)

ਭਾਈ ਤਾਰਾ ਸਿੰਘ ਜੀ ਦੇ ਵਡੇਰੇ

ਭਾਈ ਤਾਰਾ ਸਿੰਘ ਦੇ ਵੱਡ-ਵਡੇਰੇ ਈਚੋਗਿਲ ਉਤਾੜ ਤੋਂ ਆ ਕੇ ਪਿੰਡ 'ਵਾਂ' 'ਤੇ ਕਬਜ਼ਾ ਕਰ ਕੇ ਵਸ ਗਏ ਸਨ। ਇਸ ਦਾ ਰਕਬਾ ਚਾਰ ਕੁ ਹਜ਼ਾਰ ਏਕੜ ਹੈ। 'ਵਾਂ' ਦੀਆਂ ਵੱਡੀਆਂ ਵੱਡੀਆਂ ਤਿੰਨ ਪੱਤੀਆਂ ਇਹ ਹਨ: ਤੋਲੋ ਦੀ, ਰੂਪੋ ਦੀ, ਸੈਦੇ ਦੀ। ਪਰ ਹੌਲੀ ਹੌਲੀ ਵਸੋਂ ਦੇ ਵਾਧੇ ਨਾਲ ਕਈ ਟੱਬਰ ਏਡੇ ਏਡੇ ਵਧ ਫੁਲ ਗਏ ਹਨ ਕਿ ਹੁਣ ਉਹ ਵੀ ਪੱਤੀਆਂ ਵਾਂਗ ਹੀ ਜਾਣੇ ਜਾਂਦੇ ਹਨ, ਜਿਵੇਂ ਰਣਧੀਰਾਂ ਦੀ, ਲਿਚੀਆਂ ਦੀ, ਬਘੇ ਵਾਲੀਆਂ ਦੀ, ਕੰਦੇ ਵਾਲੀਆਂ ਦੀ ਅਤੇ ਕਾਵਾਂ ਦੀ।

ਤੋਲੋ ਦੀ ਪੱਤੀ ਵਿਚ ਗੁਰੂ ਹਰਿ ਰਾਇ ਸਾਹਿਬ ਦੇ ਸਮੇਂ ਇਕ ਚਘਾ ਨਾਮ ਦਾ ਜੱਟ ਹੋਇਆ ਹੈ। ਇਸ ਦੇ ਵੱਡੇ-ਵਡੇਰੇ, ਜਿਨ੍ਹਾਂ ਦੀ ਵਸੋਂ ਈਚੋਗਿਲ ਵਿਖੇ ਸੀ, ਪੀਰ ਨਗਾਹੀਏ ਦੇ ਮੁਰੀਦ ਸਨ, ਨਾਲ ਹੀ ਤਕੜੇ ਦੇਵੀ-ਭਗਤ ਵੀ ਸਨ। ਗੁਰੂ ਅੰਗਦ ਦੇਵ ਜੀ ਦੇ ਸਮੇਂ ਇਸ ਪਿੰਡ ਨੂੰ ਸਿੱਖੀ ਦੀ ਪਾਹ ਲਗੀ ਤੇ ਫੇਰ ਜਦ ਇਨ੍ਹਾਂ ਦੀ ਆਲ ਔਲਾਦ 'ਵਾਂ' ਆ ਵਸੀ ਤਾਂ ਇਸ ਦੇ ਕਾਫ਼ੀ ਘਰਾਣੇ ਪੂਰੀ ਤਰ੍ਹਾਂ ਸਿੱਖੀ ਨਾਲ ਜੁੜ ਚੁਕੇ ਸਨ। ਚਘਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਦਾ ਅਨਿੰਨ ਸ਼ਰਧਾਲੂ ਸੀ। ਇਸ ਦੇ ਘਰ ਤਿੰਨ ਪੁਤ ਜਨਮੇ—ਮਾਹੀ, ਜੈਤਾ ਤੇ ਗੁਰਦਾਸ। ਇਸ ਦੇ ਸਭ ਤੋਂ ਛੋਟੇ ਪੁਤਰ ਗੁਰਦਾਸ ਨੇ ਦਸਮੇਸ਼ ਜੀ ਦੇ ਸਮੇਂ ਅੰਮ੍ਰਿਤ ਛਕਿਆ ਸੀ ਤੇ ਹਮੇਸ਼ਾ ਸਿੰਘਾਂ ਦਾ ਸਾਥ ਦਿਤਾ ਅਤੇ ਸ੍ਰੀ ਅਨੰਦਪੁਰ ਸਾਹਿਬ ਦੀਆਂ ਲੜਾਈਆਂ ਵਿਚ ਹਿੱਸਾ ਲਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੱਖਣ ਵਲ ਚਲੇ ਜਾਣ ਸਮੇਂ ਭਾਈ ਗੁਰਦਾਸ ਸਿੰਘ ਜੀ ਆਗਿਆ ਪਾ ਕੇ ਪਿੰਡ ਹੀ ਆਣ ਟਿਕੇ। ਕਮਰਕੱਸਾ ਖੋਲ੍ਹ ਕੇ ਹਲ ਦੀ ਜੰਘੀ ਫੜੀ ਹੀ ਸੀ ਕਿ ਬੰਦਾ ਸਿੰਘ ਬਹਾਦਰ

ਪੰਜਾਬ ਵਲ ਆ ਗਿਆ ਤੇ ਸਿੰਘਾਂ ਨੂੰ ਦਸਮੇਸ਼ ਜੀ ਦੇ ਹੁਕਮਨਾਮੇ ਪੁਜ ਗਏ ਕਿ ਪੰਥ ਦੇ ਜਥੇਦਾਰ ਦਾ ਵਧ ਚੜ੍ਹ ਕੇ ਸਾਥ ਦੇਣ ਤੇ ਦੁਸ਼ਟਾਂ ਨੂੰ ਕੀਤੀਆਂ ਦਾ ਫਲ ਭੁਗਤਾਉਣ। ਬੱਸ ਫਿਰ ਭਾਈ ਗੁਰਦਾਸ ਸਿੰਘ ਬੰਦਾ ਸਿੰਘ ਦੇ ਨਾਲ ਜਾ ਸ਼ਾਮਲ ਹੋਏ ਤੇ ਯੁਧਾਂ ਵਿਚ ਤਕੜਾ ਹਿੱਸਾ ਲਿਆ। "ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰ ਨਦਰਿ ਕਰੇਇ"[1] ਦੇ ਮਹਾਂ ਵਾਕ ਅਨੁਸਾਰ ਸਤਿਗੁਰੂ ਦੀ ਮਿਹਰ ਨਾਲ ਇਨ੍ਹਾਂ ਦੇ ਘਰ ਪੰਜ ਪੁਤਰ ਹੋਏ—ਤਾਰਾ ਸਿੰਘ, ਭਾਗ ਸਿੰਘ, ਸੰਗਤ ਸਿੰਘ, ਨਥੂ ਸਿੰਘ ਤੇ ਕਥੂ ਸਿੰਘ। ਸਾਰਿਆਂ ਤੋਂ ਵੱਡਾ ਤਾਰਾ ਸਿੰਘ ਸੀ, ਜੋ ਪਿਛੋਂ ਸ਼ਹੀਦ ਭਾਈ ਤਾਰਾ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਇਆ। ਇਹੋ ਹੀ ਇਸ ਖ਼ੂਨੀ ਸਾਕੇ ਦੇ ਮੁਖੀ ਪਾਤਰ ਹਨ।

ਸ਼ਹੀਦ ਹੋਣ ਦੀ ਉਮਰ ਦੇ ਹਿਸਾਬ ਨਾਲ ਇਨ੍ਹਾਂ ਦਾ ਜਨਮ ੧੭੫੯ ਬਿਕਰਮੀ ਮੁਤਾਬਕ ੧੭੦੨ ਈਸਵੀ ਵਿਚ ਹੋਇਆ ਹੋਵੇਗਾ। ਭਾਈ ਮਨੀ ਸਿੰਘ ਜੀ ਜਦ ਮਾਤਾ ਸੁੰਦਰ ਕੌਰ ਜੀ ਦੇ ਆਦੇਸ਼ ਨਾਲ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਲਈ ਅਤੇ ਤੱਤ ਖ਼ਾਲਸਾ ਤੇ ਬੰਦਈ ਖ਼ਾਲਸਾ ਵਿਚਕਾਰ ਪੈ ਚੁਕੇ ਅਜੋੜ ਨੂੰ ਸਮੇਟਣ ਲਈ ਦਿਲੀਓਂ ਪੰਜਾਬ ਆਏ ਸਨ ਤਾਂ ਨਾਲ ਉਨ੍ਹਾਂ ਅੰਮ੍ਰਿਤ ਪ੍ਰਚਾਰ ਵੀ ਅਰੰਭ ਦਿਤਾ ਸੀ। ਭਾਈ ਮਨੀ ਸਿੰਘ ਜੀ ਜਾਂ ਪਿਛੋਂ ਬਾਬਾ ਦੀਪ ਸਿੰਘ ਜੀ ਦੀ ਜਥੇਦਾਰੀ ਵਿਚ ਉਨ੍ਹਾਂ ਪਾਸੋਂ ਅੰਮ੍ਰਿਤ ਛਕਣਾ ਉਸ ਵੇਲੇ ਦੇ ਸਿੰਘਾਂ ਵਿਚ ਬੜਾ ਵੱਡਾ ਮਾਣ ਸਮਝਿਆ ਜਾਂਦਾ ਸੀ। ਭਾਈ ਗੁਰਦਾਸ ਸਿੰਘ ਦੇ ਵਡੇ ਪੁਤਰ ਤਾਰਾ ਸਿੰਘ ਨੇ ਵੀ ਭਾਈ ਮਨੀ ਸਿੰਘ ਜੀ ਦੀ ਜਥੇਦਾਰੀ ਵਿਚ ਅੰਮ੍ਰਿਤ ਛਕਿਆ ਤੇ ਸਿੰਘ ਸੱਜ ਗਏ।

੧. ਸਿਰੀਰਾਗੁ ਮਹਲਾ ੫, ਪੰਨਾ ੪੪।

(੭)

ਭਾਈ ਤਾਰਾ ਸਿੰਘ ਜੀ ਦਾ ਵਾੜਾ

ਭਾਈ ਗੁਰਦਾਸ ਸਿੰਘ ਦੀ ਜ਼ਮੀਨ ਪਿੰਡ ਦੀ ਦੱਖਣੀ ਹੱਦ ਦੇ ਨਾਲ ਹੀ ਆਣ ਲਗਦੀ ਸੀ। ਅੰਮ੍ਰਿਤ ਛਕਣ ਤੋਂ ਪਹਿਲਾਂ ਵਾਹੀ ਜੋਤੀ ਦਾ ਮਰਹੈਲ ਤਾਰਾ ਸਿੰਘ ਹੀ ਹੁੰਦਾ ਸੀ, ਪਰ ਬਾਅਦ ਵਿਚ ਪਿੰਡ ਨਾਲ ਲਗਦੇ ਖੇਤਾਂ ਵਿਚੋਂ ਇਕ ਖੇਤ ਵਿਚ ਇਕ ਡਾਢਾ ਖੁਲ੍ਹਾ ਵਾੜਾ[1] ਵਲ ਲਿਆ ਤੇ ਉਸ ਦੇ ਵਿਚ ਇਕ ਕੱਚਾ ਬੁਰਜ ਵੀ ਉਸਾਰ ਲਿਆ ਤੇ ਏਥੇ ਰਹਿਣਾ ਸ਼ੁਰੂ ਕਰ ਦਿਤਾ। ਉਸ ਸਮੇਂ ਪਿੰਡ ਦੇ ਉਦਾਲੇ ਮਲ੍ਹਾਂ, ਬੇਰੀਆਂ, ਜੰਡ, ਕ੍ਰੀਰ, ਰੇਰੂ ਤੇ ਕਿੱਕਰ ਬਹੁਤ ਸੰਘਣੇ ਹੁੰਦੇ ਸਨ। ਇਹ ਵਾੜਾ ਵੀ ਇਨ੍ਹਾਂ ਦੇ ਕੰਡਿਆਲੇ ਛਾਪਿਆਂ ਨਾਲ ਹੀ ਵਲਿਆ ਹੋਇਆ ਸੀ ਅਤੇ ਵਾੜ ਇੰਨੀ ਚੌੜੀ ਤੇ ਉਚੀ ਸੀ ਕਿ ਕੋਈ ਸਵਾਰ ਘੋੜਾ ਕੁਦਾ ਕੇ ਅੰਦਰ ਨਹੀਂ ਸੀ ਆ ਸਕਦਾ। ਊਠ ਦਾ ਸਵਾਰ ਵੀ ਚੜ੍ਹਿਆ ਚੜ੍ਹਾਇਆ ਵਾੜੇ ਉਤੇ-ਦੀ ਅੰਦਰ ਨਹੀਂ ਸੀ ਤਕ ਸਕਦਾ। ਸਾਰੇ ਵਾੜੇ ਦਾ ਕੇਵਲ ਇਕ ਹੀ ਫਲ੍ਹਾ ਸੀ, ਜੋ ਅੰਦਰੋਂ ਬੰਦ ਹੋ ਜਾਂਦਾ ਸੀ। ਵਾੜੇ ਦੇ ਅੰਦਰ ਕੁਝ ਕੁ ਕੁਲੀਆਂ ਤੇ ਛੱਨਾਂ ਜਿਹੀਆਂ ਬਣੀਆਂ ਹੋਈਆਂ ਸਨ, ਜਿਨ੍ਹਾਂ ਦੇ ਫ਼ਰਸ਼ ਤੇ ਝੋਨੇ ਦੀ ਪ੍ਰਾਲੀ ਵਿਛੀ ਹੁੰਦੀ ਸੀ। ਇਨ੍ਹਾਂ ਕੁਲੀਆਂ ਛੱਨਾਂ ਦੇ ਸਾਹਮਣੇ ਇਕ ਵਾਹਵਾ ਚੌੜਾ ਤੇ ਡੂੰਘਾ ਟੋਆ ਪੁੱਟਿਆ ਹੋਇਆ ਸੀ, ਜਿਸ ਵਿਚ ਜੰਡ, ਰੇਰੂ ਤੇ ਕਿੱਕਰਾਂ ਦੇ ਵੱਡੇ ਵੱਡੇ ਮੁਢ ਸੁੱਟ ਕੇ ਚੜ੍ਹਦੇ ਸਿਆਲ ਅੱਗ ਲਾ ਦਿਤੀ ਜਾਂਦੀ ਤੇ ਇਹ ਅੰਗੀਠਾ

੧. ਵਾੜਾ : ਕਿੱਕਰ ਜੰਡ ਕ੍ਰੀਰ ਤੇ ਮਲ੍ਹੇ ਬੇਰੀ ਦੇ ਛਾਪਿਆਂ ਨੂੰ ਆਪਸ ਵਿਚ ਫਸਾ ਫਸਾ ਕੇ ਵਲਿਆ ਹੋਇਆ ਵਲਗਣ ਜਾਂ ਅਹਾਤਾ ਵਾੜਾ ਅਖਵਾਉਂਦਾ ਹੈ। ਇਸ ਦੇ ਚੁਫੇਰੇ ਦੀ ਕੰਧ ਵੱਡੀ ਚੌੜੀ ਤੇ ਉਚੀ ਵਾੜ ਹੀ ਹੁੰਦੀ ਹੈ। ਇਸ ਦੇ ਹੇਠ ਦੀ, ਉਤਦੀ ਜਾਂ ਵਿਚਦੀ ਲੰਘਣਾ ਬਿਲਕੁਲ ਅਸੰਭਵ ਹੈ। ਪੁਰਾਣੇ ਸਮੇਂ ਵਿਚ ਇਹ ਬਚਾਉ ਦਾ ਚੰਗਾ ਸਾਧਨ ਹੋਇਆ ਕਰਦਾ ਸੀ। ਹੁਣ ਇਨ੍ਹਾਂ ਦਾ ਰਿਵਾਜ ਬਹੁਤ ਘਟ ਗਿਆ ਹੈ।

ਦਿਨ ਰਾਤ ਹਰ ਵੇਲੇ ਮਘਦਾ ਰਹਿੰਦਾ। ਇਹ ਟੋਆ ਖੁਲ੍ਹਾ ਤੇ ਡੂੰਘਾ ਵਿਉਂਤ ਨਾਲ ਬਣਾਇਆ ਹੋਇਆ ਸੀ ਤੇ ਇਸ ਵਿਚ ਏਡੇ ਵੱਡੇ ਵੱਡੇ ਮੁਢ ਪਾਏ ਜਾਂਦੇ ਸਨ ਕਿ ਇਕ ਵਾਰ ਦਾ ਮਘਿਆ ਹੋਇਆ ਅੰਗੀਠਾ ਚੜ੍ਹੇ ਵਿਸਾਖ ਤਕ ਠੰਡਾ ਨਾ ਹੁੰਦਾ। ਜੇ ਸਿਆਲ ਵਿਚ ਕਿਧਰੇ ਵਰਖਾ ਇਸ ਨੂੰ ਥੋੜੇ ਸਮੇਂ ਲਈ ਬੁਝਾ ਵੀ ਦੇਂਦੀ ਤਾਂ ਦੁਬਾਰਾ ਮਘਾ ਦਿਤਾ ਜਾਂਦਾ। ਇਹ ਸਦਾ-ਮਘਦਾ-ਅੰਗੀਠਾ ਸਿੰਘਾਂ ਲਈ ਸਿਆਲ ਵਿਚ ਬੜਾ ਵੱਡਾ ਆਸਰਾ ਸੀ।

ਰਾਠ ਸਿੰਘਾਂ ਦੇ ਜੀਵਨ ਦੀ ਇਕ ਝਾਕੀ

ਬਾਬਾ ਬੰਦਾ ਸਿੰਘ ਤੇ ਉਸ ਨਾਲ ਫੜੇ ਉਸ ਦੇ ਸਾਥੀਆਂ ਦੇ ਕਤਲਾਮ ਪਿਛੋਂ ਦਿੱਲੀ ਤੇ ਲਾਹੌਰ ਦੀਆਂ ਸਰਕਾਰਾਂ ਨੇ ਸਮਝ ਲਿਆ ਕਿ ਸਿੱਖਾਂ ਦੀ ਸਦਾ ਲਈ ਅਲਖ ਮੁਕਾਅ ਦਿਤੀ ਗਈ ਹੈ। ਮੁਲਕ ਵਿਚ ਅਮਨ-ਚੈਨ ਤੇ ਇਕ ਵਾਰ ਐਨ ਸੁੰਨ-ਸਾਨ ਹੋ ਗਈ। ਪਰ ਇਹ ਚੁਪ-ਚਾਂ ਕਿਸੇ ਆਉਣ ਵਾਲੇ ਤੂਫ਼ਾਨ ਦਾ ਪੇਸ਼ਖ਼ੈਮਾ ਸੀ। ਬਾਬਾ ਬਿਨੋਦ ਸਿੰਘ ਨੇ ਫਿਰ ਖਿਲਰੇ-ਖਪਰੇ ਸਿੰਘਾਂ ਨੂੰ ਨਵੇਂ ਸਿਰਿਓਂ ਸੰਗਠਤ ਕਰਨ ਦਾ ਕੰਮ ਅਰੰਭਿਆ। ਇੰਜ ਕੋਈ ਤਕੜਾ ਦਲ ਤਾਂ ਨਾ ਕਾਇਮ ਹੋ ਸਕਿਆ, ਜੋ ਬੰਦਾ ਸਿੰਘ ਦੇ ਸਮੇਂ ਵਾਂਗ ਹਿੰਦੁਸਤਾਨ ਦੀ ਹਕੂਮਤ ਨਾਲ ਮਿਥਵੀਂ ਟੱਕਰ ਲੈ ਸਕੇ, ਪਰ ਇਹ ਛੋਟੀਆਂ ਛੋਟੀਆਂ ਜਥੇਬੰਦੀਆਂ, ਜੋ ਪਿਛੋਂ ਮਿਸਲਾਂ ਦਾ ਰੂਪ ਧਾਰਨ ਕਰ ਗਈਆਂ, ਆਉਣ ਵਾਲੇ ਤੂਫ਼ਾਨ ਦੇ ਮੁਢਲੇ ਬੁਲੇ ਸਨ, ਜਿਨ੍ਹਾਂ ਨੇ ਤੂਫ਼ਾਨ ਬਣ ਕੇ ਪੰਜਾਬ ਵਿਚੋਂ ਮੁਗ਼ਲ ਰਾਜ ਦੇ ਤਣੇ ਪੁਟ ਛਡੇ। ਪਰ ਸਤਾਰ੍ਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਇਨ੍ਹਾਂ ਨਿਕਿਆਂ ਨਿਕਿਆਂ ਜਥਿਆਂ ਨੇ ਹਕੂਮਤ ਦਾ ਨੱਕ ਵਿਚ ਦਮ ਕਰਨ ਲਈ 'ਢਾਈ ਫਟ ਵਾਲਾ' ਗੁਰੀਲਾ ਲੜਾਈ ਦਾ ਢੰਗ ਅਪਨਾਇਆ। ਹਿੰਦੁਸਤਾਨ ਦੇ ਇਤਿਹਾਸ ਵਿਚ ਇਹ ਸਭ ਤੋਂ ਪਹਿਲਾ ਗੁਰੀਲਾ ਲੜਨ-ਢੰਗ ਸੀ, ਜੋ ਸਿੰਘਾਂ ਸ਼ੁਰੂ ਕਰ ਕੇ ਸਿਖਰ 'ਤੇ ਪਹੁੰਚਾ ਦਿਤਾ। ਇਹ ਉਹੋ ਢੰਗ ਸੀ ਜਿਨ੍ਹਾਂ ਅਹਿਮਦ ਸ਼ਾਹ ਨੂੰ ਦਮੋਂ ਕਢ ਦਿਤਾ ਸੀ। ਇਨ੍ਹਾਂ ਜੁਝਾਰੂ ਸਿੰਘਾਂ ਦੇ ਹੱਠ, ਬਲ ਤੇ ਕੁਰਬਾਨੀ ਦੇ ਨਜ਼ਾਰੇ ਵੇਖ ਵੇਖ ਕੇ, ਸਿੰਘਾਂ ਦਾ ਅਤਿ ਦਰਜੇ ਦਾ ਵੈਰੀ ਕਾਜ਼ੀ ਨੂਰ ਮੁਹੰਮਦ ਵੀ ਗਾਲ੍ਹਾਂ ਦੇਣੀਆਂ ਬੰਦ ਕਰ ਕੇ ਅਸ਼ ਅਸ਼ ਕਰਦਾ ਹੋਇਆ ਸੋਹਲੇ ਗਾਉਣ ਲੱਗ ਪਿਆ ਸੀ।

ਗੁਰੀਲਾ ਲੜਨ-ਢੰਗ ਬੜਾ ਹੀ ਕਠਨ ਹੁੰਦਾ ਹੈ। ਹਰ ਵੇਲੇ ਦੀ ਥੁੜ,

ਮੁਸ਼ਕਲਾਂ, ਫਾਕੇ, ਸਰਦੀ ਗਰਮੀ ਦੀ ਤੰਗੀ ਤੇ ਮੌਤ ਨਾਲ ਸਾਹਮਣਾ ਰਹਿੰਦਾ ਹੈ। ਮੁਗ਼ਲ ਹਕੂਮਤ ਨੇ ਸਾਰਾ ਟਿੱਲ ਲਾ ਕੇ ਸਿੱਖਾਂ 'ਤੇ ਸਖ਼ਤੀਆਂ ਅਰੰਭੀਆਂ ਹੋਈਆਂ ਸਨ, ਪਰ ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਹੀ ਰਹੇ। ਇਨ੍ਹਾਂ ਸਭ ਸਖ਼ਤੀਆਂ ਤੇ ਤੰਗੀਆਂ-ਤੁਰਸ਼ੀਆਂ ਨੂੰ ਉਹ ਖ਼ਾਤਰ ਵਿਚ ਨਹੀਂ ਸਨ ਲਿਆਉਂਦੇ। ਸਿੰਘ ਕਿਹਾ ਕਰਦੇ ਸਨ ਕਿ ਉਨ੍ਹਾਂ ਦੇ ਪ੍ਰਸ਼ਾਦੇ ਸਦਾ ਲਈ ਸਰਕਾਰ ਨੇ ਵਰਜੇ ਹੋਏ ਹਨ ਅਤੇ ਅਰਾਕੇ ਤੇ ਸ਼ਸਤਰ ਬਸਤਰ ਸਲਾਮੀ ਵਜੋਂ ਲੈਂਦੇ ਹਾਂ। ਇਸ ਦਾ ਅਰਥ ਇਹ ਹੈ ਕਿ ਖ਼ਾਨ ਬਹਾਦਰ ਦੀਆਂ ਤੌਰਾਨੀ, ਮੁਗ਼ਲੀਆ ਤੇ ਪਠਾਣ ਫ਼ੌਜਾਂ ਦੇ ਦਸਤੇ ਸਿੰਘਾਂ ਦੀ ਭਾਲ ਵਿਚ ਉਨ੍ਹਾਂ ਮਗਰ ਚੜ੍ਹੇ ਰਹਿੰਦੇ ਸਨ। ਇਹ ਦਸਤੇ ਆਪਣੀ ਕਾਰ-ਗੁਜ਼ਾਰੀ ਵਿਚ ਕਿੰਨੇ ਕੁ ਕਾਮਯਾਬ ਹੁੰਦੇ ਸਨ, ਉਹ ਇਸ ਪੱਖੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਰਾਠ ਸਿੰਘਾਂ ਪਾਸ ਸਾਰੇ ਅਸਤਰ-ਸ਼ਸਤਰ ਤੇ ਅਰਾਕੇ ਸ਼ਾਹੀ ਸੈਨਾ ਤੋਂ ਖੋਹੇ ਹੋਏ ਹੀ ਹੁੰਦੇ ਸਨ। ਕਿਸੇ ਪੈਦਲ ਸਿੰਘ ਨੂੰ ਜੇ ਕੋਈ ਘੋੜ-ਚੜ੍ਹਿਆ ਸਿੰਘ ਪੁਛਦਾ ਕਿ "ਸਿੰਘ ਜੀ, ਅਰਾਕਾ ?" ਅਗੋਂ ਦੂਸਰੇ ਦਾ ਜੁਆਬ ਹੁੰਦਾ, "ਸ਼ਾਹੀ ਤਬੇਲੇ ਵਿਚ ਨਿਹਾਰੀਆਂ ਖਾ ਰਿਹਾ ਹੈ, ਬੱਸ ਦਿਹਾੜੀ ਡੰਗ ਤਾਈਂ ਸਰਕਾਰ ਹਾਜ਼ਰ ਕਰ ਦੇਗੀ, ਆਇਆ ਹੀ ਖੜਾ ਹੈ।" ਤੇ ਕੁਝ ਸਮੇਂ ਪਿਛੋਂ ਉਹ ਸਿੰਘ ਸੱਚ ਮੁੱਚ ਅਰਾਕੇ 'ਤੇ ਹੀ ਹੁੰਦਾ ਤੇ ਉਸ ਦਾ ਪਹਿਲਾ ਸਰਕਾਰੀ ਸਵਾਰ ਕੁਰੰਗ ਦੀ ਸ਼ਕਲ ਵਿਚ ਅਵਲ ਤਾਂ ਵੀਹ ਵਿਸਵੇ ਰੱਕੜ ਬੇਲਿਆਂ ਦੇ ਝਾੜਾਂ ਕ੍ਰੀਰਾਂ ਵਿਚ ਰੁਲ ਰਿਹਾ ਹੁੰਦਾ ਜਾਂ ਫਿਰ ਕੁਝ ਅੰਗ ਵਢਾ ਛੰਗਾ ਕੇ ਖ਼ੁਸ਼ਕਿਸਮਤੀ ਨਾਲ ਜੇ ਜੀਊਂਦਾ ਵਾਪਸ ਮੁੜ ਗਿਆ ਹੁੰਦਾ ਤਾਂ ਕਿਸੇ ਫਟ-ਬੰਨ੍ਹ ਜਾਂ ਜੱਰਾਹ ਦੇ ਦੁਆਰੇ 'ਤੇ ਬੈਠਾ ਉਸ ਨੂੰ ਅਸੀਸਾਂ ਦੇ ਰਿਹਾ ਤੇ ਅੱਲਾ ਪਾਕ ਦਾ ਲੱਖ ਲੱਖ ਸ਼ੁਕਰ ਕਰਦਾ ਹੋਇਆ ਮੂਜ਼ੀ ਤੇ ਕਾਫ਼ਰ ਸਿੱਖਾਂ ਨੂੰ ਬਦ-ਦੁਆਈਂ ਦੇ ਰਿਹਾ ਹੁੰਦਾ।

ਫ਼ੌਜੀ ਛਾਉਣੀਆਂ ਨੂੰ ਜਾਣ ਵਾਲਾ ਰਸਦ-ਪਠਾ, ਘੋੜਿਆਂ ਦੇ ਸੌਦਾਗਰ, ਬਰੂਦ ਦੇ ਲੱਦੇ ਸਰਕਾਰੀ ਗੱਡੇ, ਹਾਲਾ ਮਾਲੀਆ ਉਘਰ ਕੇ ਲਾਹੌਰ ਨੂੰ ਜਾਂ ਪਰਗਣਿਆਂ ਵਲੋਂ ਲਿਆਂਦਾ ਜਾ ਰਿਹਾ, ਛਾਉਣੀਆਂ ਵਿਚ ਤਾਰੀਆਂ ਜਾਣ ਵਾਲੀਆਂ ਤਨਖ਼ਾਹਾਂ ਲਈ ਜਾ ਰਿਹਾ ਖ਼ਜ਼ਾਨਾ, ਸਿੰਘਾਂ ਦੇ ਦੋਖੀ ਚੌਧਰੀਆਂ ਦੀਆਂ ਫ਼ਸਲਾਂ ਤੇ ਦਾਣੇ ਫੱਕੇ ਦੇ ਜ਼ਖ਼ੀਰੇ, ਜੋ ਸਰਕਾਰ ਨੂੰ ਪੁਜਦੇ ਕਰਨ ਲਈ ਉਨ੍ਹਾਂ ਦੇ ਜ਼ਿੰਮੇ ਲੱਗੇ ਹੁੰਦੇ ਸਨ ਅਤੇ ਮੁਗ਼ਲ ਜਾਂ ਪਠਾਣ ਸੌਦਾਗਰਾਂ ਦੇ ਮਾਲ ਨਾਲ

ਲੱਦੇ ਹੋਏ ਕਾਫ਼ਲੇ ਸਿੰਘਾਂ ਦਾ ਖ਼ਾਸ ਨਿਸ਼ਾਨਾ ਹੁੰਦੇ ਸਨ। ਆਪਣੀਆਂ ਸਾਰੀਆਂ ਲੋੜਾਂ ਉਹ ਇੰਜ ਸਰਕਾਰ ਦੇ ਸਿਰੋਂ ਹੀ ਪੂਰੀਆਂ ਕਰਿਆ ਕਰਦੇ ਸਨ। ਅਤੇ ਜਦ ਸਿੰਘ ਕਦੀ ਮਾਰ ਧਾੜ ਕਰ ਕੇ ਵਾਪਸ ਆਉਂਦੇ ਤਾਂ ਇਸ ਵਾੜੇ ਵਿਚ ਆ ਕੇ ਅੰਗੀਠੇ ਦੇ ਆਸ ਪਾਸ ਪਏ ਖੁੰਡਾਂ ਨਾਲ ਤਰੰਗਾਂ ਦੀਆਂ ਲਗਾਮਾਂ ਅੜਾ ਕੇ ਪਲ ਕੁ ਅੱਗ ਦਾ ਨਿਘ ਲੈ ਲੈਂਦੇ। ਭਾਈ ਤਾਰਾ ਸਿੰਘ ਦੇ ਲੰਗਰੋਂ ਪ੍ਰਸ਼ਾਦ ਪਾਣੀ ਛਕ ਕੇ, ਨੀਂਦਰਾ ਤੇ ਥਕੇਵਾਂ ਭੰਨ ਕੇ, ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ ਵਾੜਿਓਂ ਨਿਕਲ ਕੇ ਜੰਗਲਾਂ ਬੇਲਿਆਂ ਵਿਚ ਅਲੋਪ ਹੋ ਜਾਂਦੇ ਤੇ ਅਗਲੇ ਸ਼ਿਕਾਰ ਦੀ ਸੂਹ 'ਤੇ ਉਸ ਦੇ ਪਿਛੇ ਲਗ ਜਾਂਦੇ। ਇਹ ਸੀ ਉਸ ਵੇਲੇ ਰਾਠ ਸਿੰਘਾਂ ਦੇ ਜੀਵਨ ਦਾ ਨਿਤ ਦਾ ਰੁਝੇਵਾਂ।

(੯)

ਭਾਈ ਤਾਰਾ ਸਿੰਘ ਜੀ 'ਵਾਂ' ਦਾ ਅਟੰਕ ਵਸੇਬਾ

ਭਾਈ ਤਾਰਾ ਸਿੰਘ ਜੀ ਕੋਈ ਵਿਹਲੜ ਡੇਰੇਦਾਰ ਮਹੰਤ ਤੇ ਪੂਜਾ ਪ੍ਰਤਿਸ਼ਟਾ ਦਾ ਧਨ ਛਕ ਕੇ ਆਲਸੀ ਜੀਵਨ ਬਤੀਤ ਕਰਨ ਵਾਲੇ ਵਿਅਕਤੀ ਨਹੀਂ ਸਨ, ਸਗੋਂ ਆਪਣੀ ਕਿਰਤ ਕਮਾਈ ਦੂਜਿਆਂ ਨਾਲ ਵੰਡ ਕੇ ਛਕਣ ਵਾਲੇ ਸਨ। ਉਹ ਗਰੀਬਾਂ ਅਤੇ ਹੀਣਿਆਂ 'ਤੇ ਦਇਆ ਕਰਨ ਵਾਲੇ, ਮਾੜਿਆਂ ਦੇ ਮਰ੍ਹੈਲ, ਦੁਖਿਆਰਿਆਂ ਦੀ ਬਾਂਹ ਫੜ ਕੇ ਸਿਰੇ ਲਾ ਦੇਣ ਵਾਲੇ, ਇਕ ਅਕਾਲ ਪੁਰਖ ਤੋਂ ਬਿਨਾਂ ਕਿਸੇ ਦਾ ਭੈ ਜਾਂ ਆਸਰਾ ਨਾ ਮੰਨਣ ਵਾਲੇ, ਪੁੱਜ ਕੇ ਸੱਚੇ ਖਾੜਕੂ ਤੇ ਰੱਜ ਕੇ ਨਿਡਰ ਸਨ। ਉਨ੍ਹਾਂ ਦਾ ਦਰ ਹਰੇਕ ਲਈ ਹਰ ਵੇਲੇ ਖੁਲ੍ਹਾ ਸੀ। ਆਪ ਜੀ ਘੋੜਿਆਂ ਦੇ ਗੁਣਾਂ ਔਗੁਣਾਂ ਦੇ ਚੰਗੇ ਪਾਰਖੂ ਤੇ ਇਨ੍ਹਾਂ ਦੀਆਂ ਬੀਮਾਰੀਆਂ ਤੇ ਦਵਾ ਦਾਰੂ ਦੇ ਵੀ ਚੰਗੇ ਜਾਣੂ ਸਨ। ਦੂਰ ਦੂਰ ਦੇ ਆਮ ਲੋਕੀਂ ਵੀ ਇਨ੍ਹਾਂ ਨੂੰ ਜਾਣਦੇ ਸਨ ਤੇ ਸਾਰੇ ਤਪੇ ਵਿਚ ਇਨ੍ਹਾਂ ਦਾ ਬੜਾ ਮਾਨ ਸਤਿਕਾਰ ਸੀ।

ਭਾਈ ਤਾਰਾ ਸਿੰਘ ਦੁਨੀਆ ਤੋਂ ਅਟੰਕ ਹੋ ਕੇ ਐਵੇਂ ਵਿਅਰਥ ਤੇ ਸਹਿਮ ਵਾਲੀ ਦਿਨ-ਕਟੀ ਨਹੀਂ ਸਨ ਕਰਦੇ, ਸਗੋਂ ਡਾਢੇ ਰਾਠ ਸਨ। ਸਿੰਘਾਂ ਉਤੇ ਅਭੀ ਨਭੀ ਵੇਲੇ ਪੂਰੀ ਸਹਾਇਤਾ ਕਰਦੇ ਸਨ। ਇਨ੍ਹਾਂ ਗੁਣਾਂ ਕਰਕੇ ਲੋਕ ਆਪ ਨੂੰ 'ਭਾਈ ਤਾਰਾ ਸਿੰਘ ਹਠੀਲਾ' ਕਿਹਾ ਕਰਦੇ ਸਨ। ਆਪ ਦਾ ਲੰਗਰ ਅੱਠੇ ਪਹਿਰ ਚਾਲੂ ਰਹਿੰਦਾ ਅਤੇ ਹਰ ਇਕ ਆਉਂਦਾ ਜਾਂਦਾ ਸਿੰਘ ਇਥੋਂ ਜਲ-ਪਾਣੀ ਤੇ ਪ੍ਰਸ਼ਾਦ ਛਕਦਾ। ਇਸ ਲਈ ਆਪ ਦਾ ਵਾੜਾ ਆਏ ਗਏ ਤੇ ਖ਼ਾਸ ਕਰਕੇ ਰਾਠ ਸਿੰਘਾਂ ਲਈ ਬਹੁਤ ਵਧੀਆ ਠਾਹਰ ਸੀ।

ਇਹ ਸਿੰਘ ਹਮੇਸ਼ਾ ਆਪਣੇ ਸ਼ਿਕਾਰਾਂ ਮਗਰ ਲੱਗੇ ਰਹਿੰਦੇ ਸਨ। ਜਦ

ਕੋਈ ਸ਼ਿਕਾਰ ਫਾਹ ਲੈਂਦੇ ਤਾਂ ਉਸ ਕਾਫ਼ਲੇ ਆਦਿ ਤੋਂ ਕੀਤੀ ਲੁਟ-ਮਾਰ ਵਿਚੋਂ ਵਾਪਸ ਆਣ ਕੇ ਕੁਝ ਹਿੱਸਾ ਇਥੇ ਲੰਗਰ ਵਿਚ ਵੀ ਪਾ ਜਾਂਦੇ। ਇਸ ਤਰ੍ਹਾਂ ਸਿੰਘ ਆਪ ਹੀ ਲੰਗਰ ਚਲਾਉਂਦੇ ਤੇ ਆਪ ਹੀ ਛਕ-ਛਕਾ ਜਾਂਦੇ। ਪਰ ਇਹ ਵਾੜਾ ਤੇ ਲੰਗਰ ਦਾ ਪ੍ਰਬੰਧ ਸਿੰਘਾਂ ਲਈ ਚੰਗੀ ਠਾਹਰ ਬਣ ਗਿਆ ਸੀ, ਇਹਦੇ ਕਾਰਨ ਤਾਰਾ ਸਿੰਘ ਦਾ ਨਾਮ ਸਾਰੇ ਮਾਝੇ ਵਿਚ ਬਹੁਤ ਪ੍ਰਸਿੱਧ ਹੋ ਗਿਆ। ਸਾਰੇ ਮਾਝੇ ਦੇ ਖਾੜਕੂ ਤੇ ਸਿਰਲੱਥ ਸਿੰਘ, ਜੋ ਸਰਕਾਰ ਨੂੰ ਵਖਤ ਪਾਈ ਰਖਦੇ ਸਨ, ਆਪ ਦੇ ਸੱਜਣ ਮਿੱਤਰ ਬਣ ਗਏ। ਠਾਹਰਾਂ ਤਾਂ ਸਿੰਘਾਂ ਲਈ ਮਾਝੇ ਵਿਚ ਹੋਰ ਵੀ ਬਹੁਤ ਸਨ ਪਰ ਤਾਰਾ ਸਿੰਘ ਦਾ ਵਾੜਾ ਸਭ ਤੋਂ ਵਧੀਆ ਠਾਹਰ ਮੰਨਿਆ ਜਾਂਦਾ ਸੀ। ਬੰਦਾ ਸਿੰਘ ਜਦ ਪੰਥ ਦਾ ਜਥੇਦਾਰ ਬਣ ਕੇ ਪੰਜਾਬ ਵਲ ਆਇਆ ਤਾਂ ਮਾਲਵੇ ਮਾਝੇ ਦੁਆਬੇ ਦੇ ਸਿੰਘ ਉਸ ਨਾਲ ਆਣ ਮਿਲੇ ਅਤੇ ਉਸ ਨੇ ਕਰਨਾਲ ਤੋਂ ਲੈ ਕੇ ਲਾਹੌਰ ਤਕ ਮੁਗ਼ਲ ਰਾਜ ਦੇ ਪ੍ਰਬੰਧ ਨੂੰ ਤਬਾਹ ਕਰ ਦਿਤਾ। ਬਾਦਸ਼ਾਹ ਜਦ ਦੱਖਣ ਵਲੋਂ ਇਸ ਉਥੱਲ ਪੁਥੱਲ ਨੂੰ ਖ਼ਤਮ ਕਰਨ ਲਈ ਆਪ ਲਸ਼ਕਰ ਦੀ ਕਮਾਨ ਸੰਭਾਲ ਕੇ ਆਇਆ ਤਾਂ ਬੰਦਾ ਸਿੰਘ ਪਾਸੋਂ ਬਹੁਤ ਸਾਰਾ ਮਾਰਿਆ ਹੋਇਆ ਇਲਾਕਾ ਵਾਪਸ ਲੈ ਲਿਆ। ਬੰਦਾ ਸਿੰਘ ਨੂੰ ਤਾਂ ਨਾ ਫੜ ਸਕਿਆ, ਪਰ ਲਾਹੌਰ ਅੱਪੜ ਕੇ ਆਪਣੀ ਨਾਕਾਮਯਾਬੀ ਤੋਂ ਚਿਪ ਕੇ ਇਕ ਸ਼ਾਹੀ ਫ਼ਰਮਾਨ ਜਾਰੀ ਕਰ ਦਿਤਾ ਕਿ ਨਾਨਕ-ਪ੍ਰਸਤ, ਭਾਵ ਸਿਖ ਸਾਰੇ ਬਾਗ਼ੀ ਹਨ, ਇਨ੍ਹਾਂ ਨੂੰ ਵੇਖਦਿਆਂ ਸਾਰ ਹੀ ਮਾਰ ਦਿਤਾ ਜਾਵੇ। ਮਾਰਨ ਵਾਲੇ ਨੂੰ ਇਨਾਮ ਮਿਲੇਗਾ ਤੇ ਨਾਲ ਹੀ ਮਰਨ ਵਾਲੇ ਦਾ ਸਾਰਾ ਮਾਲ। ਬਸ ਏਨੀ ਹੀ ਢਿਲ ਸੀ, ਫਿਰ ਤਾਂ ਸਿੱਖਾਂ ਦੇ ਘਾਣ ਲੱਥ ਗਏ। ਕਿਸੇ ਦਾ ਕੋਈ ਦੋਸ਼ ਹੋਵੇ ਜਾਂ ਨਾ, ਉਹ ਸਿਖ ਤਾਂ ਹੈ ਹੀ ਸੀ। ਉਸ ਨੂੰ ਕਤਲ ਕਰ ਦੇਣ ਲਈ ਇਹੋ ਹੀ ਦੋਸ਼ ਕਾਫ਼ੀ ਸੀ। ਪਹਿਲਾਂ ਜ਼ਬਰਦਸਤ ਖ਼ਾਨ ਨੇ ਤੇ ਫਿਰ ਅਬਦੁੱਲ ਸਮੱਦ ਖ਼ਾਨ ਨੇ ਰਜ ਰਜ ਸਿੰਘਾਂ ਦੇ ਆਹੂ ਲਾਹੇ।

ਬੰਦਾ ਸਿੰਘ ਦੀ ਸ਼ਹਾਦਤ ਪਿਛੋਂ ਸਿੰਘਾਂ ਦੀ ਜਥੇਬੰਦਕ ਸ਼ਕਤੀ ਟੁਟ ਗਈ। ਅਬਦੁਲ ਸਮੱਦ ਨੇ ਕੋਈ ਕਸਰ ਨਾ ਛੱਡੀ। ਕੁਝ ਦੇਰ ਪਿਛੋਂ ਉਹ ਆਲਸੀ ਹੋ ਗਿਆ ਤੇ ਰਾਜ-ਪ੍ਰਬੰਧ ਵਿਚ ਢਿਲ ਆ ਗਈ। ਸਿੰਘ ਫਿਰ ਥਾਂ ਥਾਂ 'ਤੇ ਦਤ਼ਕ ਪਏ। ਮੁਲਕ ਵਿਚ ਪੂਰਾ ਰਾਮ-ਰੌਲਾ ਮੱਚ ਗਿਆ। ਇਸ ਦੀ ਸੁਧਾਈ ਲਈ ਅਬਦੁਲ ਸਮੱਦ ਨੂੰ ਬਦਲ ਕੇ ਮੁਲਤਾਨ ਘਲਾ ਦਿਤਾ ਤੇ ਉਸ ਦੀ ਥਾਂ ਉਸ

ਦੇ ਪੁੱਤਰ ਜ਼ਕਰੀਆ ਖ਼ਾਨ (ਖ਼ਾਨ ਬਹਾਦਰ) ਆ ਗਿਆ ਤੇ ਉਸ ਨੇ ਕਾਫ਼ੀ ਹਦ ਤਕ ਬਦ-ਅਮਨੀ ਉਤੇ ਕਾਬੂ ਪਾ ਲਿਆ। ਇਸ ਨੇ ਆਪਣੇ ਆਮਲਾਂ ਤੇ ਛੋਟੇ ਅਫ਼ਸਰਾਂ ਰਾਹੀਂ ਸਿੰਘਾਂ 'ਤੇ ਏਨੀ ਸਖ਼ਤੀ ਅਰੰਭੀ ਕਿ ਉਨ੍ਹਾਂ ਦਾ ਪਿੰਡਾਂ ਵਿਚ ਰਹਿ ਕੇ ਵਾਹੀ ਬੀਜੀ ਕਰਨਾ ਔਖਾ ਹੋ ਗਿਆ। ਸਰਕਾਰ ਉਨ੍ਹਾਂ ਨੂੰ ਬਾਗ਼ੀ ਗਰਦਾਨੀ ਬੈਠੀ ਸੀ, ਕੰਮ ਕੋਈ ਕਰਨ ਨਾ ਦੇਵੇ, ਪਿੰਡਾਂ ਵਿਚ ਉਹ ਰਹਿ ਨਾ ਸਕਣ, ਉਹ ਕੀ ਖਾਣ ? ਗੱਲ ਫਿਰ ਸਿੱਧੀ ਸੀ। ਸਿੰਘਾਂ ਠਾਨ ਲਈ ਕਿ ਸਰਕਾਰ ਨਾਲ ਬਾਹੀਂ ਨਿਬੜਿਆ ਜਾਵੇ। ਪਿੰਡ ਛੱਡ-ਛਡਾ ਕੇ ਸਿੰਘ ਮਾਰਾਂ ਧਾੜਾਂ 'ਤੇ ਹੋ ਗਏ। ਇਹ ਸਿੰਘ ਹੁਣ ਪਿੰਡਾਂ ਵਿਚ ਵੜ ਨਹੀਂ ਸਨ ਸਕਦੇ। ਇਨ੍ਹਾਂ ਲਈ ਤਾਰਾ ਸਿੰਘ ਜੀ ਦਾ ਵਾੜਾ ਬੜਾ ਸੁਹਣਾ ਆਸਰਾ ਸੀ। ਰਾਤ ਬਰਾਤੇ ਸਿੰਘ ਇਥੇ ਆਣ ਟਿਕਦੇ। ਦਿਨ ਚੜ੍ਹਦੇ ਨਾਲ ਕਿਸੇ ਮਾਰ ਮਗਰ ਲੱਗ ਜਾਂਦੇ। ਇੰਜ ਇਹ ਥਾਂ ਸਿੰਘਾਂ ਦਾ ਬੜਾ ਵੱਡਾ ਅੱਡਾ ਬਣ ਗਿਆ। ਇਸ ਤਰ੍ਹਾਂ ਸਾਰੇ ਸਿਰਕੱਢ ਤੇ ਦੜਕਵੇਂ ਸਿੰਘ ਮਾਰਾਂ ਧਾੜਾਂ ਕਰ ਕੇ, ਜੇ ਚੱਬ ਵਿਚ ਆ ਜਾਣ ਤਾਂ ਚੌਧਰੀਆਂ, ਆਮਲਾਂ ਤੇ ਛੋਟਿਆਂ ਹਾਕਮਾਂ ਨੂੰ ਵੀ ਸੋਧਾ ਲਾ ਕੇ ਫਿਰਦੇ ਤੁਰਦੇ ਇਥੇ ਆਣ ਟਿਕਦੇ। ਖ਼ਾਨ ਬਹਾਦਰ ਦੀ ਇਹ ਨੀਤੀ ਕਿ ਸਿੰਘਾਂ 'ਤੇ ਏਨੀ ਤੱਦੀ ਦੀ ਸਖ਼ਤੀ ਕੀਤੀ ਜਾਵੇ ਕਿ ਜਾਂ ਧਰਮ ਛੱਡ ਦੇਣ ਜਾਂ ਦੇਸ਼ ਛੱਡ ਜਾਣ। ਸਿੰਘਾਂ ਲਈ ਕੋਈ ਵੀ ਚੀਜ਼ ਛੱਡਣੀ ਔਖੀ ਸੀ। ਉਹ ਪਿੰਡ ਛੱਡ ਕੇ ਅਟੰਕ ਹੋ ਕੇ ਸਰਕਾਰ ਨਾਲ ਲੋਹਾ ਲੈਣ ਲਈ ਜੰਗਲਾਂ ਬੇਲਿਆਂ ਵਿਚ ਹੀ ਰਹਿਣ ਲੱਗ ਪਏ ਤੇ ਆਪਣੇ ਵਸੇਬੇ ਲਈ ਖ਼ਰਚੇ ਤੇਗਾਂ ਰਾਹੀਂ ਸਰਕਾਰ ਤੋਂ ਵਸੂਲਣ ਲਗ ਪਏ। ਤੇ ਇਹ ਖੇਡ ਬੜੀ ਦੇਰ ਤਕ ਜਾਰੀ ਰਹੀ ਅਤੇ ਅੰਤ ਵਿਚ ਸਿੰਘ ਬਾਜ਼ੀ ਲੈ ਗਏ ਤੇ ਸਰਕਾਰ ਹਾਰ ਗਈ।

'ਵਾਂ' ਪਿੰਡ ਵਿਚ ਤਾਰਾ ਸਿੰਘ ਜੀ ਦੇ ਹੋਰ ਸੱਜਣ ਮਿੱਤਰ

'ਵਾਂ' ਪਿੰਡ ਵਿਚ ਤਾਰਾ ਸਿੰਘ ਜੀ ਦੇ ਦੋ ਹੋਰ ਗੂੜ੍ਹੇ ਮਿੱਤਰ ਹੋਏ ਹਨ। ਇਸ ਪਿੰਡ ਦੀ ਰੂਪੋ ਦੀ ਪੱਤੀ ਵਿਚ ਇਕ ਜੋਧਾ ਨਾਮੇ ਜੱਟ ਹੋਇਆ ਹੈ। ਇਸ ਨੇ ਸਾਰੀ ਉਮਰ ਆਪ ਤਾਂ ਭਾਵੇਂ ਅੰਮ੍ਰਿਤ ਨਹੀਂ ਸੀ ਛਕਿਆ, ਪਰ ਇਸ ਦੇ ਤਿੰਨ ਪੁੱਤਰ ਅਮਰ ਸਿੰਘ, ਅਮੀ ਸਿੰਘ ਤੇ ਕੋਇਰ ਸਿੰਘ ਅੰਮ੍ਰਿਤ ਛਕ ਕੇ ਸਿੰਘ ਸੱਜ ਗਏ ਸਨ। ਸਭ ਤੋਂ ਛੋਟਾ ਪੁੱਤਰ, ਜੋ ਤਾਰਾ ਸਿੰਘ ਹੁਰਾਂ ਦਾ ਹਾਣੀ ਪ੍ਰਾਣੀ ਤੇ ਗੂੜ੍ਹਾ ਮਿੱਤਰ ਸੀ, ਘਰ ਦੇ ਕਾਰ-ਵਿਹਾਰ ਤੋਂ ਅਟੰਕ ਹੋ ਕੇ ਸਦਾ ਇਨ੍ਹਾਂ ਦੇ ਸੰਗ ਹੀ ਰਹਿੰਦਾ। ਇਸੇ ਪੱਤੀ ਦਾ ਇਕ ਹੋਰ ਜ਼ਿਮੀਦਾਰ ਬਿਹਾਰੀ ਨਾਮ ਦਾ ਸੀ। ਇਸ ਦੇ ਵੀ ਤਿੰਨ ਪੁੱਤਰ ਸਨ—ਦੇਸੂ ਸਿੰਘ, ਉਤਮ ਸਿੰਘ ਤੇ ਬਖ਼ਤੂ। ਵੱਡੇ ਦੋਵੇਂ ਅੰਮ੍ਰਿਤ ਛਕ ਚੁਕੇ ਸਨ ਤੇ ਛੁਟੇਰੀ ਉਮਰ ਵਾਲੇ ਬਖ਼ਤੂ ਨੇ ਅਜੇ ਅੰਮ੍ਰਿਤ ਨਹੀਂ ਸੀ ਛਕਿਆ। ਉਤਮ ਸਿੰਘ ਤੇ ਬਖ਼ਤੂ ਛੇਤੀ ਹੀ ਚਲਾਣਾ ਕਰ ਗਏ ਸਨ। ਇਨ੍ਹਾਂ ਦੀ ਅਗੇ ਔਲਾਦ ਨਹੀਂ ਚਲੀ। ਦੇਸੂ ਸਿੰਘ, ਜਿਸ ਨੇ ਤਾਰਾ ਸਿੰਘ ਦੇ ਪਿਤਾ ਗੁਰਦਾਸ ਸਿੰਘ ਨਾਲ ਅੰਮ੍ਰਿਤ ਛਕਿਆ ਸੀ, ਤੇ ਉਨ੍ਹਾਂ ਦੇ ਬੜੇ ਮਿਲਤੀ ਸਨ, ਦੇ ਘਰ ਸਿਰਫ਼ ਇਕ ਹੀ ਪੁੱਤਰ ਹੋਇਆ, ਜਿਸ ਦਾ ਨਾਮ ਵਸਾਵਾ ਸਿੰਘ ਸੀ ਤੇ ਇਹ ਵੀ ਅੰਮ੍ਰਿਤ ਛਕ ਕੇ ਤਾਰਾ ਸਿੰਘ ਹੁਰਾਂ ਨੇ ਨਾਲ ਹੀ ਰਲ ਗਿਆ। ਕੋਇਰ ਸਿੰਘ ਨੇ ਵੀ ਘਰ ਦਾ ਲਟਾਕਾ ਛੱਡ ਦਿਤਾ ਤੇ ਇਹ ਵੀ ਵਾੜੇ ਵਿਚ ਹੀ ਰਿਹਾ ਕਰਦਾ ਸੀ। ਇਨ੍ਹਾਂ ਤਿੰਨਾਂ ਸਿੰਘਾਂ—ਤਾਰਾ ਸਿੰਘ, ਕੋਇਰ ਸਿੰਘ, ਵਸਾਵਾ ਸਿੰਘ ਨੇ ਵਿਆਹ ਨਹੀਂ ਸਨ ਕਰਵਾਏ ਤੇ ਦੁਨੀਆਦਾਰੀ ਨਾਲ ਕੋਈ ਸੰਬੰਧ ਨਹੀਂ ਸੀ ਰੱਖਿਆ, ਇਸ ਲਈ ਇਨ੍ਹਾਂ ਦੀ ਅੰਸ ਅਗੇ ਨਹੀਂ ਤੁਰੀ।

ਨੁਸ਼ਹਿਰਾ ਢਾਲਾ ਦੇ ਚੌਧਰੀ ਸਾਹਿਬ ਰਾਏ ਨਾਲ ਵਿਗਾੜ

ਲਾਹੌਰ ਤੋਂ ੩੯ ਕਿਲੋਮੀਟਰ ਚੜ੍ਹਦੇ ਦੱਖਣ ਵਿਚ ਇਕ ਤਕੜਾ ਪਿੰਡ ਪਢਾਣਾ[1] ਹੈ। ਇਸ ਦੀ ਹੱਦ ਦੇ ਨਾਲ ਹੀ ਉੱਤਰ ਵਿਚ ਡੇਢ ਦੋ ਕਿਲੋਮੀਟਰ ਦੀ ਵਿੱਥ 'ਤੇ ਪਿੰਡ ਨੁਸ਼ਹਿਰਾ[2] ਢਾਲਾ ਹੈ। ਸਾਹਿਬ ਰਾਏ ਨੁਸ਼ਹਿਰੇ ਦਾ ਚੌਧਰੀ ਸੀ ਤੇ ਪਢਾਣਾ ਪਿੰਡ ਇਸ ਦੇ ਤਪੇ ਵਿਚ ਸੀ। ਇਹ ਚੌਧਰੀ ਬੜਾ ਹੈਂਕੜਬਾਜ਼ ਤੇ ਸੀਨਾ-ਜ਼ੋਰ ਕਿਸਮ ਦਾ ਆਦਮੀ ਸੀ। ਸਾਹਿਬ ਰਾਏ ਜ਼ਕਰੀਆ ਖ਼ਾਨ ਦੀ ਸਰਕਾਰ ਦਾ ਕੁਝ ਵਧੇਰੇ ਹੀ ਹਿਤੈਸ਼ੀ ਤੇ ਸਿੰਘਾਂ ਦਾ ਰੱਜ ਕੇ ਵਿਰੋਧੀ ਸੀ। ਰਾਠ ਸਿੰਘਾਂ ਨਾਲ ਤਾਂ ਸਿੱਧਾ ਹੋ ਕੇ ਦਸਤ ਪੰਜਾ ਨਾ ਪਾਉਂਦਾ, ਪਰ ਅਮਨ ਚੈਨ ਨਾਲ ਵਸਦੇ ਤੇ ਵਾਹੀ ਬੀਜੀ ਕਰਨ ਵਾਲੇ ਗੁਰਮੁਖ ਸਿੰਘਾਂ ਨੂੰ ਸਤਾਉਣੋਂ ਧਮਕਾਉਣੋਂ ਨਾ ਹਟਦਾ। ਉਨ੍ਹਾਂ ਨੂੰ ਅਜਾਈਂ ਹਰ ਤਰ੍ਹਾਂ ਨਾਲ ਦਬਾਉਂਦਾ ਤੇ

---

੧. ਪਢਾਣਾ ਜਾਂ ਭੜਾਣਾ—ਪਾਕਿਸਤਾਨ ਬਣਨ ਤੋਂ ਪਹਿਲਾਂ ਇਹ ਸੰਧੂ ਗੋਤਰ ਦਿਆਂ ਜੱਟਾਂ ਦਾ ਬੜਾ ਤਕੜਾ ਪਿੰਡ ਸੀ। ਇਥੇ ਛੇਵੀਂ ਪਾਤਸ਼ਾਹੀ ਦਾ ਬਹੁਤ ਸੋਹਣਾ ਗੁਰਦੁਆਰਾ ਬਣਿਆ ਹੋਇਆ ਸੀ, ਜੋ ਅੱਜ ਤਕ ਕਾਇਮ ਹੈ। ਇਹ ਪਿੰਡ ਪੱਛਮੀ ਸੀਮਾ ਦੇ ਬਿਲਕੁਲ ਲਾਗੇ ਹੀ ਹੈ ਤੇ ਪਾਕਿਸਤਾਨ ਵਿਚ ਹੈ। ਪਹਿਲਾਂ ਵੀ ਇਹ ਜ਼ਿਲਾ ਲਾਹੌਰ ਵਿਚ ਹੀ ਸੀ। ਇਥੋਂ ਦੇ ਬੜੇ ਤਕੜੇ ਧਨਾਢ ਸਰਦਾਰ ਮੇਵਾ ਸਿੰਘ ਹੋਏ ਹਨ। ਇਨ੍ਹਾਂ ਨੂੰ ਮੁਲਕ ਦੀ ਵੰਡ ਵੇਲੇ ਜਨੂੰਨੀ ਲੀਗੀਆਂ ਨੇ ਧੋਖੇ ਨਾਲ ਫੜ ਲਿਆ ਤੇ ਬੜੀ ਬੇ-ਰਹਿਮੀ ਨਾਲ ਕਤਲ ਕਰ ਦਿਤਾ ਸੀ।

੨. ਨੁਸ਼ਹਿਰਾ ਢਾਲਾ, ਪਛਮੀ ਸੀਮਾ ਤੋਂ ਸਿਰਫ਼ ੨੦੦ ਮੀਟਰ ਦੂਰ, ਉਸ ਦੇ ਚੜ੍ਹਦੇ ਪਾਸੇ ਹਿੰਦੁਸਤਾਨ ਵਿਚ ਸਥਿਤ ਹੈ। ਇਹ ਸੂਫ਼ੀ ਸੰਤ ਜਲ੍ਹਣ ਜੱਟ ਦਾ ਵੀ ਪਿੰਡ ਹੈ ਤੇ ਪਹਿਲੀ ਵੈਸਾਖ ਨੂੰ, ਭਾਵ ਵੈਸਾਖ ਨੂੰ, ਭਾਵ ਵੈਸਾਖੀ ਵਾਲੇ ਦਿਨ ਬੜਾ ਭਾਰੀ ਮੇਲਾ ਲਗਦਾ ਹੈ। ਇਕ ਥਾਉਂ ਹੱਦ ਬਿਲਕੁਲ ਪਿੰਡ ਨਾਲ ਆਣ ਲਗਦੀ ਹੈ।

ਉਨ੍ਹਾਂ ਦੀਆਂ ਖੇਤੀਆਂ ਦਾ ਨੁਕਸਾਨ ਕਰਦਾ ਰਹਿੰਦਾ। ਸਿੰਘ ਵੀ ਜਾਣਦੇ ਸਨ ਕਿ ਦਾਦ-ਫ਼ਰਿਆਦ ਇਸ ਦੇ ਵਿਰੁੱਧ ਕਿਸੇ ਸੁਣਨੀ ਨਹੀਂ, ਦਿਨ-ਕਟੀ ਕਰੋ, ਇਸ ਨਾਲ ਝੇੜਾ ਮੁਲ ਨਾ ਹੀ ਲਿਆ ਜਾਵੇ। ਚੌਧਰੀ ਹੋਰ ਸ਼ੇਰ ਹੋਈ ਗਿਆ।

੧੭੯੯ ਬਿਕਰਮੀ ਦੀ ਗੱਲ ਹੈ ਕਿ ਪਫਾਣੇ ਦੇ ਵਸਨੀਕ ਮਾਲੀ ਸਿੰਘ ਅਤੇ ਗੁਰਬਖ਼ਸ਼ ਸਿੰਘ ਨਾਲ ਸਾਹਿਬ ਰਾਏ ਦਾ ਫ਼ਸਾਦ ਹੋ ਗਿਆ। ਵੇਲੇ ਦੀ ਸਰਕਾਰ ਚੌਧਰੀਆਂ ਦੀ ਖ਼ੂਬ ਮੰਨਦੀ ਸੀ ਤੇ ਇਨ੍ਹਾਂ ਨੂੰ ਇਸ ਦਾ ਬੜਾ ਮਾਣ ਤੇ ਹੰਕਾਰ ਹੁੰਦਾ ਸੀ। ਇਹ ਸਾਹਿਬ ਰਾਏ ਜਾਣ ਬੁਝ ਕੇ ਮਾਲੀ ਸਿੰਘ ਤੇ ਗੁਰਬਖ਼ਸ਼ ਸਿੰਘ ਨਾਲ ਖਹਿਬਾਜ਼ੀ ਰਖਦਾ ਤੇ ਇਨ੍ਹਾਂ ਦੀਆਂ ਲਵੀਆਂ ਕਣਕਾਂ ਵਿਚ ਆਪਣੀਆਂ ਘੋੜੀਆਂ ਖੁਲ੍ਹੀਆਂ ਹੀ ਚਰਨੀਆਂ ਛਡ ਛਡਦਾ। ਖੁਲ੍ਹਾ ਪਸ਼ੂ ਤਾਂ ਫ਼ਸਲ ਦਾ ਵੈਰੀ ਹੁੰਦਾ ਹੈ। ਖਾਣ ਨਾਲੋਂ ਮਿਧ ਕੇ ਫ਼ਸਲ ਦਾ ਨੁਕਸਾਨ ਜ਼ਿਆਦਾ ਕਰ ਦੇਂਦਾ ਹੈ। ਘੋੜੀਆਂ ਕੁਝ ਤਾਂ ਚਰਦੀਆਂ ਤੇ ਕੁਝ ਮਿਧ ਸੁਟਦੀਆਂ। ਪੈਲੀ ਕੋਰ ਹੋਵੇ ਜਾਂ ਸਿੰਜੀ ਹੋਈ, ਪਸ਼ੂ ਨੂੰ ਕੀ ਲਗੇ, ਉਹ ਤਾਂ ਲਤਾੜ ਲਤਾੜ ਕੇ ਹੀ ਫ਼ਸਲ ਨੂੰ ਨਸ਼ਟ ਕਰ ਦੇਂਦੀਆਂ। ਮਾਲਕ ਤਾਂ ਕੀ, ਵੇਖਣ ਵਾਲੇ ਦਾ ਵੀ ਦਿਲ ਦੁਖੀ ਹੋ ਉਠਦਾ।

ਜ਼ਿਮੀਦਾਰ ਨੂੰ ਆਪਣੀ ਫ਼ਸਲ ਬੜੀ ਪਿਆਰੀ ਹੁੰਦੀ ਹੈ। ਇਹ ਹੋਰ ਤਾਂ ਨੁਕਸਾਨ ਜਰ ਲੈਂਦਾ ਹੈ, ਪਰ ਖੇਤੀ ਉਜੜਦੀ ਵੇਖ ਕੇ ਇਹ ਰਹਿ ਨਹੀਂ ਸਕਦਾ। ਸਿੰਘ ਪਹਿਲਾਂ ਤਾਂ ਆਪ ਹੀ ਘੋੜੀਆਂ ਮੋੜਦੇ ਹੁਟਕਦੇ ਰਹੇ ਕਿ ਗੱਲ ਟਲ ਜਾਵੇ। ਪਰ ਚੌਧਰੀ ਤਾਂ ਜਾਣ ਕੇ ਹੀ ਅੱਕਰ ਨਾਲ ਘੋੜੀਆਂ ਛਡਦਾ ਸੀ, ਇਹ ਟਾਲਾ ਕਿਵੇਂ ਹੁੰਦਾ। ਅੰਤ ਨੂੰ ਲਾਚਾਰ ਹੋ ਕੇ ਸਿੰਘਾਂ ਚੌਧਰੀ ਕੋਲ ਆ ਕੇ ਬੜੀ ਧੀਰਜ ਨਾਲ ਉਸ ਨੂੰ ਆਖਿਆ ਕਿ ਲਵੀਆਂ ਕਣਕਾਂ ਦਾ ਨੁਕਸਾਨ ਤਾਂ ਪਹਿਲਾਂ ਹੀ ਬਹੁਤ ਹੋ ਚੁਕਿਆ ਹੈ। ਹੁਣ ਅਗੇ ਤੋਂ ਇਨ੍ਹਾਂ ਨੂੰ ਸਾਂਭ ਕੇ ਰਖਿਆ ਜਾਵੇ। ਚੰਗੀ ਗੱਲ ਤਾਂ ਇਨ੍ਹਾਂ ਨੂੰ ਬੰਨ੍ਹ ਲੈਣ ਵਿਚ ਹੀ ਹੈ। ਨਰਮਾਈ ਨਾਲ ਕੀਤੀ ਇਸ ਮਿੰਨਤ ਦਾ ਸਾਊਆਂ ਵਾਲਾ ਉੱਤਰ ਦੇਣ ਦੀ ਥਾਂ ਚੌਧਰੀ ਅੱਗੋਂ ਲੋਹਾ ਲਾਖਾ ਹੋ ਕੇ ਕਹਿਣ ਲੱਗਾ, "ਤੁਸੀਂ ਕੌਣ ਹੋ ਮੈਨੂੰ ਇਹ ਹਦਾਇਤ ਕਰਨ ਵਾਲੇ ਕਿ ਮੈਂ ਘੋੜੀਆਂ ਬੰਨ੍ਹ ਕੇ ਰਖਾਂ। ਤੁਹਾਨੂੰ ਇਥੇ ਮੇਰੇ ਕੋਲ ਆ ਕੇ ਮੈਨੂੰ ਇਹ ਗੱਲ ਆਖਣ ਦਾ ਹੌਸਲਾ ਹੀ ਕਿਵੇਂ ਪਿਆ ? ਤੁਹਾਨੂੰ ਪਤਾ ਹੈ ਨਾ, ਮੈਂ ਹਾਂ ਕੌਣ ? ਤੁਸੀਂ ਫ਼ਸਲ ਨੂੰ ਰੋਂਦੇ ਹੋ, ਆਪਣੀ ਜਾਨ ਦੀ ਸੁਖ ਭਾਲੋ, ਜੋ ਮੇਰੀ ਮੁਠ ਵਿਚ

ਹੈ, ਜਦ ਚਾਹਾਂ ਤੁਹਾਨੂੰ ਮਰੋੜ ਕੇ ਰਖ ਦਿਆਂ। ਤੁਸੀਂ ਬਣੇ ਕੀ ਫਿਰਦੇ ਹੋ ਆਪਣੇ ਆਪ ਵਿਚ ? ਮੈਂ ਤਾਂ ਐਵੇਂ ਹੀ ਲਿਹਾਜ਼ ਕਰ ਕੇ ਤੁਹਾਨੂੰ ਜੀਊਂਦਾ ਰਹਿਣ ਦਿਤਾ ਤੇ ਹੁਣ ਤਾਈਂ ਕਤਲ ਨਹੀਂ ਕਰਵਾ ਦਿਤਾ। ਭਲਾ ਹੁਣ ਹੀ ਸਹੀ। ਘੋੜੀਆਂ ਬੰਨ੍ਹਾਉਣ ਆਏ ਹੋ ਨਾ ? ਇਹ ਤਾਂ ਤੁਹਾਡੀਆਂ ਦਾੜ੍ਹੀਆਂ ਤੇ ਕੇਸਾਂ ਦੇ ਰੱਸਿਆਂ ਨਾਲ ਹੀ ਬਝ ਸਕਦੀਆਂ ਹਨ। ਲਿਆਉ ਵੱਟ ਕੇ ਦੇ ਜਾਵੋ, ਮੈਂ ਬੰਨ੍ਹ ਦਿਆਂਗਾ। ਹੋਰ ਕੋਈ ਰੱਸੇ ਮੇਰੇ ਪਾਸ ਨਹੀਂ ਹਨ।"

ਇਹ ਕੁਬੋਲ ਸੁਣ ਕੇ ਸਿੰਘਾਂ ਤੋਂ ਹੋਰ ਰੁਕਣਾ ਔਖਾ ਹੋ ਗਿਆ। ਆਏ ਸਨ ਚੌਧਰੀ ਪਾਸ ਜ਼ਖ਼ਮਾਂ ਦੀ ਮਰਹਮ ਲਈ, ਅਗੋਂ ਉਸ ਨੇ ਜ਼ਖ਼ਮਾਂ ਵਿਚ ਲੂਣ ਭਰ ਦਿਤਾ। ਸਿੰਘ ਗੁੱਸੇ ਨੂੰ ਪੀ ਕੇ ਉਠ ਤੁਰੇ। ਫ਼ਰਿਆਦ ਲੈ ਕੇ ਨਿਆਂ ਮੰਗਣ ਗਏ ਨੂੰ ਜੇ ਅਗੋਂ ਬੇਪਤੀ ਤੇ ਮੌਤ ਦੀ ਧਮਕੀ ਪੱਲੇ ਪਵੇ ਤਾਂ ਇਸ ਮਾਨਸਿਕ ਦੁਖ ਨੂੰ ਉਹੋ ਹੀ ਜਾਣਦੈ ਜਿਸ ਨਾਲ ਇਹ ਹੋ ਵਾਪਰੇ।

ਹੁਣ ਚੌਧਰੀ ਦੀ ਛੇੜਖ਼ਾਨੀ ਅੱਗੇ ਨਾਲੋਂ ਵੀ ਵਧ ਗਈ। ਮਾਲੀ ਸਿੰਘ ਤੇ ਗੁਰਬਖ਼ਸ਼ ਸਿੰਘ ਨੇ ਸਤ ਕੇ ਪਿੰਡ 'ਭੁਸੇ', ਜੋ ਨੁਸ਼ਹਿਰਓਂ ਸਤ ਕੁ ਕਿਲੋਮੀਟਰ ਪਹਾੜ ਚੜ੍ਹਦੇ ਵਿਚ ਹੈ ਤੇ ਜਿਥੇ ਢਿਲੋਂ ਗੋਤ ਦੇ ਦੋ ਰਾਠ ਜੱਟ ਅਮਰ ਸਿੰਘ ਤੇ ਬਘੇਲ ਸਿੰਘ ਸਕੇ ਭਰਾ ਰਹਿੰਦੇ ਸਨ, ਪਾਸ ਆ ਕੇ ਹੋਈ ਵਾਪਰੀ ਕਹਿ ਸੁਣਾਈ। ਚੌਧਰੀ ਸਾਹਿਬ ਰਾਏ ਆਪਣੇ ਤਪੇ ਵਿਚ ਫੂੰ-ਫੜੱਕਾ ਤਾਂ ਖ਼ੂਬ ਰਖਦਾ ਸੀ, ਪਰ ਇਨ੍ਹਾਂ ਦੇ ਸਿਰ ਆਉਣੋਂ ਕਤਰਾਉਂਦਾ ਸੀ। ਇਨ੍ਹਾਂ ਪਢਾਣੀਆਂ ਸਿੰਘਾਂ ਦੀ ਵਿਥਿਆ ਸੁਣ ਕੇ ਅਮਰ ਸਿੰਘ ਤੇ ਬਘੇਲ ਸਿੰਘ ਨੇ ਕਿਹਾ, "ਘੋੜੀਆਂ ਤਾਂ ਅਸੀਂ ਲੈ ਜਾਂਦੇ ਹਾਂ, ਪਰ ਚੌਧਰੀ ਨੇ ਪਿਛੋਂ ਪੁਜ ਕੇ ਤੰਗ ਕਰਨਾ ਹੈ। ਉਸ ਦਾ ਵੀ ਸਰਕਾਰੇ ਰਸੂਖ਼ ਹੈ, ਉਸ ਨੇ ਘਟ ਨਹੀਂ ਕਰਨੀ।" ਕਾਫ਼ੀ ਸੋਚ-ਵਿਚਾਰ ਤੋਂ ਬਾਅਦ ਇਸ ਸਿੱਟੇ 'ਤੇ ਪੁੱਜੇ ਕਿ ਅੱਗੇ ਸਿਰ ਸੁਟ ਕੇ ਲੰਮੇ ਪਿਆਂ ਤਾਂ ਚੌਧਰੀ ਨੇ ਛਡਣਾ ਨਹੀਂ, ਕਿੰਨਾ ਕੁ ਚਿਰ ਇਹ ਜ਼ੁਲਮੀ-ਕਾਰ ਝੱਲੀ ਜਾਵਾਂਗੇ। ਅੰਤ ਨੂੰ ਇਕ ਦਿਨ ਤਾਂ ਸਿਧਿਆਂ ਹੋਣਾ ਈ ਪੈਣਾ ਹੈ। ਫਿਰ ਦੇਰ ਕਾਹਦੇ ਲਈ ਕੀਤੀ ਜਾਵੇ। ਸੋ ਇਹ ਵਿਚਾਰ ਕੇ ਇਨ੍ਹਾਂ ਦੋਹਾਂ ਨੇ ਆਪਣੇ ਬਾਲ ਬੱਚੇ ਨੂੰ ਪੇਕੀਂ ਘਲਾ ਦਿਤਾ ਕਿ ਪਿਛੋਂ ਚੌਧਰੀ ਦੁਖੀ ਨਾ ਕਰੇ। ਇਸ ਤੋਂ ਅਗਲੇ ਦਿਨ ਚੌਧਰੀ ਦੀਆਂ ਘੋੜੀਆਂ ਪਢਾਣੇ ਦੀ ਜੂਹ ਵਿਚੋਂ ਘੇਰ ਕੇ ਤੇ ਫੜ ਕੇ ਇਹ ਭੁਸੇ ਪਿੰਡ ਦੇ ਦੋਵੇਂ ਭਰਾ ਲਖਮੀਰ ਸਿੰਘ ਸੰਧੂ ਘਰਿਆਲੇ ਵਾਲੇ ਪਾਸ ਛਡ ਆਏ, ਤਾਕਿ ਉਹ ਇਨ੍ਹਾਂ

ਨੂੰ ਅੱਗੇ ਬਿਲੇ ਲਾ ਦੇਵੇ।

ਵਲਟੋਹੇ ਠਾਣੇ ਵਿਚ ਵਲਟੋਹੇ[1] ਤੋਂ ੬-੭ ਕਿਲੋਮੀਟਰ ਐਨ ਚੜ੍ਹਦੇ-ਉੱਤਰ ਵਿਚ ਪਿੰਡ ਘਰਿਆਲਾ[2] ਹੈ। ਇਥੋਂ ਦਾ ਜੱਟ ਲਖਮੀਰ ਸਿੰਘ ਸੰਧੂ ਆਪਣੇ ਸਮੇਂ ਦਾ ਮਾਝੇ ਵਿਚ ਮਸ਼ਹੂਰ ਰੱਸੇ-ਫੜ ਸੀ। ਮਾਝਾ ਪਸ਼ੂਆਂ ਡੰਗਰਾਂ ਦੀ ਚੋਰੀ ਵਿਚ ਮੁਢ ਤੋਂ ਹੀ ਪ੍ਰਸਿੱਧ ਰਿਹਾ ਹੈ। ਚੋਰੀ ਨਾਲੋਂ ਰੱਸਾ-ਗੀਰੀ ਏਨਾ ਸਖ਼ਤ ਕੰਮ ਹੈ ਕਿ ਇਸ ਲਈ ਕੋਈ ਲੋਹੇ ਦੀ ਲੱਠ ਵਰਗਾ ਸੂਰਮਾ ਹੀ ਨਿਤਰਦਾ ਹੈ। ਲਖਮੀਰ ਸਿੰਘ ਦੀ ਦੂਰ ਦੂਰ ਤਕ ਧੁੰਮ ਪਈ ਹੋਈ ਸੀ। ਇਸ ਦੇ ਯਾਰ ਬੇਲੀ ਮਾਝੇ ਵਿਚੋਂ ਦੂਰੋਂ ਨੇੜਿਓਂ ਚੋਰੀ ਕੀਤੇ ਪਸ਼ੂਆਂ ਦੇ ਵੱਗਾਂ ਦੇ ਵੱਗ ਰਾਤ ਬਰਾਤੇ ਇਸ ਪਾਸ ਛੱਡ ਜਾਂਦੇ ਤੇ ਇਹ ਨੈਂ (ਸਤਲੁਜ) ਟਪਾ ਕੇ ਮਾਲਵੇ ਵਿਚ ਵੇਚ-ਵੱਟ ਆਉਂਦਾ। ਜਦ ਸਾਹਿਬ ਰਾਏ ਦੀਆਂ ਦੋਵੇਂ ਘੋੜੀਆਂ (ਇਕ ਬੜੀ ਆਲ੍ਹਾ ਨਸਲ ਦੀ ਘੋੜੀ ਤੇ ਇਕ ਉਸ ਦੀ ਚੜ੍ਹਨ ਵੱਤ ਹੋ ਚੁਕੀ ਵਛੇਰੀ, ਜੋ ਘੋੜੀ ਜਿਡੀ ਹੀ ਹੋ ਗਈ ਹੋਈ ਸੀ) ਬਘੇਲ ਸਿੰਘ ਹੁਰੀਂ ਇਸ ਪਾਸ ਛਡ ਗਏ ਤਾਂ ਇਹ ਬਹਾਦਰ ਨਗਰ[3] ਵਾਲੇ ਪਤਣੋਂ ਦਰਿਆ ਟਪਾ ਕੇ ਇਨ੍ਹਾਂ ਨੂੰ ਸ: ਆਲਾ ਸਿੰਘ ਪਟਿਆਲੇ ਵਾਲੇ ਪਾਸ, ਜੋ ਉਸ ਸਮੇਂ ਬਰਨਾਲੇ ਆਇਆ ਹੋਇਆ ਸੀ, ਵੇਚ ਆਇਆ ਤੇ ਵਟਕ ਦੀ ਸਾਰੀ ਰਕਮ ਤਾਰਾ ਸਿੰਘ ਜੀ ਦੇ ਲੰਗਰ ਵਿਚ ਪਾ ਦਿਤੀ।

ਪਢਾਣੀਆਂ ਤੇ ਭੁਸਿਆਂ ਵਾਲਿਆਂ ਸਿੰਘਾਂ ਨੂੰ ਪਤਾ ਸੀ ਕਿ ਚੌਧਰੀ ਸੱਟ

---

੧. **ਵਲਟੋਹਾ :** ਸ੍ਰੀ ਅੰਮ੍ਰਿਤਸਰ ਤੋਂ ਤਰਨ ਤਾਰਨ-ਪੱਟੀ ਰਾਹੀਂ ਹੋ ਕੇ ਖੇਮਕਰਨ ਜਾਣ ਵਾਲੀ ਸੜਕ ਉਤੇ ੬੫ ਕਿਲੋਮੀਟਰ ਦੇ ਫ਼ਾਸਲੇ 'ਤੇ ਸਥਿਤ ਹੈ। ਜੋ ਰੇਲ ਸ੍ਰੀ ਅੰਮ੍ਰਿਤਸਰ ਤੋਂ ਖੇਮਕਰਨ ਨੂੰ ਜਾਂਦੀ ਹੈ ਉਸ ਉਤੇ ਵਲਟੋਹੇ ਨਾਮ ਦਾ ਰੇਲਵੇ ਸਟੇਸ਼ਨ ਭੀ ਹੈ। ਇਹ ਪਿੰਡ ਦੀ ਹੱਦ ਵਿਚ ਤਿੰਨ ਕਿਲੋਮੀਟਰ ਦੱਖਣ ਦੀ ਬਾਹੀ ਹੈ।

੨. **ਘਰਿਆਲਾ :** ਉਪ੍ਰੋਕਤ ਰੇਲਵੇ ਲਾਈਨ ਉਤੇ ੫੮ ਕਿਲੋਮੀਟਰ ਉਤੇ ਸਟੇਸ਼ਨ ਹੈ ਤੇ ਰੇਲ-ਗਡੀਆਂ ਐਨ ਦੱਖਣ ਵਾਲੇ ਪਾਸਿਓਂ ਤੇ ਸੜਕ ਪਹਾੜ ਵਾਲੇ ਪਾਸੇ ਦੀ ਬਿਲਕੁਲ ਪਿੰਡ ਦੇ ਨਾਲ ਦੀ ਲੰਘਦੀਆਂ ਹਨ। ਇਥੇ ਇਕ ਸੂਫ਼ੀ ਫ਼ਕੀਰ ਬਾਬਾ ਸ਼ੇਰਸ਼ਾਹ ਵਲੀ ਦੀ ਯਾਦ ਵਿਚ ਚੇਤ ਦੀ ੧੧ ਤੋਂ ੧੪ ਤਕ ਮੇਲਾ ਲਗਦਾ ਹੈ।

੩. **ਬਹਾਦਰ ਨਗਰ :** ਵਲਟੋਹੇ ਸਟੇਸ਼ਨ ਤੋਂ ਪੌਣੇ ਕੁ ਕਿਲੋਮੀਟਰ ਦੀ ਵਿਥ 'ਤੇ ਦੱਖਣ-ਲਹਿੰਦੇ ਵਿਚ ਬਿਲਕੁਲ ਢਾਹੇ ਉਤੇ ਸਥਿਤ ਹੈ। ਅੱਜ ਤੋਂ ਢਾਈ ਸੌ ਸਾਲ ਪਹਿਲਾਂ ਸਤਲੁਜ ਇਸ ਦੇ ਅਸਲੋਂ ਨਾਲ-ਦੀ ਵਗਦਾ ਸੀ ਤੇ ਇਹ ਮਾਲਵੇ ਮਾਝੇ ਨੂੰ ਮਿਲਾਉਣ ਵਾਲੇ ਪਤਣਾਂ 'ਚੋਂ ਇਕ ਸੀ।

ਖਾਧੇ ਸੱਪ ਵਾਂਗ ਪਵੇਗਾ। ਉਸ ਨੇ ਪਿੰਡ ਵਿਚ ਤੰਗ ਕਰਨੋਂ ਬਾਜ਼ ਨਹੀਂ ਆਉਣਾ ਤੇ ਨਾ ਪਿੰਡ ਵਿਚ ਰਿਹਾ ਹੀ ਜਾਣਾ ਹੈ। ਉਨ੍ਹਾਂ ਵਾਸਤੇ ਇਕ ਹੀ ਥਾਂ ਸੁਰੱਖਿਅਤ ਸੀ ਤੇ ਉਹ ਸੀ ਤਾਰਾ ਸਿੰਘ ਦਾ ਵਾੜਾ। ਸੋ ਘੋੜੀਆਂ ਕਢਦੇ ਸਾਰ ਹੀ ਉਹ ਸਿਧੇ 'ਵਾਂ' ਵਿਖੇ ਇਸ ਵਾੜੇ ਵਿਚ ਆ ਗਏ।

ਉਧਰ ਚੌਧਰੀ ਵੀ ਕਿਹੜੀਆਂ ਕਚੀਆਂ ਗੋਲੀਆਂ ਖੇਡਿਆ ਹੋਇਆ ਸੀ। ਉਸ ਨੂੰ ਵੀ ਪਤਾ ਸੀ ਕਿ ਘੋੜੀਆਂ ਕਿਸ ਨੇ ਕਢੀਆਂ ਹਨ ਤੇ ਕਿਧਰ ਗਈਆਂ ਹਨ। ਆਪਣੇ ਨਾਲ ਡਾਂਗ-ਬਹਾਦਰਾਂ ਦੀ ਤਕੜੀ ਵਾਹਰ ਲੈ ਕੇ ਪੈੜ ਨਪਦਾ ਨਪਦਾ ਤਾਰਾ ਸਿੰਘ ਦੇ ਵਾੜੇ ਪਾਸ ਆਣ ਲੱਥਾ ਤੇ ਆਉਂਦਿਆਂ ਹੀ ਬੜੇ ਰੋਹ ਵਿਚ ਤਾਰਾ ਸਿੰਘ ਨੂੰ ਆਖਿਆ, "ਮੇਰੇ ਚੋਰ ਤੇਰੇ ਡੇਰੇ ਵਿਚ ਹਨ। ਤੇਰਾ ਭਲਾ ਇਸੇ ਵਿਚ ਹੈ ਕਿ ਇਨ੍ਹਾਂ ਚੋਰਾਂ ਦੀਆਂ ਬਾਹਵਾਂ ਮੈਨੂੰ ਫੜਾ ਦੇਹ।" ਤਾਰਾ ਸਿੰਘ ਜੀ ਨੇ ਅਗੋਂ ਉੱਤਰ ਦਿੱਤਾ, "ਸਾਡੇ ਪਾਸ ਤੇਰੇ ਕੋਈ ਚੋਰ ਨਹੀਂ। ਚੋਰ ਤੂੰ ਹੈਂ ਜੋ ਸੀਨਾ-ਜ਼ੋਰ ਹੈਂ। ਸਾਡੇ ਪਾਸ ਸਿਰਫ਼ ਗੁਰੂ ਦੇ ਲਾਲ ਹਨ।"

ਚੌਧਰੀ ਨੂੰ ਆਸ ਨਹੀਂ ਸੀ ਕਿ ਉਸ ਨੂੰ ਅਗੋਂ ਐਸਾ ਮੂੰਹ-ਭੰਨਵਾਂ ਫਿਟਕਾਰ ਭਰਿਆ ਉੱਤਰ ਮਿਲੇਗਾ। ਸੂਝ ਤੇ ਨਰਮਾਈ ਤੋਂ ਕੰਮ ਨਾ ਲਿਆ। ਸ਼ੇਰ ਦੇ ਘੁਰੇ ਵਿਚ ਵੜ ਕੇ ਉਸ ਨੂੰ ਜਗਾਉਣ ਵਾਲੀ ਗੱਲ ਕੀਤੀ। ਕੜਕ ਕੇ ਬੋਲਿਆ, "ਤੂੰ ਡਾਕੂਆਂ, ਲੁਟੇਰਿਆਂ ਤੇ ਧਾੜਵੀਆਂ ਨੂੰ ਪਨਾਹ ਦੇਂਦਾ ਹੈਂ ਤੇ ਇਨ੍ਹਾਂ ਦੀ ਲੁੱਟ ਦਾ ਮਾਲ ਖਾਂਦਾ ਹੈਂ। ਤੂੰ ਹੱਠੀ ਤੇ ਸੂਰਮਾ ਬਣਿਆ ਬੈਠਾ ਹੈਂ, ਪਰ ਅਜੇ ਮੇਰੇ ਹੱਥ ਨਹੀਂ ਵੇਖੇ। ਜੇ ਮੈਂ ਤੇਰੇ ਇਹ ਪਾਲਤੂ ਧਾੜਵੀ ਚੁਣ ਚੁਣ ਕੇ ਨਾ ਮਰਵਾ ਦਿਤੇ ਤਾਂ ਆਖੀਂ।"

ਤਾਰਾ ਸਿੰਘ ਜੀ ਨੇ ਬੜੇ ਧੀਰਜ ਨਾਲ ਆਖਿਆ, "ਚੌਧਰੀ, ਜ਼ਬਾਨ ਨੂੰ ਸੰਭਾਲ ਕੇ ਰਖ। ਇਨ੍ਹਾਂ ਗੁਰੂ ਦੇ ਪਿਆਰਿਆਂ ਨੂੰ ਇਹ ਮੰਦੇ ਬੋਲ ਨਾ ਬੋਲ। ਕਿਸ ਨੂੰ ਮੌਤ ਦਾ ਡਰਾਵਾ ਦੇਂਦਾ ਹੈਂ ? ਸਾਡੀ ਤਾਂ ਓੜਕ ਸਿਰ ਨਾਲ ਬਾਜ਼ੀ ਹੈ। ਅਸਾਂ ਤਾਂ ਪਹਿਲਾਂ ਮੌਤ ਕਬੂਲੀ ਹੈ ਤੇ ਫਿਰ ਜੀਵਨ ਲਿਆ ਹੈ। ਤੂੰ ਇਹ ਸਦਾ ਲਈ ਦਿਲ 'ਚੋਂ ਕੱਢ ਦੇਹ ਕਿ ਮੈਂ ਸ਼ਰਨ ਆਇਆਂ ਦੁਖੀਆਂ ਨੂੰ ਤੇਰੇ ਹਵਾਲੇ ਕਰ ਦਿਆਂਗਾ। ਤੇਰੇ ਵਾਸਤੇ ਇਹੋ ਭਲੀ ਹੈ ਕਿ ਆਪਣੀ ਪਤ ਲੈ ਕੇ ਚੁਪ ਚਾਪ ਇਥੋਂ ਚਲਿਆ ਜਾਹ। ਜਿਹੜੀਆਂ ਸ਼ਾਹੀ ਫ਼ੌਜਾਂ ਦਾ ਤੈਨੂੰ ਮਾਣ ਹੈ, ਬਿੰਦ ਨਾ

ਉਡੀਕ, ਫਟਾ ਫਟ ਚੜ੍ਹਾ ਲਿਆ ਤੇ ਜੋ ਜੀਅ ਆਵੇ, ਸਾਡੇ ਨਾਲ ਕਰ ਲਵੀਂ। ਅਗੋਂ ਵਾਹਿਗੁਰੂ ਦੀ ਕਿਰਪਾ ਨਾਲ ਜੋ ਸਾਥੋਂ ਬਣੂੰ ਸਰੂ, ਤੂੰ ਕੀ, ਸਾਰਾ ਜਹਾਨ ਵੇਖ ਲਵੇਗਾ। ਪਰ ਐਸ ਵੇਲੇ ਤੇਰਾ ਭਲਾ ਇਥੋਂ ਤੁਰ ਜਾਣ ਵਿਚ ਹੀ ਹੈ।"

ਚੌਧਰੀ ਅਜੇ ਵੀ ਨਾ ਸਮਝਿਆ ਤੇ ਮੁੜ ਫਿਰ ਭਬਕਿਆ, "ਅੱਛਾ! ਤੇਰੀ ਇਹ ਮਜਾਲ! ਤੇਰਾ ਇਹ ਘੁਮੰਡ ਤਾਂ ਪਲ ਵਿਚ ਤੋੜ ਦਿਆਂਗਾ। ਹੁੱਕੇ ਦਾ ਪਾਣੀ ਪਾ ਕੇ ਜੁੱਤੀਆਂ ਨਾਲ ਤੇਰਾ ਸਿਰ ਉਡਾ ਦੂੰਗਾ ਤੇ ਫਿਰ ਵੇਖੂੰਗਾ ਤੇਰਾ ਗੁਰੂ ਆ ਕੇ ਤੇਰੀ ਕੀ ਸਹਾਇਤਾ ਕਰਦੈ ?

ਚੌਧਰੀ ਦੇ ਇਨ੍ਹਾਂ ਸ਼ਬਦਾਂ ਨੇ ਬਰੂਦ ਵਿਚ ਚੰਗਿਆੜੀ ਹੀ ਸੁਟ ਦਿਤੀ। ਤਾਰਾ ਸਿੰਘ ਦਾ ਚਿਹਰਾ ਸੁਰਖ਼ ਹੋ ਗਿਆ ਤੇ ਬਾਘ ਵਾਂਗ ਝਪਟ ਕੇ ਚੌਧਰੀ ਨੂੰ ਪਟਿਆਂ ਤੋਂ ਫੜ ਕੇ ਹਝੋਕਾ ਮਾਰ ਕੇ ਥਲੇ ਪੈਰਾਂ ਵਿਚ ਸੁਟ ਲਿਆ। ਪਟੇ ਤੇ ਮੁੱਛਾਂ ਮੁਰਕ ਵਾਂਗ ਪੁੱਟ ਕੇ ਸੁਟ ਦਿਤੇ। ਉਤੋਂ ਧੜਾ ਧੜ ਛਿਤਰ ਚੌਧਰੀ ਦੇ ਸਿਰ ਵਰ੍ਹਨੇ ਸ਼ੁਰੂ ਹੋ ਗਏ ਤੇ ਪਲ ਵਿਚ ਚੌਧਰੀ ਦੇ ਉਖੜੇ ਜੁੰਡੇ ਤੇ ਮੁੱਛਾਂ ਪੈਰਾਂ ਵਿਚ ਰੁਲਦੀਆਂ ਫਿਰਨ। ਸਿੰਘਾਂ ਨੇ ਸਾਹਿਬ ਰਾਏ ਨੂੰ ਲੂਣ ਵਾਂਗ ਭੰਨ ਸੁਟਿਆ। ਨਾਲ ਦੀ ਸਾਰੀ ਵਾਹਰ ਵਾੜਿਓਂ ਭਜ ਤੁਰੀ। ਚੌਧਰੀ ਬੌਹੜੀ ਬੌਹੜੀ ਕਰੇ ਤੇ ਹਾੜੇ ਕੱਢੇ ਕਿ ਮੈਨੂੰ ਬਖ਼ਸ਼ ਦਿਉ। ਮੇਰੀ ਦੁਹਾਈ! ਵਾਸਤਾ ਗੁਰੂ ਦਾ ਜੇ, ਬਖ਼ਸ਼ ਦਿਉ। ਨਿਮਾਣੀ ਗਊ ਜਾਣ ਕੇ ਮੁਆਫ਼ ਕਰ ਦਿਉ। ਸਿੰਘਾਂ ਛੱਡ ਦਿਤਾ ਤੇ ਧਕੇ ਮਾਰ ਕੇ ਵਾੜਿਓਂ ਬਾਹਰ ਕਢ ਕੇ ਕਿਹਾ ਕਿ ਜਾਹ ਜਿਸ ਪਿਉ ਦਾ ਤੈਨੂੰ ਮਾਣ ਹੈ, ਲੈ ਆ ਚੜ੍ਹਾ ਕੇ।

ਚੌਧਰੀ ਜਾਨੋਂ ਤਾਂ ਬਚ ਗਿਆ, ਪਰ ਹੋਈ ਬੁਰੀ। ਸੁਜਾ ਹੋਇਆ ਮੂੰਹ ਸਿਰ ਵਲ੍ਹੇਟ ਕੇ ਡਿਗਦਾ ਢਹਿੰਦਾ ਪਿੰਡੋਂ ਚੜ੍ਹਦੇ ਪਾਸੇ ਦੀ ਬਾਹਰ ਬਾਹਰ ਵਾੜਿਓਂ ਦੁਰਾਡਾ ਜਾ ਕੇ ਪੱਟੀ ਵਲ ਨੂੰ ਹੋ ਤੁਰਿਆ।

ਜ਼ਕਰੀਆ ਖ਼ਾਨ ਦੀ ਗਵਰਨਰੀ ਸਮੇਂ ਮਾਝੇ ਦੇ ਇਲਾਕੇ ਦਾ ਤਕੜਾ ਹਿੱਸਾ, ਪ੍ਰਬੰਧ ਵਜੋਂ ਪੱਟੀ ਦੇ ਮਾਤਹਿਤ ਸੀ ਤੇ ਨੁਸ਼ਹਿਰਾ-ਢਾਲਾ, ਝਬਾਲ ਤੇ ਨੁਸ਼ਹਿਰਾ-ਪਨੂੰਆਂ ਦੇ ਚੌਧਰੀ ਆਪਣੀ ਮਾਲ-ਗੁਜ਼ਾਰੀ ਉਗਰਾਹ ਕੇ ਇਥੇ ਆਣ ਕੇ ਤਾਰਿਆ ਕਰਦੇ ਸਨ। ਇਹ ਮਾਲਗੁਜ਼ਾਰੀ ਦੀ ਰਕਮ ਨੌਂ ਲਖ ਦੀ ਹੁੰਦੀ ਸੀ, ਇਸ ਲਈ ਇਸ ਨੂੰ ਨੌਂ-ਲੱਖੀ ਪੱਟੀ ਵੀ ਕਿਹਾ ਜਾਂਦਾ ਸੀ। ਇਹਨੀਂ ਦਿਨੀਂ ਗੁਰੂ

ਚੱਕ (ਸ੍ਰੀ ਅੰਮ੍ਰਿਤਸਰ ਸਾਹਿਬ) ਵੀ ਪ੍ਰਬੰਧਕੀ ਪੱਖੋਂ ਪੱਟੀ ਦੀ ਅਮਲਦਾਰੀ ਵਿਚ ਹੀ ਹੁੰਦਾ ਸੀ। ਇਸ ਸਾਰੇ ਇਲਾਕੇ ਵਿਚ ਅਮਨ ਅਮਾਨ ਰਖਣ ਲਈ ਜ਼ਿੰਮੇਵਾਰ ਫ਼ੌਜਦਾਰ, ਜਿਸ ਦਾ ਨਾਮ ਜਾਫ਼ਰ ਬੇਗ ਸੀ, ਪੱਟੀ ਹੀ ਰਹਿੰਦਾ ਸੀ।

ਸਾਹਿਬ ਰਾਏ 'ਵਾਂ' ਪਿੰਡੋਂ ਚੱਲ ਕੇ ਸਿੱਧਾ ਪੱਟੀ ਫ਼ੌਜਦਾਰ ਪਾਸ ਗਿਆ ਤੇ ਹੋਈ ਅਣਹੋਈ ਲਾ ਭਜਾ ਕੇ ਉਸ ਨੂੰ ਇੰਜ ਆਖਿਆ, "ਸਾਥੋਂ ਇਸ ਇਲਾਕੇ ਵਿਚੋਂ ਮਾਮਲਾ ਇਕੱਠਾ ਨਹੀਂ ਹੋ ਸਕਦਾ। ਜਿਥੇ ਵੀ ਮਾਮਲਾ ਵਸੂਲ ਕਰਨ ਲਈ ਜਾਂਦੇ ਹਾਂ, ਅਗੋਂ ਲੋਕ ਆਖਦੇ ਹਨ ਕਿ ਮਾਮਲਾ ਤਾਂ ਸਿੰਘ ਉਗਰਾਹ ਕੇ ਲੈ ਗਏ ਹਨ, ਅਸੀਂ ਦੂਜੀ ਵਾਰ ਹੁਣ ਹੋਰ ਕਿਥੋਂ ਦੇਈਏ। ਜੇ ਉਨ੍ਹਾਂ ਅਗੇ ਕੋਈ ਵੇਹਰੇ ਤਾਂ ਉਸ ਦੀਆਂ ਫ਼ਸਲਾਂ ਵਢ ਲੈਂਦੇ ਹਨ, ਜਾਂ ਉਜਾੜ ਜਾਂਦੇ ਹਨ। ਉਹ ਸਰਕਾਰ ਨੂੰ ਟਿਚ ਸਮਝਦੇ ਹਨ। ਆਪਣਾ ਹੀ ਇਕ ਅੜਵਿੰਗ ਜਿਹਾ ਪੰਥ ਚਲਾਈ ਫਿਰਦੇ ਹਨ। ਹਿੰਦੂ ਮੁਸਲਮਾਨਾਂ ਵਾਲੀ ਉਨ੍ਹਾਂ ਵਿਚ ਗੱਲ ਹੀ ਕੋਈ ਨਹੀਂ। ਰਾਮ ਰਾਮ ਜਾਂ ਸਲਾਮ ਨਹੀਂ ਅਗੋਂ ਬੁਲਾਉਂਦੇ, ਸਗੋਂ ਵਾਹਿਗੁਰੂ ਤੇ ਖ਼ਾਲਸੇ ਦੀ ਫ਼ਤਹ ਫ਼ਤਹ ਕਰਦੇ ਰਹਿੰਦੇ ਹਨ। ਉੱਚੀ ਆਵਾਜ਼ ਵਿਚ ਸ਼ਬਦ ਪੜ੍ਹਦੇ ਹਨ ਤੇ ਦੋਵੇਂ ਵਕਤ ਸੁਣਾ ਸੁਣਾ ਕੇ ਬੜੀ ਉੱਚੀ ਉੱਚੀ ਪੜ੍ਹਦੇ ਹਨ ਕਿ 'ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ....।' ਤੇ ਜੈਕਾਰਿਆਂ ਨਾਲ ਨਿਤ ਜੰਗਲ ਬੇਲੇ ਗੂੰਜਦੇ ਰਹਿੰਦੇ ਹਨ। ਮਿਰਜ਼ਾ ਜੀ ! ਛੇਤੀ ਕੋਈ ਤਕੜਾਈ ਕਰ ਲਵੋ, ਨਹੀਂ ਤਾਂ ਸਿੱਟਾ ਬਹੁਤ ਮਾੜਾ ਨਿਕਲੂ। ਮੇਰੀਆਂ ਘੋੜੀਆਂ ਵੀ ਖੌਹਰ ਨਾਲ ਇਨ੍ਹਾਂ ਸਿੰਘਾਂ ਨੇ ਹੀ ਕੱਢ ਲਈਆਂ ਹਨ। ਚੋਰਾਂ ਦਾ ਖੋਜ ਤਾਰਾ ਸਿੰਘ ਦੇ ਵਾੜੇ ਵਲ ਗਿਆ ਸੀ। ਮੈਂ ਘੋੜੀਆਂ ਤੇ ਚੋਰਾਂ ਨੂੰ ਫੜਨ ਗਿਆ ਤੇ ਤਾਰਾ ਸਿੰਘ ਵਾਈਏਂ ਨੇ ਅਗੋਂ ਬੜਾ ਮੰਦਾ ਬੋਲਿਆ, ਮੇਰੇ ਗਲ ਵੀ ਪਿਆ ਤੇ ਬੜੀ ਡਾਢੀ ਬੇਪਤੀ ਕੀਤੀ। ਸਰਕਾਰ ਨੂੰ ਵੀ ਬੜੇ ਭੈੜੇ ਬੋਲ ਬੋਲੇ। ਮਾਝੇ ਵਿਚ ਮਾਰਾਂ ਧਾੜਾਂ ਕਰਨ ਵਾਲੇ ਸਾਰੇ ਉਸ ਪਾਸ ਆ ਕੇ ਠਹਿਰਦੇ ਹਨ। ਉਹ ਲੰਗਰ ਪਾਣੀ ਛਕਾਉਂਦਾ ਹੈ, ਲੁਟ ਵਿਚੋਂ ਹਿੱਸਾ ਲੈਂਦਾ ਹੈ ਤੇ ਉਨ੍ਹਾਂ ਨੂੰ ਹੱਲਾ-ਸ਼ੇਰੀ ਦੇਂਦਾ ਹੈ।"

ਜਦ ਚੌਧਰੀ ਨੇ ਫ਼ੌਜਦਾਰ ਨੂੰ ਇੰਜ ਝੂਠ-ਸੱਚ ਗੰਢ ਕੇ ਚੰਗਾ ਭਖਾ ਲਿਆ ਤਾਂ ਉਸ ਨੂੰ ਸਲਾਹ ਦਿਤੀ ਕਿ ਜੇਕਰ ਤਾਰਾ ਸਿੰਘ ਤੇ ਉਸ ਦਿਆਂ ਸਾਥੀਆਂ ਨੂੰ ਫੜ ਲਿਆ ਜਾਵੇ ਤਾਂ ਉਨ੍ਹਾਂ ਵਲੋਂ ਮਚਾਈ ਸਿਖਾ-ਗਰਦੀ ਨੂੰ ਠੱਲ੍ਹ ਪੈ ਸਕਦੀ ਹੈ। ਸਾਰੇ ਮਾਝੇ ਵਿਚ ਐਨ ਅਮਨ ਚੈਨ ਹੋ ਸਕਦੈ, ਨਹੀਂ ਤਾਂ ਕੋਈ ਹਾਲ ਨਹੀਂ।

ਇਕ ਵਾਰ ਇਨ੍ਹਾਂ ਦਾ ਜੇ ਮੁਢ ਪੁਟ ਦਿਤਾ ਤਾਂ ਫਿਰ ਕੋਈ ਸਿਰ ਨਹੀਂ ਚੁਕੇਗਾ। ਇਸ ਤੋਂ ਬਿਨਾਂ ਕੋਈ ਚਾਰਾ ਨਹੀਂ।

ਜਾਫ਼ਰ ਬੇਗ ਨੇ ਜੋਸ਼ ਵਿਚ ਆ ਕੇ ਹੁਕਮ ਦਿਤਾ, "ਘੋੜਾ ਲਿਆਉ ਤੇ ਕੁਝ ਸਵਾਰ ਮੇਰੇ ਨਾਲ ਚਲੋ। ਅੱਜ ਹੀ ਇਨ੍ਹਾਂ ਮੂਜ਼ੀਆਂ ਨੂੰ ਫੜ ਲਿਆਉਂਦਾ ਹਾਂ।" ਚੌਧਰੀ ਵਾੜਿਓਂ ਨਜ਼ਾਰੇ ਵੇਖ ਆਇਆ ਸੀ, ਝੱਟ ਬੋਲਿਆ, "ਵੇਖਿਓ, ਕਿਤੇ ਇਹ ਗ਼ਲਤੀ ਨਾ ਕਰ ਬੈਠਿਓ। ਉਹ ਵਾੜਾ ਨਹੀਂ, ਡੂਮਣੇ ਦਾ ਛੱਤਾ ਹੈ। ਪੂਰੀ ਤਿਆਰੀ ਤੇ ਤਕੜਾਈ ਨਾਲ ਜਾਣਾ ਚਾਹੀਦਾ ਹੈ। ਤਾਰਾ ਸਿੰਘ ਨੂੰ ਫੜ ਲੈਣਾ ਕੋਈ ਬੱਚਿਆਂ ਦੀ ਖੇਡ ਨਹੀਂ। ਤੁਸਾਂ ਸ਼ੇਰ ਦੇ ਘੋਰਨੇ ਵਿਚ ਵੜ ਕੇ ਉਸ ਨੂੰ ਹੱਥ ਪਾਉਣਾ ਹੈ। ਸੋਚ ਲਵੋ, ਇਸ ਲਈ ਕਿੰਨੀ ਕੁ ਤਾਕਤ ਦੀ ਲੋੜ ਹੈ। ਅਗੇ ਬਘੇਰੇ ਤੇ ਚਿਤਰੇ ਇਕੱਠੇ ਹੋਏ ਬੈਠੇ ਹਨ। ਜਿੰਨੇ ਕੁ ਚਲੇ ਹੋ, ਇਨ੍ਹਾਂ ਦੀ ਤਾਂ ਕਿਤੇ ਲੁਈਂ ਵੀ ਨਹੀਂ ਲਭਣੀ। ਤਿਆਰੀ ਕਰੋ, ਤਕੜੀ ਤਿਆਰੀ।"

(੧੨)

ਫ਼ੌਜਦਾਰ ਜਾਫ਼ਰ ਬੇਗ ਦੀ ਪੱਟੀਓਂ 'ਵਾਂ' ਉਤੇ ਚੜ੍ਹਾਈ

ਚੌਧਰੀ ਸਾਹਿਬ ਰਾਏ ਦੀ ਸਲਾਹ ਨੇ, ਕਿ ਚੜ੍ਹਾਈ ਪੂਰੀ ਤਿਆਰੀ ਨਾਲ ਕੀਤੀ ਜਾਵੇ, ਫ਼ੌਜਦਾਰ ਦੇ ਮਨ 'ਤੇ ਚੰਗਾ ਅਸਰ ਕੀਤਾ ਤੇ ਉਸ ਨੇ ਕਾਹਲੀ ਵਿਚ ਬਿਨਾਂ ਤਿਆਰੀ ਦੇ ਤੁਰਨ ਦੀ ਥਾਂ ਆਪਣੇ ਅਧੀਨ ਪਿਆਦਿਆਂ ਤੇ ਸਵਾਰਾਂ ਨੂੰ ਫਟਾ ਫਟ ਤਿਆਰੀ ਦਾ ਹੁਕਮ ਦੇ ਦਿਤਾ। ਦੋ ਦੋ ਡੰਗਾਂ ਦੇ ਛੋਲੇ ਤੇ ਗੁੜ ਜੁਆਨਾਂ ਲਈ ਤੇ ਘੋੜਿਆਂ ਦਾ ਦਾਣਾ ਤੋਬਰਿਆਂ ਵਿਚ ਪਾ ਕੇ ਅਸਤਰਾਂ ਸ਼ਸਤਰਾਂ ਤੇ ਦਾਰੂ-ਸਿੱਕੇ ਨਾਲ ਲੈਸ ਕਰ ਕੇ ਇਹ ਸਾਰੀ ਨਫ਼ਰੀ ਸੂਰਜ ਛਿਪਦੇ ਦੇ ਨਾਲ ਉਸ ਖੁਲ੍ਹੇ ਮੈਦਾਨ ਵਿਚ ਇਕੱਠੀ ਕਰ ਲਈ, ਜੋ ਪੱਟੀ ਵਾਲੇ ਕਿਲ੍ਹੇ (ਅੱਜ ਕਲ੍ਹ ਇਸ ਵਿਚ ਪੁਲਸ ਦਾ ਠਾਣਾ ਹੈ) ਤੇ ਰੇਲਵੇ ਲਾਈਨ ਦੇ ਵਿਚਕਾਰ ਹੈ। ਇਸ ਥਾਂ ਨੂੰ ਪੜਾਅ ਕਿਹਾ ਜਾਂਦਾ ਸੀ। ਪਾਕਿਸਤਾਨ ਤੋਂ ਪਹਿਲਾਂ ਇਥੇ ਇਸਲਾਮੀ ਤਾਲੀਮ ਦਾ ਮਕਤਬ (ਸਕੂਲ) ਸੀ ਤੇ ਇਰਦ-ਗਿਰਦ ਪੈਲੀਆਂ ਬੀਜੀਦੀਆਂ ਸਨ। ਮਕਤਬ ਵਾਲੀ ਥਾਂ ਪੁਲਸ-ਸਟਾਫ਼ ਰਹਿੰਦਾ ਹੈ ਤੇ ਬਾਕੀ ਇਰਦ-ਗਿਰਦ ਆਬਾਦੀ ਹੋ ਗਈ ਹੈ ਤੇ ਮੁਰਗ਼ੀਖ਼ਾਨੇ ਬਣ ਗਏ ਹਨ। ਪਹਿਲਾਂ ਅੱਸੀਆਂ (੮੦) ਦੀ ਪਿਆਦਾ ਨਫ਼ਰੀ ਨੂੰ ਤੁਰਨ ਦਾ ਹੁਕਮ ਹੋਇਆ ਤੇ ਕਿਹਾ ਗਿਆ ਕਿ ਮਾੜੀ ਕੰਬੋਕੀ ਅੱਪੜ ਕੇ, ਪਿੰਡੋਂ ਥੋੜਾ ਜਿਹਾ ਅੱਗੇ ਨਿਕਲ ਕੇ ਚੜ੍ਹਦੇ-ਦੱਖਣ ਵਾਲੇ ਪਾਸੇ ਸਥਿਤ ਝਿੜੀ ਵਿਚ ਸਵਾਰਾਂ ਦੀ ਉਡੀਕ ਕਰਨ। ਇਹ ੮੦ ਪਿਆਦੇ ਕੁੱਲਾ, ਮਨਿਹਾਲਾ, ਕੱਚਾ ਪੱਕਾ, ਬੂੜ ਚੰਦੀ ਨਾਮ ਪਿੰਡਾਂ ਲਾਗਿਓਂ ਲੰਘਦੀ ਜਰਨੈਲੀ ਸੜਕੇ ਪੈ ਕੇ, ਭਿਖੀਵਿੰਡ ਤੇ ਪਹੂਵਿੰਡ ਵਿਚ-ਦੀ ਹੋ ਕੇ, ਮਾੜੀ ਕੰਬੋਕੀ ਦੇ ਚੜ੍ਹਦੇ ਪਾਸੇ ਵਲ ਦੀ ਲੰਘ ਕੇ, ਇਸ ਮਾੜੀ ਤੇ 'ਵਾਂ'

ਪਿੰਡ ਦੇ ਵਿਚਕਾਰ ਉਸ ਮਿਥੀ ਕਿੱਕਰਾਂ ਤੇ ਜੰਡਾਂ ਕਰੀਰਾਂ ਵਾਲੀ ਝਿੜੀ ਪਾਸ ਜਾ ਕੇ ਰੁਕ ਗਏ ਤੇ ਪਿਛੋਂ ਆਉਣ ਵਾਲੇ ਸਵਾਰਾਂ ਦੀ ਉਡੀਕ ਕਰਨ ਲਗੇ। ਇਹ ਅੱਧੀ ਰਾਤੋਂ ਪਹਿਲਾਂ ਹੀ ਅੱਪੜ ਗਏ ਸਨ। ਸੱਜਰ-ਸਾਹ ਹੋਣ ਲਈ ਪਹਿਰੂ ਖੜੇ ਕਰ ਕੇ ਸਸਤਾਉਣ ਲੱਗ ਪਏ।

ਅੱਧੇ ਕੁ ਪਹਿਰ ਦੀ ਵਿਥ 'ਤੇ ਜਾਫ਼ਰ ਬੇਗ ੫੦ ਸਵਾਰਾਂ ਦਾ ਦਸਤਾ ਲੈ ਕੇ ਉਸੇ ਰਾਹੇ 'ਵਾਂ' ਨੂੰ ਮਗਰੇ ਚੜ੍ਹ ਪਿਆ। ਚੌਧਰੀ ਸਾਹਿਬ ਰਾਏ ਵੀ ਆਪਣੀ ਸਵਾਰੀ 'ਤੇ ਇਨ੍ਹਾਂ ਦੇ ਨਾਲ ਸੀ। ਇਹ ਦਸਤਾ ਮਾਰੋ ਮਾਰ ਕਰਦਾ ਹੋਇਆ ਅੱਧੀ ਰਾਤ ਦੇ ਲਾਗੇ-ਬੰਨੇ ਪਿਆਦਿਆਂ ਪਾਸ ਜਾ ਉਤਰਿਆ। ਦੋਵੇਂ ਦਸਤੇ ਹੁਣ ਸ਼ੇਰ ਦੇ ਘੁਰੇ ਤੋਂ ਮਸਾਂ ਦੋ ਕਿਲੋਮੀਟਰ ਦੂਰ ਸਨ। ਰਾਤ ਟਿਕੀ ਹੋਈ ਸੀ। 'ਵਾਂ' ਤੇ ਮਾੜੀ ਕੰਬੋਕੀ ਵਾਲੇ ਪਾਸਿਓਂ ਕਿਤੇ ਕਿਤੇ ਭੌਂਕਦਿਆਂ ਕੁੱਤਿਆਂ ਦੀਆਂ ਅਵਾਜ਼ਾਂ ਭਲੀ ਭਾਂਤ ਸੁਣਾਈ ਦੇਂਦੀਆਂ ਸਨ। ਕਿਤੇ ਕਿਤੇ ਟਟਿਔਲ੍ਹੀਆਂ ਤੇ ਬਿਲ-ਬਤੌਰੀਆਂ ਦੀਆਂ ਇਕਾ-ਦੁਕਾ ਅਵਾਜ਼ਾਂ ਤੋਂ ਬਿਨਾਂ ਝਿੜੀ ਦੇ ਆਸ ਪਾਸ ਐਨ ਚੁਪ-ਚਾਂ ਸੀ। ਕੁਝ ਦੇਰ ਸਸਤਾ ਕੇ ਸਵਾਰਾਂ ਤੇ ਘੋੜਿਆਂ ਨੂੰ ਤਾਜ਼ਾ ਦਮ ਕਰਨ ਲਈ ਜਾਫ਼ਰ ਬੇਗ ਨੇ ਥੋੜੀ ਜਿਹੀ ਦੇਰ ਲਈ ਰੁਕ ਜਾਣਾ ਮੁਨਾਸਬ ਸਮਝਿਆ।

ਦੋ ਘੜੀ ਸਮਾਂ ਰੁਕ ਕੇ, 'ਵਾਂ' ਨਗਰ ਵਲ ਧਾਈ ਕਰ ਕੇ ਵਧਣ ਦਾ ਹੁਕਮ ਹੋਇਆ। ਸਭ ਤੋਂ ਪਹਿਲਾਂ ਘੋੜ-ਸਵਾਰ ਤੁਰੇ। ਰੁੱਖਾਂ ਉਤੇ ਬੈਠੇ ਪੰਛੀ ਇਕ ਵਾਰ ਫੁਰ ਫੁਰ ਕਰ ਕੇ ਉਡੇ ਤੇ ਰਾਤ ਦੀਆਂ ਪਹਿਰੇਦਾਰ ਟਟਿਔਲ੍ਹੀਆਂ ਤੇ ਬਿਲ-ਬਤੌਰੀਆਂ ਦੀ ਟੀਂ ਟੀਂ ਤੇ ਚਰਲ ਚਰਲ ਦੱਸ ਰਹੀ ਸੀ ਕਿ ਰਾਤ ਦੇ ਅੰਨ੍ਹੇਰੇ ਵਿਚ ਕੋਈ ਹਲਚਲ ਹੋ ਰਹੀ ਹੈ। ੮੦ ਪਿਆਦੇ ਆਪਣੀਆਂ ਰਫ਼ਲਾਂ ਭਰ ਕੇ ਅੱਧੇ ਕਿਲੋਮੀਟਰ ਦੀ ਵਿਥ ਉਤੇ ਸਵਾਰਾਂ ਦੇ ਪਿਛੇ ਪਿਛੇ ਰਵਾਨਾ ਹੋ ਗਏ। ਇਸ ਹੱਲੇ ਦੀ ਵਿਧੀ ਇਹੋ ਸੀ ਕਿ ਘੋੜ-ਸਵਾਰ ਅਗਲਵਾਂਢੀ ਹੋ ਕੇ ਵਾੜੇ ਨੂੰ ਘੇਰਾ ਪਾ ਲੈਣ, ਤੇ ਜੇ ਕੋਈ ਸਿੰਘ ਵਾੜਿਓਂ ਨਿਕਲ ਕੇ ਭਜਣ ਦਾ ਜਤਨ ਕਰੇ ਤਾਂ ਸਵਾਰ ਆਪਣੇ ਨੇਜ਼ਿਆਂ ਨਾਲ ਉਸ ਨੂੰ ਪ੍ਰੋ ਦੇਣ। ਇੰਜ ਵਾੜਾ ਘੇਰੀ ਰਖਣ ਤੇ ਕਿਸੇ ਨੂੰ ਨਿਕਲਣ ਨਾ ਦੇਣ, ਜਿੰਨਾ ਚਿਰ ਪਿਛੋਂ ਪਿਆਦਾ ਦਸਤਾ ਨਹੀਂ ਆ ਜਾਂਦਾ। ਪਿਆਦੇ ਆ ਕੇ ਵਾੜੇ ਦਾ ਫਲ੍ਹਾ ਤੋੜ ਕੇ, ਤੇਜ਼ੀ ਨਾਲ ਹੱਲਾ ਕਰ ਕੇ ਅੰਦਰ ਵੜ ਜਾਣ ਤੇ ਸਿੰਘਾਂ ਨੂੰ ਸੰਭਲਣ ਤੋਂ ਪਹਿਲਾਂ ਪਹਿਲਾਂ

ਸੁੱਤਿਆਂ ਨੂੰ ਹੀ ਨੱਪ ਲੈਣ। ਤੇ ਜੇ ਕੋਈ ਅੱਗੋਂ ਅੜੇ ਤਾਂ ਗੋਲੀ ਨਾਲ ਉਡਾ ਦੇਣ। ਬੜੀ ਅੱਛੀ ਵਿਧੀ ਤੇ ਉਚਾ ਇਰਾਦਾ ਬੰਨ੍ਹ ਕੇ ਤੁਰੇ ਜਾਂਦਿਆਂ ਨੂੰ ਸ਼ਾਇਦ ਇਹ ਨਹੀਂ ਸੀ ਪਤਾ ਕਿ ਉਨ੍ਹਾਂ ਦੀ 'ਸਥਿਤੀ' ਹੋਣੀ ਹਥੋਂ ਪ੍ਰੇਰੇ ਬਟੇਰਿਆਂ ਵਰਗੀ ਸੀ, ਜੋ ਬਾਜਾਂ ਦੇ ਆਲ੍ਹਣੇ ਨੂੰ ਉਡਾਰੀਆਂ ਭਰ ਰਹੇ ਹੋਣ।

ਬਘੇਲ ਸਿੰਘ ਨਾਲ ਝੜਪ

ਅਜੇ ਸਵਾ ਪਹਿਰ ਦਾ ਤੜਕਾ ਸੀ ਕਿ ਬਘੇਲ ਸਿੰਘ ਢਿਲੋਂ ਭੁਸਿਆਂ ਵਾਲਾ ਇਕ ਹੱਥ ਪਾਣੀ ਦਾ ਭਰਿਆ ਗੜਵਾ, ਦੂਜੇ ਹੱਥ ਨੇਜਾ ਅਤੇ ਗਾਤਰੇ ਤਲਵਾਰ ਪਾਈ ਜੰਗਲ-ਮੈਦਾਨ ਜਾਣ ਲਈ ਵਾੜਿਓਂ ਬਾਹਰ ਨਿਕਲਿਆ। ਉਸ ਨੂੰ ਚੜ੍ਹਦੇ ਪਾਸੇ ਆਪਣੇ ਖੱਬੇ ਹੱਥ ਵਲੋਂ ਰਾਤ ਦੇ ਅੰਨ੍ਹੇਰੇ ਵਿਚ ਤੁਰਦੇ ਘੋੜਿਆਂ ਦੇ ਸੁੰਮਾਂ ਦੀ ਵੌੜ ਆਈ ਤੇ ਇੰਜ ਲੱਗਾ ਜਿਵੇਂ ਇਹ ਵਾੜੇ ਵਲ ਆ ਰਹੇ ਹੋਣ। ਐਸ ਵੇਲੇ ਆਉਣ ਵਾਲੇ ਸਿੰਘ ਨਹੀਂ ਹੋ ਸਕਦੇ, ਕਿਉਂਕਿ ਇਸ ਵੇਲੇ ਜਾਂ ਇਸ ਤੋਂ ਥੋੜਾ ਜਿਹਾ ਪਿਛੋਂ ਸਿੰਘਾਂ ਦਾ, ਜੋ ਰਾਤ-ਕਟੀ ਵਾਸਤੇ ਵਾੜੇ ਅਟਕੇ ਹੋਣ, ਚਾਲੇ ਪਾਉਣ ਦਾ ਸਮਾਂ ਹੁੰਦਾ ਹੈ। ਪਰ ਇਹ ਤਾਂ ਵਾੜੇ ਵਲ ਆ ਰਹੇ ਹਨ। ਸਿੰਘ ਚੌਕਸ ਹੋ ਗਿਆ। ਉਸ ਨੇ ਸਮਝ ਲਿਆ ਕਿ ਜ਼ਰੂਰ ਕੋਈ ਰੜਕ ਹੈ। ਅਜੇ ਥੋੜੇ ਜਿਹੇ ਕਦਮ ਹੀ ਅਗੇ ਵਧਿਆ ਸੀ ਕਿ ਉਸ ਨੇ ਆਪਣੇ ਸਾਹਮਣੇ ਸਵਾਰਾਂ ਦਾ ਤਕੜਾ ਡਾਗਲਾ ਵੇਖਿਆ। ਦੋ ਸਵਾਰ ਦੂਜਿਆਂ ਨਾਲੋਂ ਅਗੇ, ਉਸ ਦੇ ਸੱਜੇ ਖੱਬੇ ਪਾਸਿਓਂ ਕਾਫ਼ੀ ਲਾਗੇ ਆ ਚੁਕੇ ਸਨ। ਬਘੇਲ ਸਿੰਘ ਨੇ ਕੜਕ ਕੇ ਪੁਛਿਆ, "ਕੌਣ ਹੋ ਤੁਸੀਂ ? ਇਥੇ ਕਾਹਦੇ ਲਈ ਖੜੇ ਹੋ ?" ਚੌਧਰੀ ਸਾਹਿਬ ਰਾਏ ਨੇ ਅਵਾਜ਼ ਪਛਾਣ ਕੇ ਫ਼ੌਜਦਾਰ ਨੂੰ ਕਿਹਾ ਕਿ ਸਾਰੇ ਪੁਆੜੇ ਦਾ ਮੁਢ ਇਹੋ ਹੀ ਹੈ। ਇਸ ਨੂੰ ਨਪੜ ਲੌ, ਇਹ ਨਾ ਨਿਕਲ ਜਾਵੇ। ਸੋ ਉਸੇ ਵੇਲੇ ਉਸ ਉਤੇ ਹੱਲਾ ਕੀਤਾ ਗਿਆ ਤੇ ਲਲਕਾਰਿਆ ਕਿ ਖ਼ਬਰਦਾਰ ਜੇ ਆਪਣੇ ਪੈਰਾਂ ਤੋਂ ਹਿਲਿਓਂ। ਜਾਨ ਜੋਖਮ ਸਮੇਂ ਅਡੋਲ ਰਹਿਣਾ ਹੀ ਸੂਰਮਗਤੀ ਦੀ ਪਰਖ ਹੁੰਦੀ ਹੈ। ਬਘੇਲ ਸਿੰਘ ਚਟਾਨ ਵਾਂਗ ਅਹਿਲ ਤੇ ਅਡੋਲ ਖੜਾ ਰਿਹਾ। ਉਸ ਨੇ ਵਾੜੇ ਵਲ ਪਿਛੇ ਭਜਣਾ ਜਾਂ ਮਦਦ ਲਈ ਸਿੰਘਾਂ ਨੂੰ ਉੱਚੀ ਆਵਾਜ਼ਾਂ ਮਾਰ ਕੇ ਸੱਦਣਾ ਕਾਇਰਤਾ ਸਮਝੀ। ਅਗ਼ਲਿਆਂ ਸਵਾਰਾਂ ਕੰਮ ਤਟ ਫਟ ਮੁਕਾਅ ਦੇਣ ਲਈ ਘੋੜੇ

ਛੋੜ, ਅਗੇ ਵਧ ਕੇ, ਬਘੇਲ ਸਿੰਘ ਨੂੰ ਵਿਚਕਾਰ ਲੈ ਕੇ, ਆਪਣੇ ਨੇਜ਼ਿਆਂ ਨਾਲ ਵਿੰਨ੍ਹਣਾ ਚਾਹਿਆ। ਬਘੇਲ ਸਿੰਘ, ਜੋ ਸੰਭਲਿਆ ਖੜਾ ਸੀ, ਨੇ ਆਪਣੇ ਸੱਜੇ ਹੱਥ ਵਾਲੇ ਸਵਾਰ, ਜੋ ਉਸ ਦੇ ਬਹੁਤ ਲਾਗੇ ਆ ਚੁਕਿਆ ਸੀ, ਦੇ ਚੰਗੂ ਫਬਾ ਕੇ ਪਾਣੀ ਨਾਲ ਭਰਿਆ ਲੋਹੇ ਦਾ ਗੜਵਾ ਚਲਾਵਾਂ ਮਾਰਿਆ, ਜੋ ਸਵਾਰ ਦੀ ਬਜਾਏ ਘੋੜੇ ਦੇ ਮੱਥੇ 'ਚ ਵੱਜਾ ਤੇ ਉਹ ਤ੍ਰਬਕ ਕੇ ਪਿਛਲੇ ਪੈਰਾਂ 'ਤੇ ਸੀਖ-ਪਾ ਹੋ ਗਿਆ। ਇਸ ਤੋਂ ਪਹਿਲਾਂ ਕਿ ਸਵਾਰ ਉਸ ਨੂੰ ਕਾਬੂ ਕਰੇ ਤੇ ਉਸ ਦੇ ਸੁੰਮ ਭੁੰਜੇ ਲੱਗਣ, ਬਘੇਲ ਸਿੰਘ ਨੇ ਤਾਣ ਕੇ ਨੇਜ਼ਾ ਮਾਰਿਆ ਤੇ ਉਸ ਸਵਾਰ ਦੇ ਦੁਸਰ ਲੰਘਾ ਦਿਤਾ। ਘੋੜੇ ਦੇ ਅਗਲੇ ਪੌੜ ਭੁੰਜੇ ਲਗਣ ਤੋਂ ਪਹਿਲਾਂ ਸਵਾਰ ਧਰਤੀ 'ਤੇ ਡਿਗ ਕੇ ਤੜਫਣ ਲਗਾ। ਇਹ ਜਾਫ਼ਰ ਬੇਗ ਦਾ ਭਤੀਜਾ ਸੀ ਤੇ ਆਪਣੇ ਸਮੇਂ ਦਾ ਸਿਰਕੱਢ ਲੜਾਕਾ ਸੀ, ਤੇ ਚਾਹੁੰਦਾ ਸੀ ਕਿ ਬਘੇਲ ਸਿੰਘ ਨੂੰ ਕਾਬੂ ਕਰ ਕੇ ਨਾਮਣਾ ਖੱਟੇ। ਇਸ ਤੋਂ ਪਹਿਲਾਂ ਕਿ ਦੂਸਰਾ ਸਵਾਰ ਕੋਈ ਵਾਰ ਕਰੇ, ਬਘੇਲ ਸਿੰਘ ਨੇ ਉਸ ਨੂੰ ਵੀ ਨੇਜ਼ੇ ਨਾਲ ਵਿੰਨ੍ਹ ਕੇ ਘੋੜਿਓਂ ਉਲੱਦ ਕੇ ਥਲੇ ਮਾਰਿਆ। ਦੂਜੇ ਸਵਾਰ ਬੜੀ ਤੁੰਦੀ ਨਾਲ ਅਗੇ ਵਧੇ। ਹੁਣ ਬਘੇਲ ਸਿੰਘ ਪੂਰੀ ਤਰ੍ਹਾਂ ਸਵਾਰਾਂ ਵਿਚਕਾਰ ਘਿਰ ਚੁਕਿਆ ਸੀ ਤੇ ਉਸ ਉਤੇ ਚੁਫੇਰਿਓਂ ਨੇਜ਼ਿਆਂ ਦੇ ਵਾਰ ਹੋ ਰਹੇ ਸਨ। ਉਹ ਨੇਜ਼ਾ ਸੰਭਾਲੀ ਵਾਰਾਂ ਨੂੰ ਝਲਦਾ ਹੋਇਆ ਨੇਜ਼ੇ ਨਾਲ ਸਵਾਰਾਂ ਨੂੰ ਉੜੁੰਬਣ ਲੱਗ ਪਿਆ। ਰੁਖਾਂ ਤੇ ਝਾੜਾਂ ਨੇ ਬਘੇਲ ਸਿੰਘ ਦਾ ਬਹੁਤ ਬਚਾਅ ਕੀਤਾ। ਵਾੜੇ ਦੇ ਉਦਾਲੇ ਸੰਘਣੇ ਜੰਡ,ਫਲਾਈ ਤੇ ਕਿੱਕਰਾਂ ਕਰੀਰ ਆਦਿ ਸਨ, ਜੋ ਸਵਾਰਾਂ ਦੀ ਪੇਸ਼ ਨਹੀਂ ਸਨ ਜਾਣ ਦੇਂਦੇ। ਸੰਘਣੇ ਰੁਖ ਤੇ ਉਤੋਂ ਅੰਨ੍ਹੇਰਾ, ਜੋ ਚੰਦ ਭੂਰ ਪੈਣ ਕਰਕੇ ਭਾਵੇਂ ਹੁਣ ਤਕ ਕਾਫ਼ੀ ਘਟ ਚਲਿਆ ਸੀ, ਸਵਾਰਾਂ ਲਈ ਬੜਾ ਹਾਨੀਕਾਰਕ ਸਾਬਤ ਹੋਇਆ। ਸਵਾਰ ਖਿਝ ਖਿਝ ਕੇ ਬਘੇਲ ਸਿੰਘ ਉਤੇ ਨੇਜ਼ੇ ਚਲਾ ਰਹੇ ਸਨ, ਉਸ ਨੂੰ ਕਾਫ਼ੀ ਜ਼ਖ਼ਮ ਲੱਗ ਚੁਕੇ ਸਨ ਤੇ ਉਸ ਦੇ ਬਸਤਰ ਵੀ ਲਹੂ ਨਾਲ ਗੜੁੱਚ ਹੋ ਚੁਕੇ ਸਨ, ਪਰ ਵੈਰੀਆਂ ਉਤੇ ਉਸ ਦੇ ਝਪਟਿਆਂ ਵਿਚ ਕੋਈ ਫ਼ਰਕ ਨਾ ਆਇਆ, ਫੱਟ-ਖਾਧੇ ਸ਼ੇਰ ਵਾਂਗ ਉਸ ਦਾ ਰੋਹ ਦੂਣ ਸਵਾਇਆ ਹੋ ਗਿਆ ਸੀ। ਉਸ ਨੇ ਜਿਸ ਵਲ ਵੀ ਨੇਜ਼ਾ ਵਾਹਿਆ, ਉਸ ਦੀ ਧੁਰ ਦਰਗਾਹੋਂ ਮੁਕ ਗਈ। ਰੁਖਾਂ ਤੇ ਝਾੜਾਂ ਦੇ ਵਲਾਵਿਆਂ ਵਿਚ ਲੈ ਲੈ ਕੇ ਸਵਾਰਾਂ ਨੂੰ ਉੜੁੰਬ ਉੜੁੰਬ ਕੇ ਕਾਠੀਆਂ ਖ਼ਾਲੀ ਕਰ ਦਿਤੀਆਂ। ਇਜੜ ਵਿਚ ਘੁਸ ਕੇ ਜਿਵੇਂ ਚਿਤਰਾ ਛੇਲਿਆਂ ਦੇ ਆਹੂ ਲਾਹ ਸੁਟਦਾ ਹੈ, ਬਘੇਲ ਸਿੰਘ

ਨੇ ਇਹੋ ਹੀ ਹਾਲ ਕਰ ਛਡਿਆ।

ਲਗ ਪਗ ਸਾਰੇ ਸਵਾਰ, ਸਮੇਤ ਜਾਫ਼ਰ ਬੇਗ ਦੇ ਭਤੀਜੇ ਦੇ, ਮਾਰੇ ਜਾ ਚੁਕੇ ਸਨ। ਫ਼ੌਜਦਾਰ ਤੇ ਸਾਹਿਬ ਰਾਏ ਆਪਣੇ ਡਿਗੇ ਸਵਾਰਾਂ ਨੂੰ, ਤੇ ਜੋ ਅਜੇ ਸਹਿਕਦੇ ਸਨ, ਦੀਆਂ ਦਰਦ ਭਰੀਆਂ ਚੀਕਾਂ-ਚੰਗਿਆੜਾਂ ਸੁਣ ਰਹੇ ਤੇ ਸਵਾਰਾਂ ਤੋਂ ਖ਼ਾਲੀ ਘੋੜੇ ਐਧਰ ਓਧਰ ਭੱਜੇ ਫਿਰਦੇ ਬੜੀ ਮਾਯੂਸੀ ਨਾਲ ਤੱਕ ਰਹੇ ਸਨ ਕਿ ਪਿਛੋਂ ੮੦ ਪਿਆਦੇ ਵੀ ਅੱਪੜ ਪਏ। ਅੱਗੋਂ ਇਕੋ ਕੱਲ-ਮੁਕੱਲਾ ਤੇ ਲਹੂ ਨਾਲ ਲੱਤ ਪੱਤ ਹੋ ਚੁਕਿਆ ਸਿੰਘ ਵੈਰੀ ਨੂੰ ਵੰਗਾਰ ਰਿਹਾ ਸੀ। ਪਿਆਦਿਆਂ ਆਉਂਦਿਆਂ ਹੀ ਹੁਕਮ ਪਾ ਕੇ ਬੰਦੂਕਾਂ ਸਰ ਕਰ ਦਿਤੀਆਂ। ਚੰਦ ਹੁਣ ਤਕ ਕਾਫ਼ੀ ਉਚਾ ਹੋ ਚੁਕਿਆ ਸੀ ਤੇ ਰਾਤ ਹੁਣ ਚਾਨਣੀ ਹੋ ਜਾਣ ਕਰਕੇ ਪਹਿਲਾਂ ਵਾਲਾ ਲੁਕ-ਲੁਕਾ ਤਾਂ ਰਿਹਾ ਨਹੀਂ ਸੀ। ਇਕ ਗੋਲੀ ਬਘੇਲ ਸਿੰਘ ਦੇ ਪੱਟ ਵਿਚ ਆਣ ਲੱਗੀ। ਪਹਿਲਾਂ ਨੇਜ਼ਿਆਂ ਦੇ ਜ਼ਖ਼ਮ ਤੇ ਉਤੋਂ ਗੋਲੀ ਦਾ ਫੱਟ, ਪਰ ਉਸ ਦੀ ਹਿੰਮਤ ਤੇ ਉਸ ਦੇ ਰੋਹ ਵਿਚ ਫ਼ਰਕ ਨਹੀਂ ਆਇਆ। ਨੇਜ਼ਾ ਤਾਣ ਕੇ ਵੈਰੀਆਂ ਵਲ ਵਧਿਆ, ਜਿਵੇਂ ਜ਼ਖ਼ਮੀ ਸ਼ੇਰ ਗ਼ਾਰ ਵਿਚੋਂ ਬੁਕਦਾ ਹੋਇਆ ਨਿਕਲਦਾ ਹੈ। ਬੰਦੂਕਾਂ ਦੀ ਅਵਾਜ਼ ਨੇ ਵਾੜੇ ਅੰਦਰਲੇ ਸਿੰਘਾਂ ਨੂੰ ਖ਼ਬਰਦਾਰ ਕਰ ਦਿਤਾ, ਅਤੇ ਉਹ ਸਮਝ ਗਏ ਕਿ ਬਾਹਰ ਭਾਣਾ ਵਾਪਰ ਗਿਆ ਹੈ ਤੇ ਵੈਰੀ ਬੰਦੂਕਾਂ ਦਾਗ ਰਿਹਾ ਹੈ। ਸੋ ਤੇਗਾਂ, ਨੇਜ਼ੇ, ਰਾਮ-ਜੰਗੇ ਸੰਭਾਲ ਕੇ ਲਲਕਾਰਦੇ ਹੋਏ ਸਾਰੇ ਬਾਹਰ ਨਿਕਲੇ, ਅਤੇ ਇਹ ਧਾਰ ਲਈ ਕਿ ਅਗੇ ਵਧ ਕੇ ਵੈਰੀਆਂ ਨਾਲ ਹੱਥੋ-ਹੱਥੀ ਨਿਬੜਿਆ ਜਾਵੇ। ਪਰ ਬੁਜ਼ਦਿਲ ਜਾਫ਼ਰ ਬੇਗ ਤੇ ਉਸ ਦੇ ਬੰਦੂਕ-ਧਾਰੀ ਪਿਆਦੇ ਉਨ੍ਹਾਂ ਨੂੰ ਵੇਖਦੇ ਸਾਰ ਪਿਛੇ ਨੂੰ ਨਠ ਤੁਰੇ। ਅਚਨਚੇਤ ਕਿਸੇ ਭਜਣ ਲਗੇ ਕਾਇਰ ਸਿਪਾਹੀ ਦੀ ਗੋਲੀ ਬਘੇਲ ਸਿੰਘ ਦੀ ਛਾਤੀ ਵਿਚ ਆਣ ਲਗੀ ਤੇ ਉਹ ਸ਼ਹੀਦ ਹੋ ਗਿਆ। ਬਘੇਲ ਸਿੰਘ ਨੂੰ ਇਸ ਹਾਲਤ ਵਿਚ ਛਡ ਕੇ ਉਸ ਦੇ ਨਾਲ-ਦੇ ਸਿੰਘਾਂ ਨੇ ਨਠੇ ਜਾਂਦੇ ਦੁਸ਼ਮਣ ਦਾ ਪਿੱਛਾ ਨਹੀਂ ਕੀਤਾ, ਜਿਸ ਕਰਕੇ ਭਗੌੜੇ ਬਚ ਨਿਕਲਣ ਵਿਚ ਸਫਲ ਹੋ ਗਏ।

(੧੪)

ਫ਼ੌਜਦਾਰ ਦਾ 'ਵਾਂ' ਤੋਂ ਨੱਠ ਕੇ ਖ਼ਾਨ ਬਹਾਦਰ ਪਾਸ ਲਾਹੌਰ ਜਾਣਾ

ਜਾਫ਼ਰ ਬੇਗ਼ ਐਥੋਂ ਜਿਉਂ ਡਰਦਾ ਮਾਰਾ ਨਠਿਆ ਕਿ ਕੰਬੋ ਕੀ ਮਾੜੀ ਜਾ ਸਾਹ ਲਿਆ। ਉਸ ਦੇ ਮਗਰੇ ੯੦ ਪਿਆਦੇ ਵਹੀਰਾਂ ਘਤ ਕੇ ਉਥੇ ਜਾ ਅੱਪੜੇ। ਇਹ ਸਾਰੇ ਉਸ ਥਾਂ ਜਾ ਇਕੱਠੇ ਹੋਏ ਜਿਥੇ ਅੱਜ ਕਲ੍ਹ ਬਾਬਾ ਸੁਖਾ ਸਿੰਘ ਸੂਰਬੀਰ ਦਾ ਗੁਰਦੁਆਰਾ ਪਿੰਡ ਦੇ ਦੱਖਣ ਵਾਲੇ ਪਾਸੇ ਬਣਿਆ ਹੋਇਆ ਹੈ। ਅਜੇ ਸੂਰਜ ਨਹੀਂ ਸੀ ਚੜ੍ਹਿਆ ਜਦ ਇਨ੍ਹਾਂ ਪਿੰਡ ਦੇ ਚੌਧਰੀ ਤੇ ਨੰਬਰਦਾਰਾਂ ਨੂੰ ਉਠਾ ਕੇ ਬਾਹਰ ਲੈ ਆਂਦਾ ਤੇ ਉਨ੍ਹਾਂ ਨੂੰ ਕਿਹਾ ਕਿ ਤੁਰੰਤ ਅਠ ਦਸ ਗੱਡੇ ਜੋਅ ਕੇ ਲੈ ਜਾਵੋ ਤੇ 'ਵਾਂ' ਤਾਰਾ ਸਿੰਘ ਪਾਸ ਜਾ ਕੇ ਮਿੰਨਤ ਤਰਲਾ ਕਰ ਕੇ, ਉਸ ਦੇ ਵਾੜੇ ਲਾਗੇ ਜਿੰਨੀਆਂ ਲਾਸ਼ਾਂ ਪਈਆਂ ਹਨ ਤੇ ਜੇ ਕੋਈ ਸਵਾਰ ਸਹਿਕਦਾ ਵੀ ਹੋਵੇ, ਸਾਰਿਆਂ ਨੂੰ ਲੱਦ ਕੇ ਜਲਦੀ ਨਾਲ ਐਥੇ ਕੰਬੋ ਕੀ ਮਾੜੀ ਲੈ ਆਵੋ। ਤੁਸਾਂ ਘੋੜਿਆਂ ਜਾਂ ਹਥਿਆਰਾਂ ਬਾਰੇ ਕੋਈ ਗੱਲ ਨਹੀਂ ਕਰਨੀ, ਕਿਉਂਕਿ ਉਨ੍ਹਾਂ ਨੇ ਇਹ ਦੇਣੇ ਨਹੀਂ ਤੇ ਨਾ ਮਿਲਣੇ ਹੀ ਹਨ। ਨਿਮਰਤਾ ਨਾਲ ਮਿੰਨਤ ਹੀ ਕਰਨੀ ਹੈ। ਦੂਜਾ ਉਨ੍ਹਾਂ ਨੂੰ ਇਹ ਨਾ ਪਤਾ ਲੱਗੇ ਕਿ ਫ਼ੌਜਦਾਰ ਤੇ ਪਿਆਦੇ ਅਜੇ ਮਾੜੀ ਕੰਬੋਕੀ ਹੀ ਹਨ। ਪੁਛਣ 'ਤੇ ਕਹਿ ਦੇਣਾ ਕਿ ਵਾਪਸ ਪਰਤ ਗਏ ਹਨ ਤੇ ਲਾਸ਼ਾਂ ਤੇ ਫੱਟੜ ਮਗਰੇ ਭੇਜਣੇ ਹਨ।

ਵਾੜੇ ਵਾਲਿਆਂ ਸਿੰਘਾਂ ਨੇ ਤਾਰਾ ਸਿੰਘ ਦਾ ਹੁਕਮ ਪਾ ਕੇ ਸ਼ਹੀਦ ਹੋ ਚੁਕੇ ਬਘੇਲ ਸਿੰਘ ਦੇ ਸਰੀਰ ਦਾ ਦਾਹ-ਸੰਸਕਾਰ ਕਰਨ ਦਾ ਪ੍ਰਬੰਧ ਕੀਤਾ। ਸਿੰਘਾਂ ਨੇ ਅਰਦਾਸ ਕਰ ਕੇ ਪ੍ਰਣ ਲਿਆ ਕਿ ਬਘੇਲ ਸਿੰਘ ਦੇ ਖ਼ੂਨ ਦਾ ਬਦਲਾ ਸਰਕਾਰ ਤੋਂ ਹਰ ਸੂਰਤ ਵਿਚ ਲਿਆ ਜਾਵੇਗਾ। ਵੈਰੀਆਂ ਦੇ ੨੫ ਘੋੜੇ ਤੇ ਸਾਰੇ ਹਥਿਆਰ,

ਜਿਨ੍ਹਾਂ ਦੀ ਸਿੰਘਾਂ ਨੂੰ ਸਦਾ ਲੋੜ ਰਹਿੰਦੀ ਸੀ, ਲੋੜਵੰਦਾਂ ਵਿਚ ਵੰਡ ਦਿਤੇ। ਫ਼ੌਜਦਾਰ ਜੋ ਸਾਹਿਬ ਰਾਏ ਦੀਆਂ ਘੋੜੀਆਂ ਲੈਣ ਤੇ ਚੋਰ ਫੜਨ ਆਇਆ ਸੀ, ਸਗੋਂ ਆਪਣੇ ਕੋਲੋਂ ਹੋਰ ੨੫ ਘੋੜੇ-ਘੋੜੀਆਂ ਦੇ ਗਿਆ ਤੇ ਬੰਦੇ ਝੂੰਗੇ ਵਿਚ ਮਰਵਾ ਗਿਆ।

ਸਿੰਘਾਂ ਲਾਸ਼ਾਂ ਦੇ ਦਿਤੀਆਂ

ਮਾੜੀ ਕੰਬੋਕੀ ਵਾਲੇ 'ਵਾਂ' ਪੁਜੇ ਅਤੇ ਉਥੋਂ ਦੇ ਕੁਝ ਸਿਆਣੇ ਬਜ਼ੁਰਗ ਨਾਲ ਵਾੜੇ ਲਿਜਾ ਕੇ ਬੜੀ ਨਿਮਰਤਾ ਨਾਲ ਤਾਰਾ ਸਿੰਘ ਅਗੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਜ਼ਖ਼ਮੀ ਤੇ ਮੁਰਦੇ ਚੁੱਕ ਲੈਣ ਦਿਤੇ ਜਾਣ, ਤਾਕਿ ਮਾਰੇ ਜਾ ਚੁਕੇ ਸਵਾਰਾਂ ਨੂੰ ਦਫ਼ਨਾਇਆ ਜਾ ਸਕੇ। ਸਿੰਘਾਂ ਨੇ ਕੋਈ ਰੋਕ ਨਾ ਪਾਈ। ਹੁਣ ਤਕ ਸਹਿਕਦੇ ਜ਼ਖ਼ਮੀ ਵੀ ਖ਼ਤਮ ਹੋ ਚੁਕੇ ਸਨ। ਸਾਰੀਆਂ ਲਾਸ਼ਾਂ ਗੱਡਿਆਂ 'ਤੇ ਲੱਦ ਕੇ ਪਹਿਰ ਕੁ ਦਿਨ ਚੜ੍ਹੇ ਨੰਬਰਦਾਰ ਵਾਪਸ ਮਾੜੀ ਕੰਬੋਕੀ ਆ ਗਏ ਤੇ ਲਾਸ਼ਾਂ ਫ਼ੌਜਦਾਰ ਦੇ ਹਵਾਲੇ ਕੀਤੀਆਂ। ਇਹ ਲਾਸ਼ਾਂ ਕੀ ਸਨ, ਵਿੰਨ੍ਹੇ ਪਰੁੰਨੇ ਹੋਏ ਹੱਡ ਮਾਸ ਦੇ ਢੇਰ! ਜਾਫ਼ਰ ਬੇਗ ਤੇ ਪਿਆਦਿਆਂ ਦਾ ਵੇਖ ਕੇ ਤ੍ਰਾਹ ਨਿਕਲ ਗਿਆ ਕਿ ਇਹ ਇਕੋ ਸਿੰਘ ਦਾ ਕਾਰਾ ਹੈ। ਜੇ ਉਹ ਨਾ ਪਰਤਦੇ ਤੇ ਵਾੜੇ ਵਿਚੋਂ ਨਿਕਲ ਕੇ ਆਏ ਸਿੰਘਾਂ ਅਗੇ ਪਲ ਕੁ ਅੜਨ ਦੀ ਕੋਸ਼ਿਸ਼ ਕਰਦੇ ਤਾਂ ਉਨ੍ਹਾਂ ਦਾ ਕੀ ਹਾਲ ਹੁੰਦਾ ? ਕੀਮਾ ਹੀ ਬਣਾ ਦੇਂਦੇ। ਸ਼ੁਕਰ ਹੈ, ਭਲੇ ਬਚ ਗਏ ਹਾਂ। ਖ਼ੁਦਾਵੰਦ ਪਾਕ ਨੇ ਹੱਥ ਦੇ ਕੇ ਰਖ ਲਿਆ ਹੈ।

ਜਾਫ਼ਰ ਬੇਗ ਨੇ ਆਪਣੇ ਭਤੀਜੇ ਤੇ ਉਸ ਦੇ ਸਾਥੀਆਂ ਦੀਆਂ ਲਾਸ਼ਾਂ ਹਾਥੀ ਉਤੇ ਲੱਦੀਆਂ ਤੇ ਗੱਡਿਆਂ ਵਾਲਿਆਂ ਨੂੰ ਹੁਕਮ ਦੇ ਕੇ ਕਿ ਉਸ ਦੇ ਪਿਛੇ ਲਾਹੌਰ ਵਲ ਨੂੰ ਤੁਰੇ ਆਉਣ, ਆਪ ਬਾਕੀ ਸਾਰਾ ਢੁਮ-ਢਾਣਾ ਲੈ ਕੇ ਵਾਹੋ ਦਾਹੀ ਲਾਹੌਰ ਵਲ ਵਗ ਤੁਰਿਆ। ਲਾਹੌਰ ਅੱਪੜ ਕੇ ਬਾਕੀ ਲਾਸ਼ਾਂ ਕਿਲ੍ਹੇ ਦੇ ਪੱਛਮੀ ਦਰਵਾਜ਼ੇ, ਜੋ ਸ਼ਾਹੀ ਮਸੀਤ ਵਲ ਖੁਲ੍ਹਦਾ ਹੈ, ਦੇ ਬਾਹਰ ਰਖ ਕੇ ਹਾਥੀ ਵਾਲੀਆਂ ਦੋਵੇਂ ਲਾਸ਼ਾਂ-ਅੰਦਰ ਲਿਜਾ ਕੇ ਖ਼ਾਨ ਬਹਾਦਰ ਮੂਹਰੇ ਜਾ ਸੁਟੀਆਂ ਤੇ ਐਸੀ ਬੂ-ਪਾਹਰਿਆ ਮਚਾਈ ਤੇ ਝੂਠ-ਸੱਚ ਗੰਢ ਕੇ ਆਪਣੀ ਕਾਇਰਤਾ ਲੁਕਾਉਣ ਲਈ ਸਿੰਘਾਂ ਦੀ ਐਨੀ ਤਾਕਤ ਦੱਸੀ ਕਿ ਸਾਰੇ ਦਰਬਾਰੀ ਹੈਰਾਨ

ਹੋ ਕੇ ਮੂੰਹ ਵਿਚ ਉਂਗਲਾਂ ਪਾਉਣ ਲੱਗੇ। ਦਰਬਾਰ ਵਿਚ ਹਰ ਪਾਸੇ ਸਿਰਫ਼ ਇਸੇ ਹੀ ਗੱਲ ਦਾ ਚਰਚਾ ਹੋਣ ਲੱਗ ਪਿਆ, ਇਨ੍ਹਾਂ ਮੂਜ਼ੀਆਂ (ਸਿੰਘਾਂ) ਨਾਲ ਕਿਵੇਂ ਨਜਿਠਿਆ ਜਾਵੇ। ਭਾਂਤੋਂ ਭਾਂਤ ਪਏ ਬੋਲਣ। ਜਿੰਨੇ ਮੂੰਹ ਓਨੀਆਂ ਗੱਲਾਂ। ਕੋਈ ਕਹੇ, ਇਨ੍ਹਾਂ ਆਬ-ਏ-ਹਯਾਤ ਪੀਤਾ ਹੋਇਆ ਹੈ, ਇਹ ਮਾਰਿਆਂ ਨਹੀਂ ਮਰਨਗੇ। ਇਨ੍ਹਾਂ ਨਾਲ ਵਿਗਾੜ ਪਾਉਣ ਨਾਲੋਂ ਸੁਲਹ-ਸਫ਼ਾਈ ਹੀ ਚੰਗੀ ਹੈ। ਮੁਲਕ ਵਿਚ ਅਮਨ ਚੈਨ ਦੀ ਰੀਸ ਨਹੀਂ ਤੇ ਇਸੇ ਵਿਚ ਸਰਕਾਰ ਤੇ ਲੁਕਾਈ ਦਾ ਭਲਾ ਹੈ। ਇਨ੍ਹਾਂ ਨਾਲ ਖ਼ਾਹ-ਮਖ਼ਾਹ ਪੰਗਾ ਪਾਈ ਰਖਣਾ ਕੋਈ ਦਾਨਾਈ ਨਹੀਂ। ਕੋਈ ਕਹੇ ਕਿ ਇੰਜ ਨਰਮ ਹੋਇਆਂ ਰਾਜ-ਪ੍ਰਬੰਧ ਕਿਵੇਂ ਚਲੂ ? ਲਾਗੋਂ ਕਾਜ਼ੀ ਨੇ ਕਿਹਾ ਕਿ ਉਂਜ ਸਰਕਾਰ ਅੱਗੇ ਕੀ ਮੁਸ਼ਕਲ ਹੈ। ਪਰ ਇਨ੍ਹਾਂ ਨੂੰ ਕੋਈ ਰੱਬੀ ਤੌਫ਼ੀਕ ਹਾਸਲ ਹੈ ਕਿ ਜਿਥੇ ਇਨ੍ਹਾਂ ਦਾ ਲਹੂ ਡੁਲ੍ਹਦਾ ਹੈ ਉਥੇ ਇਹ ਹੋਰ ਬਹੁਤੇ ਉਗਵ ਆਉਂਦੇ ਹਨ। ਚੰਗੀ ਗੱਲ ਇਹ ਹੈ ਕਿ ਘੇਰਾ ਪਾ ਕੇ ਜੀਊਂਦੇ ਫੜ ਕੇ ਲਾਹੌਰ ਲੈ ਆਂਦੇ ਜਾਣ ਅਤੇ ਮੁੰਗਲੀਆਂ ਨਾਲ ਉਨ੍ਹਾਂ ਦੇ ਸਿਰ ਫੇਹ ਸੁਟੇ ਜਾਣ, ਲਹੂ ਡੁਲ੍ਹਣ ਨਾ ਦਿਤਾ ਜਾਵੇ ਤੇ ਸਮਝੋ ਫਿਰ ਇਹ ਹੋਰ ਨਹੀਂ ਉਗਵ ਸਕਣਗੇ ਤੇ ਇੰਜ ਇਨ੍ਹਾਂ ਦਾ ਖ਼ਾਤਮਾ ਹੋ ਜਾਵੇਗਾ। ਪਾਸੋਂ ਇਕ ਨੇ ਕਿਹਾ ਕਿ ਇਸ ਸ਼ੁਭ ਕੰਮ ਦੀ ਜ਼ਿੰਮੇਵਾਰੀ ਤੁਸੀਂ ਲਵੋ ਤੇ ਫ਼ੌਜ ਲੈ ਕੇ ਆਪ ਜਾ ਕੇ ਫੜ ਲਿਆਓ। ਇਹ ਸੁਣ ਕੇ ਕਾਜ਼ੀ ਹੁਰਾਂ ਦਾ ਖ਼ੂਨ ਹੀ ਖ਼ੁਸ਼ਕ ਹੋ ਗਿਆ। ਉਤਲਾ ਸਾਹ ਉਤਾਂਹ ਤੇ ਹੇਠਲਾ ਸਾਹ ਹੇਠਾਂ, ਕਾਜ਼ੀ ਸਾਹਿਬ ਤਾਂ ਦਫ਼ਨਾਉਣ ਵਾਲੇ ਹੋ ਗਏ।

ਖ਼ਾਨ ਬਹਾਦਰ ਵਲੋਂ ਭਾ: ਤਾਰਾ ਸਿੰਘ ਦੇ ਖ਼ਿਲਾਫ਼ ਮੁਹਿੰਮ

ਜਾਫ਼ਰ ਬੇਗ ਨਾਲ ਹੋਈ-ਬੀਤੀ ਸੁਣ ਕੇ ਤੇ ਲਾਸ਼ਾਂ ਵੇਖ ਕੇ ਖ਼ਾਨ ਬਹਾਦਰ ਤਾਂਬੇ ਵਾਂਗ ਭੱਖ ਉਠਿਆ। ਆਪਣੇ ਮੁਸਾਹਿਬਾਂ ਨਾਲ ਸਲਾਹ ਮਸ਼ਵਰਾ ਕੀਤਾ ਤੇ ਫ਼ੈਸਲਾ ਹੋਇਆ ਕਿ ਤਾਰਾ ਸਿੰਘ ਦੇ ਖ਼ਿਲਾਫ਼ ਵਾਹਵਾ ਫ਼ੌਜ ਦੇ ਕੇ ਕਿਸੇ ਤਕੜੇ ਹੰਢੇ ਹੋਏ ਜਰਨੈਲ ਨੂੰ ਘਲਿਆ ਜਾਵੇ। ਇਸ ਲਈ ਖ਼ਾਨ ਬਹਾਦਰ ਨੇ ਇਸ ਮੁਹਿੰਮ ਦੀ ਕਮਾਨ ਆਪਣੇ ਚੋਣਵੇਂ ਅਮੀਰ ਮੋਮਨ ਖ਼ਾਨ ਕਸੂਰੀਏ ਨੂੰ ਦਿਤੀ ਅਤੇ ੨੨੦੦ ਸਵਾਰ, ੪੦ ਜ਼ੰਬੂਰੇ, ੪ ਰਹਿਕਲੇ ਅਤੇ ੫ ਹਾਥੀ ਉਸ ਦੇ ਸਪੁਰਦ ਕਰ ਦਿਤੇ। ਮੋਮਨ ਖ਼ਾਨ ਨਾਲ ਤੱਕੀ ਬੇਗ ਵੀ ਕੀਤਾ ਗਿਆ ਤੇ ਹਦਾਇਤ ਕੀਤੀ ਗਈ ਕਿ ਅੱਵਲ ਤਾਂ ਇਨ੍ਹਾਂ ਰਾਜ-ਵਿਦਰੋਹੀਆਂ ਨੂੰ ਜ਼ਿੰਦਾ ਫੜ ਕੇ ਲਿਆਉਣਾ ਹੈ, ਪਰ ਜੇ ਮੁਕਾਬਲਾ ਕਰਨ ਤਾਂ ਇਨ੍ਹਾਂ ਦਾ ਮੁਕੰਮਲ ਸਫ਼ਾਇਆ ਕਰ ਕੇ, ਸਿਰ ਵਢ ਲਿਆਉਣੇ ਹਨ। ਮੋਮਨ ਖ਼ਾਨ ਨੇ ਧੌਂਸਾ ਮਾਰ ਕੇ ਦਿੱਲੀ ਦਰਵਾਜ਼ਿਓਂ ਬਾਹਰ ਡੇਰਾ ਆਣ ਲਾਇਆ ਅਤੇ ਸਵਾਰ ਭਰਤੀ ਕਰਨ ਲਈ ਮੁਨਾਦੀ ਕਰਾ ਦਿਤੀ। ਉਸ ਸਮੇਂ ਦਾ ਇਹ ਆਮ ਰਿਵਾਜ ਸੀ ਕਿ ਜਦ ਕਿਸੇ ਅਮੀਰ ਨੂੰ ਕਿਸੇ ਮੁਹਿੰਮ ਦੀ ਸਰਦਾਰੀ ਮਿਲਦੀ ਤਾਂ ਧੌਂਸਾ ਮਾਰ ਕੇ ਸ਼ਹਿਰੋਂ ਬਾਹਰ ਡੇਰਾ ਕਰ ਲੈਂਦਾ। ਅਤੇ ਲੋੜ ਮੂਜਬ ਫ਼ੌਜ ਲਈ ਸਵਾਰ ਤੇ ਪਿਆਦੇ ਭਰਤੀ ਕਰ ਕੇ ਰਸਦ-ਪੱਠਾ ਤੇ ਦਾਰੂ-ਸਿੱਕਾ ਇਕੱਠਾ ਕਰ ਕੇ, ਆਪਣੀ ਮੁਹਿੰਮ ਨੂੰ ਸਰ ਕਰਨ ਲਈ ਉਸ ਪਾਸੇ ਨੂੰ ਕੂਚ ਕਰ ਜਾਂਦਾ। ਸੋ ਹੁਣ ਮੋਮਨ ਖ਼ਾਨ ਵੀ ਆਪਣੀ ਲੋੜ ਮੂਜਬ ਸਵਾਰ ਭਰਤੀ ਕਰਨ ਲੱਗਾ। ਬੰਦਾ ਸਿੰਘ ਬਹਾਦਰ ਜਦ ਦੱਖਣੋਂ ਪੰਜਾਬ ਵਲ ਆਇਆ ਸੀ ਤਾਂ ਲਾਹੌਰੋਂ ਅਸਲਾਮੀ ਝੰਡੇ ਥਲੇ ਦੋ ਵਾਰ ਈਦਗਾਹੋਂ

ਜਹਾਦ ਲਈ ਗ਼ਾਜ਼ੀ ਤੁਰੇ ਸਨ। ਪਹਿਲਾਂ ਨੌਸ਼ਟਾ-ਭਰਲੀ ਲਈ ਤੇ ਫਿਰ ਕੁਝ ਚਿਰ ਪਿਛੋਂ ਕੋਟਲਾ ਬੇਗਮ ਵਿਚ ਇਕੱਠੇ ਹੋਏ ਸਿੰਘਾਂ ਵਿਰੁਧ। ਦੋਵੇਂ ਵਾਰੀ ਜਹਾਦੀਆਂ ਦੇ ਸਿੰਘਾਂ ਨੇ ਸੱਥਰ ਵਿਛਾ ਦਿਤੇ ਸਨ। ਭੀਲੋਵਾਲ ਵਿਚ ਸਿੰਘਾਂ ਹਥੋਂ ਹੋਈ ਕਤਲਾਮ, ਗ਼ਾਜ਼ੀ ਅਜੇ ਨਹੀਂ ਸਨ ਭੁਲੇ। ਪਹਿਲਾਂ ਵਾਂਗ ਸ਼ਹਿਰ ਦੇ ਜੁਲਾਹਿਆਂ, ਮੋਚੀਆਂ, ਤੇਲੀਆਂ, ਸੱਕਿਆਂ ਤੇ ਖੋਜਿਆਂ ਆਦਿ ਨੇ ਇਧਰ ਮੂੰਹ ਨਹੀਂ ਕੀਤਾ। ਸੋ ਨਫ਼ਰੀ ਪੂਰੀ ਕਰਨ ਲਈ ਲਾਹੌਰ ਸ਼ਹਿਰ ਦੇ ਨਾਲ ਲਗਵੇਂ ਪਿੰਡਾਂ ਵਿਚ ਪਲਾ ਫੇਰਿਆ ਗਿਆ ਤੇ ਭਰਤੀ ਸ਼ੁਰੂ ਕੀਤੀ ਗਈ।

ਫ਼ੌਜ ਦੇ ਟਾਕਰੇ ਲਈ ਸਿੰਘਾਂ ਦਾ ਇਕੱਠ

ਇਧਰ ਮੋਮਨ ਖ਼ਾਨ ਬੜੇ ਜ਼ੋਰ ਸ਼ੋਰ ਨਾਲ ਮੁਹਿੰਮ ਦੀਆਂ ਤਿਆਰੀਆਂ ਵਿਚ ਜੁਟ ਗਿਆ ਤੇ ਲੋਕਾਂ ਨੂੰ ਸੱਦ ਸੱਦ ਕੇ ਭਰਤੀ ਕਰਨ ਲੱਗਾ, ਉਧਰ ਭਾਈ ਤਾਰਾ ਸਿੰਘ ਜੀ ਨੇ ਆਪਣੇ ਮੇਲ ਗੇਲ ਵਾਲਿਆਂ ਸਿੰਘਾਂ ਨੂੰ ਸੁਨੇਹੇ ਘਲਾ ਦਿਤੇ ਕਿ ਤੁਸੀਂ ਪੰਥ ਦੀ ਆਨ ਸ਼ਾਨ ਬਦਲੇ ਆਪਣਾ ਆਪ ਕੁਰਬਾਨ ਕਰਨ ਲਈ ਮੌਕਿਆ ਲੱਭਣ ਦੀ ਤਾਂਘ ਵਿਚ ਹੋ ਤੇ ਵਾਹਿਗੁਰੂ ਅਗੇ ਆਪਣੀ ਅਰਦਾਸ ਹੁੰਦੀ ਹੈ ਕਿ ਜੇ ਮੌਤ ਮਿਲੇ ਤਾਂ ਰਣ-ਤੱਤੇ ਵਿਚ ਸੂਰਮਿਆਂ ਵਾਂਗ ਜੂਝਣ ਦੀ, ਅਤੇ ਸ਼ਹੀਦੀ ਦਰਜਾ ਪ੍ਰਾਪਤ ਹੋਣ ਦੀ। ਸੋ ਉਹ ਸਮਾਂ ਹੁਣ ਆ ਗਿਆ ਹੈ। ਇਹ ਵੰਗਾਰਵਾਂ ਸੁਨੇਹਾ ਮਿਲਦਿਆਂ ਹੀ ਕਿਸੇ ਨੇ ਵੀ ਢਿਲ ਨਾ ਵਿਖਾਈ ਤੇ ਵਾਹਵਾ ਸਾਰੇ ਸਿੰਘ ਆਪਣੇ ਨੇਜ਼ੇ, ਸੇਲੇ, ਤੇਗਾਂ ਤੇ ਤੀਰ ਕਮਾਨਾਂ ਸੰਭਾਲ ਕੇ ਤਾਰਾ ਸਿੰਘ ਜੀ ਪਾਸ ਆ ਹਾਜ਼ਰ ਹੋਏ। ਹੁਣ ਸਾਰੇ ਲੜਾਈ ਦੀਆਂ ਵਿਚਾਰਾਂ ਕਰਨ ਲਗੇ। ਕਿਸੇ ਨੇ ਕਿਹਾ ਕਿ ਵੈਰੀ ਨੂੰ ਇਥੇ ਬੈਠ ਕੇ ਕੀ ਉਡੀਕਣਾ ਹੈ, ਦਿਨ ਛਿਪਦੇ ਨਾਲ ਚਾਲੇ ਪਾ ਕੇ ਭਰਤੀ ਵਾਲੀ ਥਾਂ ਇਕੱਠੀ ਹੋਈ ਫ਼ੌਜ ਉਤੇ ਜਾ ਝਪਟੀਏ। ਮਰਨਾ ਤਾਂ ਹੈ ਹੀ, ਕਿਉਂ ਨਾ ਆਪ ਜਾ ਕੇ ਗਲ ਲੱਗ ਕੇ ਮਰਿਆ ਜਾਵੇ ? ਕਿਸੇ ਨੇ ਵੈਰੀ ਦਾ ਇਥੇ ਆਏ ਦਾ ਸਵਾਗਤ ਕਰਨ ਦੀ ਸਲਾਹ ਦਿਤੀ ਕਿ ਚੜ੍ਹ ਕੇ ਆਏ ਨੂੰ ਲੜਾਈ ਦਾ ਸਵਾਦ ਚਖਾਇਆ ਜਾਵੇ। ਕਿਸੇ ਨੇ ਕੁਝ ਕਿਹਾ, ਕਿਸੇ ਨੇ ਕੁਝ। ਅੰਤ ਜੋਸ਼ ਤੇ ਹੋਸ਼ ਨੂੰ ਥਾਉਂ ਥਾਈਂ ਰਖਦਿਆਂ ਇਹ ਫ਼ੈਸਲਾ ਪਰਪੱਕ ਹੋਇਆ ਕਿ ਲਾਹੌਰੋਂ ਏਡੀ ਵੱਡੀ ਫ਼ੌਜ ਚੜ੍ਹ ਕੇ ਆ ਰਹੀ ਹੈ, ਇਸ ਨਾਲ ਟਾਕਰਾ ਔਖਾ ਹੈ ਤੇ ਘਾਟੇ-ਵੰਦਾ ਸਾਬਤ ਹੋਵੇਗਾ। ਹੁਣ ਤਕ ਸਾਡੀ ਲੱਤ ਉਤੇ ਰਹੀ ਹੈ ਤੇ ਇਸ ਟਾਕਰੇ ਵਿਚ ਜਿਤ ਯਕੀਨੀ ਨਹੀਂ। ਇਸ ਲਈ ਸਿਆਣਪ ਟਾਲੇ ਵਿਚ

ਹੈ। ਦੋ ਚਾਰ ਦਿਨਾਂ ਲਈ ਸੱਜੇ ਖੱਬੇ ਹੋ ਕੇ ਇਸ ਆ ਰਹੇ ਤੂਫ਼ਾਨ ਨੂੰ ਸਿਰੋਂ ਲੰਘਾ ਲਿਆ ਜਾਵੇ। ਸ਼ਾਹੀ ਫ਼ੌਜ ਆਵੇਗੀ ਤੇ ਮੈਦਾਨ ਖ਼ਾਲੀ ਵੇਖ ਕੇ ਇਥੇ ਠਹਿਰਨ ਨਹੀਂ ਲਗੀ। ਆਪੇ ਵਾਪਸ ਮੁੜ ਜਾਵੇਗੀ। ਆਪਾਂ ਫੇਰ ਵਾਪਸ ਮੁੜ ਆਵਾਂਗੇ। ਜਾਂ ਜਿਵੇਂ ਸਮਾਂ ਹੋਵੇਗਾ, ਸਿਝ ਲਵਾਂਗੇ। ਹੁਣ ਇਹ ਥਾਂ ਖ਼ਾਲੀ ਕਰ ਜਾਣੀ ਚਾਹੀਦੀ ਹੈ।

ਸਿੰਘਾਂ ਦੇ ਮਾਲਵੇ[1] ਵਲ ਚਾਲੇ, ਪਰ ਸ਼ਹੀਦੀਆਂ ਪਾਉਣ ਲਈ ਭਾਈ ਤਾਰਾ ਸਿੰਘ ਦੀ ੧੯ ਸਿੰਘਾਂ ਸਮੇਤ ਵਾਪਸੀ

ਇਹ ਵਿਚਾਰ ਪ੍ਰਵਾਨ ਕਰ ਕੇ ਸਾਰੇ ਸਿੰਘ ਆਪਣੇ ਸ਼ਸਤਰ ਤੇ ਜਿਨ੍ਹਾਂ ਪਾਸ ਘੋੜੇ ਸਨ, ਨਾਲ ਲੈ ਕੇ ਵਹੀਰ ਦੀ ਸ਼ਕਲ ਵਿਚ ਮਾਲਵੇ ਨੂੰ ਚਾਲੇ ਪਾ ਤੁਰੇ। ਇਹ ਵਹੀਰ 'ਵਾਂ' ਤੋਂ ਚਲ ਕੇ ਅਲਗੋਂ, ਭਾਈ ਲੱਧੂ ਤੇ ਫਿਰ ਵਰਨਾਲਾ ਤੇ ਵਲਟੋਹਾ ਦੋਹਾਂ ਪਿੰਡਾਂ ਦੀ ਜੂਹ ਦੇ ਵਿਚਕਾਰ ਦੀ ਲੰਘ ਕੇ ਅੱਜ ਕਲ੍ਹ ਵਾਲੇ ਵਲਟੋਹਾ ਰੇਲਵੇ ਸਟੇਸ਼ਨ ਲਾਗੇ, ਪੌਣੇ ਕਿਲੋਮੀਟਰ ਦੇ ਫ਼ਾਸਲੇ 'ਤੇ ਸਥਿਤ ਪਿੰਡ

---

੧. **ਮਾਲਵਾ**: ਹਿੰਦੁਸਤਾਨ ਦੇ ਇਤਿਹਾਸ ਵਿਚ ਮਾਲਵਾ ਉਸ ਇਲਾਕੇ ਨੂੰ ਕਿਹਾ ਜਾਂਦਾ ਹੈ ਜੋ ਅਜੋਕੇ ਮੱਧ ਭਾਰਤ ਦਾ ਹਿੱਸਾ ਹੈ ਤੇ ਵਿੰਧੀਆ-ਚਲ ਪਹਾੜ ਦੀ ਉੱਤਰੀ ਹੱਦ ਤਕ ਫੈਲਿਆ ਹੋਇਆ ਹੈ।

ਪੁਰਾਣੇ ਪੰਜਾਬ ਦਾ ਫ਼ਿਰੋਜ਼ਪੁਰ, ਲੁਧਿਆਣਾ, ਪਟਿਆਲਾ, ਨਾਭਾ, ਜੀਂਦ, ਫ਼ਰੀਦਕੋਟ, ਬਠਿੰਡਾ, ਸੰਗਰੂਰ ਦਾ ਮਾਰੂ ਇਲਾਕਾ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵਰ-ਦਾਨ ਨਾਲ ਸਰਸਬਜ਼ ਤੇ ਮਾਲਦਾਰ ਕੀਤਾ ਅਤੇ ਜੰਗਲ ਤੋਂ ਮਾਲਵਾ ਨਾਮ ਰਖਿਆ। ਭਾਈ ਕਾਹਨ ਸਿੰਘ ਜੀ ਨਾਭਾ ਆਪਣੇ ਰਚਿਤ ਗ੍ਰੰਥ *ਮਹਾਨ ਕੋਸ਼* ਵਿਚ 'ਮਾਲਵੇ' ਦੇ ਪ੍ਰਕਰਣ ਵਿਚ ਜ਼ਿਕਰ ਕਰਦੇ ਹੋਏ ਲਿਖਦੇ ਹਨ:

"ਇਤਿਹਾਸਾਂ ਵਿਚ ਕਥਾ ਹੈ ਕਿ ਜਦ ਦਸਮੇਸ਼ ਜੀ ਦਮਦਮੇ ਵਿਰਾਜ ਰਹੇ ਸਨ, ਤਦ ਇਕ ਦਿਨ ਉੱਚੇ ਟਿੱਬੇ ਪੁਰ ਖੜੇ ਹੋ ਕੇ ਫ਼ਰਮਾਉਣ ਲੱਗੇ, 'ਅਹੋ! ਕੇਹੀ ਸੁੰਦਰ ਨਹਿਰ ਚਲ ਰਹੀ ਹੈ, ਕੈਸੇ ਮਨੋਹਰ ਅੰਬ ਫਲੇ ਹਨ, ਕੇਹੀ ਉਤਮ ਕਣਕ ਖੜੀ ਹੈ!' ਇਸ ਪੁਰ ਡੱਲੇ ਨੇ ਕਿਹਾ, 'ਮਹਾਰਾਜ! ਆਪ ਨੂੰ ਭੁਲੇਖਾ ਲੱਗਾ ਹੈ, ਏਥੇ ਇਹ ਵਸਤਾਂ ਕਿਥੇ? ਸੂਰਜ ਦੀ ਚਮਕ ਨਾਲ ਰੇਤਾ ਨਹਿਰ ਭਾਸਦਾ ਹੈ, ਅੱਕ ਅੰਬ ਪ੍ਰਤੀਤ ਹੁੰਦੇ ਹਨ, ਅਰ ਕਾਹੀ ਘਾਹ ਕਣਕ ਜੇਹਾ ਦਿਖਾਈ ਦਿੰਦਾ ਹੈ।' ਦਸਮੇਸ਼ ਜੀ ਨੇ ਬਚਨ ਕੀਤਾ, 'ਓ ਡੱਲਾ ਝੱਲਾ! ਤੂ ਨਹੀਂ ਜਾਣਦਾ ☛

ਬਹਾਦਰ ਨਗਰ, ਜੋ ਸਤਲੁਜ ਦਰਿਆ ਦੇ ਸੱਜੇ ਕੰਢੇ ਢਾਹੇ ਉਤੇ ਵਸਦਾ ਹੈ, ਜਾ ਰੁਕਿਆ। ਉਨ੍ਹੀਂ ਦਿਨੀਂ ਸਤਲੁਜ ਬਹਾਦਰ ਨਗਰ ਦੇ ਐਨ ਨਾਲ-ਦੀ ਵਗਦਾ ਸੀ। ਅਤੇ ਇਹੋ 'ਨਗਰ' ਦਾ ਪੱਤਣ ਸਦਾਉਂਦਾ ਸੀ। ਬਹਾਦਰ ਨਗਰ ਪਹੁੰਚ ਕੇ ਬੇੜੀ ਰਾਹੀਂ ਦਰਿਆ ਪਾਰ ਕਰਨ ਦੀ ਤਿਆਰੀ ਕੀਤੀ।

ਭਾਈ ਤਾਰਾ ਸਿੰਘ ਨੇ ਕਿਹਾ ਕਿ ਗੁਰੂ ਮਹਾਰਾਜ ਦੀ ਆਗਿਆ ਤਾਂ ਲੈ ਲਈਏ, ਜੋ ਹੁਕਮ ਹੋਵੇਗਾ ਤਿਵੇਂ ਕਰਾਂਗੇ। ਆਪ ਬੜੇ ਨਿਤਨੇਮੀ ਤੇ ਸਿਦਕੀ ਸਿੰਘ ਸਨ। ਹਮੇਸ਼ਾ ਆਪਣੇ ਗਾਤਰੇ ਦਸਮ ਗ੍ਰੰਥੀ ਰਖਿਆ ਕਰਦੇ ਸਨ। ਅਰਦਾਸ ਕਰ ਕੇ ਜਦ ਹੁਕਮਨਾਮੇ ਵਜੋਂ ਤੁਕ ਲਈ ਤਾਂ ਇਸ ਸਵਯੇ ਦੀ ਤੁਕ ਆਈ:

ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ, ਤੌ ਕਿਹ ਕੁੰਟ ਕਹੋ ਭਜਿ ਜਈਐ॥
ਆਗੇ ਹੂੰ ਕਾਲ ਧਰੇ ਅਸਿ ਗਾਜਤ, ਛਾਜਤ ਹੈ ਜਿਹ ਤੇ ਨਸਿ ਅਈਐ॥
ਐਸੋ ਨ ਕੈ ਗਯੋ ਕੋਈ ਸੁ ਦਾਵ ਰੇ, ਜਾਹਿੰ ਉਪਾਵ ਸੋ ਘਾਵ ਬਚਈਐ॥
ਜਾਂ ਤੇ ਨ ਛੂਟੀਐ ਮੂੜ ਕਹੂੰ, ਹਸ ਤਾਂ ਕੀ ਕਿਉਂ ਨ ਸਰਣਾਗਤਿ ਜਈਐ॥੯੬॥

(ਪਾ: ੧੦, ਬਚਿਤ੍ਰ ਨਾਟਕ, ਧਿਆਇ ੧)

ਸਾਰੇ ਸਿੰਘਾਂ ਸਿਰ ਝੁਕਾ ਕੇ ਬੜੇ ਸਤਿਕਾਰ ਨਾਲ ਇਹ ਮਹਾਂਵਾਕ ਸੁਣਿਆ ਤੇ ਚੁਪ ਚਾਪ ਬੈਠੇ ਰਹੇ। ਤਾਰਾ ਸਿੰਘ ਜੀ ਨੇ ਕਿਹਾ ਕਿ ਸਤਿਗੁਰਾਂ ਦਾ ਹੁਕਮ ਸਪੱਸ਼ਟ ਹੈ। ਸਾਨੂੰ ਤਾਂ ਸ਼ਹੀਦ ਹੋਣ ਦੀ ਹੀ ਆਗਿਆ ਹੈ, ਹੁਣ ਅਸੀਂ ਪਾਰ ਨਹੀਂ ਜਾ ਸਕਦੇ। ਅਸੀਂ ਤਾਂ ਪਿਛਾਂਹ ਨੂੰ ਹੀ ਮੁੜਦੇ ਹਾਂ। ਜਿਸ ਜਿਸ ਨੂੰ ਜਾਨ ਪਿਆਰੀ ਹੈ, ਉਹ ਪਾਰ ਲੰਘ ਜਾਵੇ ਅਤੇ ਜਿਸ ਨੇ ਸ਼ਹੀਦ ਹੋਣਾ ਹੈ, ਉਹ ਬੜੀ ਖ਼ੁਸ਼ੀ ਨਾਲ ਸਾਡੇ ਸੰਗ ਪਿਛਾਂਹ ਨੂੰ ਮੁੜ ਪਵੇ। ਸਾਡੇ ਵਲੋਂ ਕਿਸੇ ਨੂੰ ਕੋਈ ਰੋਕ ਨਹੀਂ। ਇਹ ਗੱਲ ਸੁਣ ਕੇ ਉਸ ਵਹੀਰ 'ਚੋਂ ਹੇਠ ਲਿਖੇ ੧੯ ਸਿੰਘਾਂ ਤੋਂ ਬਿਨਾਂ ਸਭ ਪਾਰ ਲੰਘ ਗਏ ਤੇ ਮਾਲਵੇ ਨੂੰ ਚਲੇ ਗਏ:

(੧) ਵਧਾਵਾ ਸਿੰਘ ਤੇ (੨) ਕੋਇਰ ਸਿੰਘ, ਦੋਵੇਂ ਹੀ ਤਾਰਾ ਸਿੰਘ ਦੇ

☛ ਕਿ ਮੈਂ ਇਸ ਮੁਲਕ ਨੂੰ 'ਮਾਲਵਾ' ਬਣਾ ਦਿਤਾ ਹੈ ਅਰ ਸਭ ਪਦਾਰਥ ਇਸ ਦੇਸ਼ ਨੂੰ ਬਖ਼ਸ਼ੇ ਹਨ?' ਇਹ ਉਸ ਵੇਲੇ ਦੀ ਕਥਾ ਹੈ ਜਦ ਕਿਸੇ ਨੂੰ ਨਹਿਰਾਂ ਕਢਣ ਦਾ ਸੁਪਨਾ ਭੀ ਨਹੀਂ ਸੀ। ਅੱਜ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਪੇਸ਼ੀਨਗੋਈ ਪੂਰੀ ਹੋਈ ਦੇਖ ਕੇ ਮਾਲਵਾ ਵਾਸੀ ਪਰਮ-ਕ੍ਰਿਤਗਜ ਅਤੇ ਅਚਰਜ ਹੋ ਰਹੇ ਹਨ।"

ਪਿੰਡ 'ਵਾਂ' ਦੇ। (੩) ਸ਼ਾਹੀ ਸਿੰਘ ਬ੍ਰਾਹਮਣ ਝਲੀਆ ਪਿੰਡ ਦਾ। ਇਹ ਪਿੰਡ ਹੁਣ ਪਾਕਿਸਤਾਨ ਵਿਚ ਹੈ ਤੇ ਪਢਾਣੇ ਤੋਂ ਦੋ ਢਾਈ ਕਿਲੋਮੀਟਰ ਉੱਤਰ-ਪੱਛਮ ਵਿਚ—ਥਾਣਾ ਬਰਕੀ ਹੈ। (੪) ਸੂਰਾ ਸਿੰਘ ਤਰਖਾਣ ਖਾਲੜੇ ਦਾ। (੫) ਹਾਤਾ ਸਿੰਘ ਚੂੰਘਾਂ ਦਾ। ਇਹ ਪਿੰਡ ਭਿਖੀਵਿੰਡੋਂ 'ਵਾਂ' ਜਾਣ ਵਾਲੀ ਪੱਕੀ ਸੜਕ 'ਤੇ ਹੈ। (੬) ਮੇਘ ਸਿੰਘ ਗਿਲ ਮੱਦਰਾ ਦਾ—ਮੱਦਰ ਮਥਰਾ ਭਾਗੀ। ਇਹ ਪਿੰਡ ਵੀ 'ਵਾਂ' ਦੇ ਲਾਗੇ ਹੀ ਹੈ, ਹੱਦ ਦੇ ਨਾਲ। (੭) ਲਖਬੀਰ ਸਿੰਘ ਸੰਧੂ ਘਰਿਆਲੇ ਦਾ। (੮) ਭੀਮ ਸਿੰਘ ਤੇ (੯) ਬਾਦਲ ਸਿੰਘ, ਦੋਵੇਂ ਹੀ ਰਤੋ ਕਿਆਂ ਦੇ। ਇਹ ਪਿੰਡ ਵੀ ਢਾਹੇ ਕੰਢੇ ਹੈ, ਬਹਾਦਰ ਨਗਰੋਂ ਅਗੇ। (੧੦) ਮਾਲੀ ਸਿੰਘ ਤੇ (੧੧) ਗੁਰਬਖ਼ਸ਼ ਸਿੰਘ, ਦੋਵੇਂ ਸੰਧੂ ਜੱਟ ਪਢਾਣੇ ਦੇ। (੧੨) ਬੁਲਾਕਾ ਸਿੰਘ ਸੇਖੋਂ ਸਾਂਘਣੇ ਦਾ। ਇਹ ਪਿੰਡ ਅੰਮ੍ਰਿਤਸਰ ਤੋਂ ੭ ਕਿਲੋਮੀਟਰ ਦੀ ਵਿਥ 'ਤੇ ਅਪਰ ਬਾਰੀ ਦੁਆਬ ਦੇ ਸੱਜੇ ਕੰਢੇ ਹੈ। ਇਸ ਪਿੰਡ ਨੂੰ ਬਹੋੜੂ ਵਾਲੇ ਪੁਲ ਤੋਂ ਨਹਿਰ ਦੇ ਲਹਿੰਦੇ ਪਾਸੇ ਰਾਹ ਜਾਂਦਾ ਹੈ ਅਤੇ ਇਹ ਪੁਲ ਤੋਂ ਕੋਈ ਡੇਢ ਕਿਲੋਮੀਟਰ ਹੈ। ਇਸੇ ਪੁਲ ਤੋਂ ਨਹਿਰ ਦੇ ਖੱਬੇ ਕੰਢੇ ਤੋਂ ਸਿੱਧਾ ਚੜ੍ਹਦੇ ਨੂੰ ੨ ਕਿਲੋਮੀਟਰ ਦੇ ਫ਼ਾਸਲੇ 'ਤੇ ਮੰਡਿਆਲਾ ਹੈ ਤੇ ਇਹ ਮੱਸੇ ਰੰਘੜ ਦਾ ਪਿੰਡ ਹੈ। (੧੩) ਜੋਧ ਸਿੰਘ ਬਾਜਵਾ ਨਾਰੋਵਾਲ ਦਾ ਜ਼ਿਲਾ ਸਿਆਲਕੋਟ (ਪਾਕਿਸਤਾਨ)। (੧੪) ਬਘੇਲ ਸਿੰਘ ਦਾ ਭਰਾ ਅਮਰ ਸਿੰਘ 'ਢਿਲੋਂ' ਪਿੰਡ ਭੁਸਿਆਂ ਦਾ। (੧੫, ੧੬) ਸਮੁੰਦ ਸਿੰਘ ਤੇ ਲਾਭ ਸਿੰਘ ਮੁਲਤਾਨੀਏ। (੧੭, ੧੮) ਭੋਗ (ਬੋਘ) ਸਿੰਘ ਤੇ ਸਾਲ ਸਿੰਘ ਪਿਸ਼ੌਰੀਏ।

ਤਾਰਾ ਸਿੰਘ ਦੇ ਨਾਲ ਦੇ ਇਹ ੧੮ ਸਿੰਘ ਉਸੇ ਦਿਨ ਹੀ 'ਵਾਂ' ਵਾਪਸ ਆ ਗਏ। ਇਥੇ ਇਕ ਤਕੜਾ ਲੰਮਾ ਸਾਰਾ ਥੰਮ੍ਹ ਘੜਾ ਕੇ ਗੱਡ ਦਿਤਾ। ਇਕ ਬਕਰੇ ਦੀ ਖਲ ਨਾਲ ਇਕ ਨਗਾਰਾ ਮੜ੍ਹ ਲਿਆ ਕਿ ਲੋੜ ਪੈਣ 'ਤੇ ਆਸੇ ਪਾਸੇ ਨੂੰ ਗਏ ਨੂੰ ਇਸ 'ਤੇ ਚੋਟ ਲਾ ਕੇ ਖ਼ਬਰਦਾਰ ਕੀਤਾ ਜਾ ਸਕੇ। ਫ਼ੌਜ ਆਵੇ ਤਾਂ ਇਕ-ਮੁਠ ਹੋ ਕੇ ਟਾਕਰਾ ਕੀਤਾ ਜਾਵੇ। ਕੋਈ ਲਾਗੇ-ਬੰਨੇ ਗਿਆ ਸਿੰਘ ਇਕੱਲਾ-ਕਾਰਾ ਕਾਬੂ ਨਾ ਆ ਜਾਵੇ। ਮੈਦਾਨ ਵਿਚ ਸਨਮੁਖ ਹੋ ਕੇ ਜੂਝਣ ਲਈ ਲਾਹੌਰੀ ਫ਼ੌਜ ਦੀ ਉਡੀਕ ਕਰਨ ਲੱਗੇ।

ਹਜ਼ੂਰਾ ਸਿੰਘ ਦਾ ਲਾਹੌਰੋਂ ਆ ਕੇ 'ਵਾਂ' ਸਿੰਘਾਂ ਨੂੰ ਖ਼ਬਰ ਦੇਣੀ

ਦਿੱਲੀ ਦਰਵਾਜ਼ਿਓਂ ਬਾਹਰ ਪੜਾਅ ਵਿਚ ਜਦ ਤਾਰਾ ਸਿੰਘ 'ਵਾਂ' ਦੇ ਖ਼ਿਲਾਫ਼ ਮੁਹਿੰਮ ਦੀ ਤਿਆਰੀ ਵਜੋਂ ਮੋਮਨ ਖ਼ਾਨ ਭਰਤੀ ਕਰ ਰਿਹਾ ਸੀ ਤਾਂ ਇਹ ਖ਼ਬਰ ਘਰ ਘਰ ਫੈਲ ਗਈ ਤੇ ਆਮ ਗੱਲ-ਕਥ ਵਿਚ ਇਸ ਦਾ ਚਰਚਾ ਹੋਣ ਲੱਗਾ ਕਿ ਇਹ ਫ਼ੌਜ ਸਿੰਘਾਂ ਨਾਲ ਲੜਨ ਲਈ ਤਿਆਰ ਕੀਤੀ ਜਾ ਰਹੀ ਹੈ। ਜੋ ਸਿੰਘ ਸਰਕਾਰੀ ਨੌਕਰੀ ਵਿਚ ਸਨ ਅਤੇ ਖ਼ਾਸ ਕਰ ਜੋ ਸ਼ਾਹੀ ਫ਼ੌਜ ਵਿਚ ਸਨ, ਉਨ੍ਹਾਂ ਨੇ ਵੀ ਸਿੰਘਾਂ ਪ੍ਰਤੀ ਬਣੇ ਖ਼ਤਰੇ ਨੂੰ ਬੁਰੀ ਤਰ੍ਹਾਂ ਅਨੁਭਵ ਕੀਤਾ। ਫ਼ੌਜੀ ਸਿੰਘਾਂ ਨੇ ਸਲਾਹ ਕੀਤੀ ਕਿ ਕਿਸੇ ਸਿੰਘ ਨੂੰ ਭੇਜ ਕੇ ਤਾਰਾ ਸਿੰਘ ਹੁਰਾਂ ਨੂੰ ਇਸ ਮੁਹਿੰਮ ਦੀ ਖ਼ਬਰ ਦੇ ਦਿਤੀ ਜਾਵੇ, ਤਾਂ ਜੁ ਉਹ ਆਪਣੀ ਤਕੜਾਈ ਕਰ ਲੈਣ। ਬੇਖ਼ਬਰੀ ਵਿਚ ਕਿਤੇ ਅਨਭੋਲ ਹੀ ਮਾਰੇ ਨਾ ਜਾਣ। ਸੋ ਲਾਹੌਰੋਂ ਇਕ ਉਦਮੀ ਤੇ ਬੜਾ ਦਲੇਰ ਸਿੰਘ, ਹਜ਼ੂਰਾ ਸਿੰਘ ਨਾਮੇ, ਦਿਨ ਛਿਪੇ ਤੋਂ ਪਿਛੋਂ 'ਵਾਂ' ਵਲ ਨੂੰ ਘੋੜੇ 'ਤੇ ਰਵਾਨਾ ਹੋ ਗਿਆ ਤੇ ਵਾਹੋ-ਦਾਹੀ 'ਵਾਂ' ਅੱਪੜਿਆ। ਵਾੜੇ ਪਾਸ ਆ ਕੇ ਫਲਾ ਬੰਦ ਵੇਖ ਕੇ, ਘੋੜੇ 'ਤੇ ਚੜ੍ਹੇ ਚੜ੍ਹਾਏ ਨੇ ਬਾਹਰੋਂ ਹੀ ਫ਼ਤਹ ਗਜਾਈ। ਅੰਦਰ ਹਾਜ਼ਰ ਸਿੰਘਾਂ ਨੇ ਆਵਾਜ਼ ਪਛਾਣ ਕੇ ਫਲਾ ਖੋਲ੍ਹ ਕੇ ਅੰਦਰ ਲੰਘਾ ਲਿਆ ਤੇ ਉਸ ਨੂੰ ਆਦਰ ਸਤਿਕਾਰ ਦਿਤਾ। ਉਸ ਵੇਲੇ ਲੰਗਰ ਵਿਚ ਜੋ ਹਾਜ਼ਰ ਸੀ, ਛਕਾਇਆ ਤੇ ਫਿਰ ਅੰਗੀਠੇ ਪਾਸ ਲਿਆ ਬਿਠਾਇਆ। ਉਸ ਨੇ ਆਪਣੇ ਆਉਣ ਦਾ ਤੇ ਮੁਹਿੰਮ ਦੀ ਤਿਆਰੀ ਦਾ ਸਾਰਾ ਹਾਲ-ਚਾਲ ਦਸਿਆ। ਹਜ਼ੂਰਾ ਸਿੰਘ ਨੇ ਦੱਸਿਆ ਕਿ ਭਲਕੇ ਫ਼ੌਜ ਨੇ ਤੁਹਾਡੇ ਉਤੇ ਚੜ੍ਹਾਈ ਲਈ ਕੂਚ ਕਰਨਾ ਹੈ। ਫ਼ੌਜ ਤੋਪਾਂ, ਜ਼ੰਬੂਰਿਆਂ ਤੇ ਰਹਿਕਲਿਆਂ ਨਾਲ ਪੂਰੀ ਤਰ੍ਹਾਂ ਲੈਸ ਹੈ। ਸਵਾਰਾਂ ਤੇ ਪਿਆਦਿਆਂ ਤੋਂ ਉਪਰੰਤ ਮੁਲਖਈਆ ਵੀ ਬਹੁਤ ਹੈ। ਅੱਗੇ ਤੁਸੀਂ ਮੁੱਠੀ ਭਰ ਸਿੰਘ ਹੋ। ਇਹ ਬਿਲਕੁਲ ਅਸਾਵਾਂ ਮੁਕਾਬਲਾ ਹੈ। ਤੁਸੀਂ ਦੋ ਚਾਰ ਦਿਨਾਂ ਲਈ ਸੱਜੇ ਖੱਬੇ ਹੋ ਜਾਵੋ। ਫ਼ੌਜ ਦੇ ਹੱਥ ਤਾਂ ਕੁਝ ਆਉਣਾ ਨਹੀਂ। ਬਸ ਫਿਰ ਤੁਰ ਕੇ ਜਿਧਰੋਂ ਆਈ, ਉਧਰ ਵਾਪਸ ਮੁੜ ਜਾਵੇਗੀ। ਏਥੇ ਫ਼ੌਜ ਨੂੰ ਖਾਣ ਪੀਣ ਨੂੰ ਕੁਝ ਲਭਣਾ ਨਹੀਂ ਤੇ ਉਹਨੇ ਬਹੁਤੀ ਦੇਰ ਰੁਕਣਾ ਨਹੀਂ। ਤੁਸੀਂ ਵਾੜੇ ਵਿਚ ਫਿਰ ਆਣ ਬਿਰਾਜਿਓ। ਤਾਰਾ ਸਿੰਘ ਜੀ ਨੇ ਇਹ ਸੁਣ ਕੇ ਆਏ ਸਿੰਘ ਦਾ ਬਹੁਤ ਧੰਨਵਾਦ ਕੀਤਾ ਤੇ ਨਿਮਰਤਾ ਨਾਲ ਆਖਿਆ ਕਿ ਸਾਨੂੰ ਜਾਨਾਂ ਤੋਂ ਸ਼ਹਾਦਤ ਪਿਆਰੀ ਹੈ, ਤੇ ਇਸ ਲਈ ਅਸੀਂ ਸ਼ਹੀਦ ਹੋਣ ਲਈ ਤਿਆਰ ਬੈਠੇ ਹਾਂ। ਅਸਾਂ ਜਾਨਾਂ ਬਚਾਉਣ ਲਈ ਭਜ ਕੇ ਕਿਸੇ

ਪਾਸੇ ਨਹੀਂ ਜਾਣਾ। ਚੜ੍ਹ ਕੇ ਆਏ ਵੈਰੀ ਨਾਲ ਸਨਮੁਖ ਹੋ ਕੇ ਟੱਕਰਨਾ ਹੈ। ਅਸੀਂ ਅਰਦਾਸ ਕਰ ਚੁਕੇ ਹਾਂ।

ਇਹ ਬਚਨ ਬਿਲਾਸ ਸੁਣ ਕੇ ਹਜ਼ੂਰਾ ਸਿੰਘ ਵਾਪਸ ਲਾਹੌਰ ਨੂੰ ਮੁੜ ਪਿਆ ਤੇ ਰਾਤੋ ਰਾਤ ਸ਼ਹਿਰ ਵਿਚ ਜਾ ਵੜਿਆ। ਕਿਸੇ ਨੂੰ ਕੋਈ ਸ਼ੱਕ ਨਾ ਪਿਆ ਕਿ ਇਹ ਕਿਥੇ ਜਾ ਕੇ ਤੇ ਕੀ ਕਰ ਕੇ ਆਇਆ ਹੈ।

ਮੋਮਨ ਖ਼ਾਨ ਦਾ ਲਾਹੌਰੋਂ 'ਵਾਂ' ਵਲ ਕੂਚ

ਮੋਮਨ ਖ਼ਾਨ ਦੀ ਇਸ ਮੁਹਿੰਮ ਲਈ ਤਿਆਰੀ ਹੋ ਚੁਕੀ ਸੀ। ਇਹ ਇਕ ਹੰਢਿਆ-ਪਰਖਿਆ ਤੇ ਚਤਰ ਜਰਨੈਲ ਸੀ। ਇਸ ਕਿਸਮ ਦੀਆਂ ਕਈ ਮੁਹਿੰਮਾਂ ਉਹ ਹੱਥਾਂ ਵਿਚ ਦੀ ਲੰਘਾ ਚੁਕਿਆ ਸੀ। ਉਸ ਨੇ ਸੋਚ ਕੇ ਬਿਧ ਬਣਾਈ ਕਿ ਰਾਤੋ ਰਾਤ ਸਿੰਘਾਂ ਨੂੰ ਜਾ ਨੱਪਣਾ ਚਾਹੀਦਾ ਹੈ। ਜੇ ਦਿਨ ਚੜ੍ਹ ਗਿਆ ਤੇ ਲੜਾਈ ਚਾਨਣੇ ਹੋਏ ਤਾਂ ਸਾਡੇ ਬਹੁਤ ਆਦਮੀ ਮਾਰੇ ਜਾਣਗੇ। ਮੋਮਨ ਖ਼ਾਨ ਨੇ ਆਪਣੀ ਬਹੁਤ ਜ਼ਿੰਦਗੀ ਸਿੰਘਾਂ ਨਾਲ ਹੀ ਲੜਦਿਆਂ ਭਿੜਦਿਆਂ ਗੁਜ਼ਾਰੀ ਸੀ ਤੇ ਉਸ ਨੂੰ ਇਸ ਗੱਲ ਦਾ ਬੜਾ ਕਰੜਾ ਤਜਰਬਾ ਹੋ ਚੁਕਿਆ ਸੀ। ਛਪੋਲ ਹੀ ਵਧੀਆ ਵਿਧੀ ਸੀ। ਇਸ ਲਈ ਉਸ ਨੇ ਸੂਰਜ ਡੁਬਦਿਆਂ ਹੀ ਕੂਚ ਦਾ ਬਿਗਲ ਵਜਵਾ ਦਿਤਾ ਤੇ ਰਾਤ ਢਲਦਿਆਂ ਘਵਿੰਡ[1] ਦੇ ਪਾਸ ਆਣ ਲਥੇ। ਫ਼ੌਜ ਵਿਚ ਇਹੋ ਜਿਹਾ ਕੋਈ ਸੂਹੀਆ ਨਹੀਂ ਸੀ, ਜੋ ਅੱਗੇ ਲੱਗ ਕੇ ਦੱਸ ਸਕਦਾ ਕਿ ਤਾਰਾ ਸਿੰਘ ਦਾ 'ਵਾਂ' ਵਾਲਾ ਥਾਂ-ਟਿਕਾਣਾ ਇਥੋਂ ਕਿਸ ਪਾਸੇ ਹੈ। ਇਸ ਲਈ ਵਿਚਾਰ ਹੋਈ ਕਿ ਇਸ ਪਿੰਡ (ਘਵਿੰਡ) ਨੂੰ ਘੇਰ ਲਿਆ ਜਾਵੇ। ਜਦ ਤਅੱਦੀ ਦਿਆਂਗੇ ਤਾਂ ਆਪੇ ਕੋਈ ਸੂਹੀਆ ਬਣ ਕੇ ਅੱਗੇ ਲੱਗ ਤੁਰੂ ਤੇ ਸਾਨੂੰ ਥਾਂ-ਸਿਰ ਪਹੁੰਚਾ ਦੇਵੇਗਾ। ਸੋ ਇਸ ਖ਼ਿਆਲ ਨਾਲ ਪਿੰਡ ਨੂੰ ਘੇਰਾ ਪਾ ਲਿਆ। ਰਾਤ ਵੇਲੇ ਕੁਝ ਪੰਖੇਰੂਆਂ (ਬਿਲ-ਬਤੌਰੀਆਂ ਤੇ ਟਟਿਔਲ਼ੀਆਂ) ਤੇ ਕੁੱਤਿਆਂ ਨੂੰ ਬੜੀ ਬਿੜਕ ਹੁੰਦੀ ਹੈ। ਕੁੱਤੇ ਤਾਂ ਓਬੜ ਆਦਮੀ ਨੂੰ ਪਿੰਡ ਉਦਾਲੇ ਜਾਂ ਪਿੰਡ ਵਿਚ ਫਿਰਦਾ ਵੇਖ ਕੇ

---

੧. **'ਘਵਿੰਡ—ਡੱਲ—ਵਾਂ'** ਉੱਤਰ-ਦੱਖਣ ਇਕ ਪਾਲ ਵਿਚ ਹਨ। ਡੱਲ ਵਿਚਕਾਰ ਹੈ ਤੇ 'ਵਾਂ' ਦੱਖਣ ਵਿਚ ਬਿਲਕੁਲ ਥਲੇ। ਘਵਿੰਡੋਂ ਡੱਲ ਪੰਜ ਕਿਲੋਮੀਟਰ ਤੇ ਡੱਲੋਂ ਵਾਂ ਚਾਰ ਕਿਲੋਮੀਟਰ। ਘਵਿੰਡ ਹੁਣ ਪਾਕਿਸਤਾਨ ਵਿਚ ਹੈ। ਇਸ ਨੂੰ ਥਾਣਾ ਬਰਕੀ ਜ਼ਿਲਾ ਲਾਹੌਰ ਲਗਦਾ ਹੈ।

ਜ਼ੋਰ ਜ਼ੋਰ ਨਾਲ ਭੌਂਕਣ ਲੱਗ ਪੈਂਦੇ ਹਨ। ਸੋ ਏਨੀ ਫ਼ੌਜ, ਘੋੜਿਆਂ ਦੇ ਸੁੰਮਾਂ ਦਾ ਖੜਕਾ ਤੇ ਵਜਦੇ ਫੁਰਕੜੇ ਸੁਣ ਕੇ ਕੁੱਤਿਆਂ ਭੌਂ ਰੌਲਾ ਮਚਾ ਦਿਤਾ। ਕਈ ਬੰਦੇ ਉਠ ਬੈਠੇ।

ਇਹ ਉੱਪਲ ਗੋਤ ਦਿਆਂ ਜੱਟਾਂ ਦਾ ਪਿੰਡ ਸੀ। ਏਥੋਂ ਦਾ ਨੰਬਰਦਾਰ 'ਸੂਜਾ' ਨਾਮੇ ਜ਼ਿਮੀਦਾਰ ਬੜਾ ਸਿਆਣਾ ਆਦਮੀ ਸੀ। ਉਹ ਬਾਹਰ ਆਇਆ। ਫ਼ੌਜ ਵੇਖ ਕੇ ਹੀ ਸਮਝ ਗਿਆ ਕਿ ਇਹ ਕਿਸ ਪਾਸੇ ਦੀ ਮੁਹਿੰਮ ਹੈ। ਸਿੰਘਾਂ ਦੇ ਸਿਰ 'ਤੇ ਬਣੀ ਵੇਲੇ ਸਹਾਇਤਾ ਵਜੋਂ ਤੁਰੰਤ ਕੁਝ ਕਰਨਾ ਚਾਹੀਦਾ ਹੈ। ਆਪਣੇ ਭਰਾ ਨੂੰ ਜਲਦੀ ਨਾਲ ਤਾਰਾ ਸਿੰਘ ਦੇ ਵਾੜੇ ਘਲਾਇਆ ਕਿ ਉਨ੍ਹਾਂ ਨੂੰ ਖ਼ਬਰਦਾਰ ਕਰ ਦੇਵੇ ਤੇ ਕਹੇ ਕਿ ਆਪਣਾ ਸਮਾਂ ਟਾਲ ਜਾਣ। ਆਪ ਨੰਬਰਦਾਰ ਨੇ ਫ਼ੌਜ ਦੇ ਮੁਖੀ ਪਾਸ ਜਾ ਕੇ ਕਿਹਾ ਕਿ ਤੁਸਾਂ ਕਿਧਰ ਨੂੰ ਜਾਣਾ ਹੈ ? ਮੋਮਨ ਖ਼ਾਨ ਦਾ ਇਰਾਦਾ ਸੁਣ ਕੇ ਆਪ ਸੂਹੀਆ ਬਣ ਕੇ ਅੱਗੇ ਲੱਗ ਤੁਰਿਆ। ਅੰਦਰੋਂ ਇਰਾਦਾ ਇਹ ਸੀ ਕਿ ਫ਼ੌਜ ਨੂੰ ਮਗਰ ਲਾ ਕੇ ਐਧਰ ਉਧਰ ਲਈ ਫਿਰੇ ਤੇ ਔਝੜੇ ਪਾ ਕੇ ਏਨਾ ਕੁ ਚਿਰ ਲਾ ਦੇਵੇ ਕਿ ਸਿੰਘ ਖ਼ਬਰਦਾਰ ਹੋ ਕੇ ਵਾੜਿਓਂ ਨਿਕਲ ਦੁਰਾਡੇ ਚਲੇ ਜਾਣ ਤੇ ਫ਼ੌਜ ਦੇ ਹੱਥ ਕੁਝ ਨ ਲੱਗੇ। ਜਦ ਫ਼ੌਜ ਥੱਕੀ ਟੁਟੀ ਵਾੜੇ ਅੱਪੜੇ ਤਾਂ ਸਭ ਕੁਝ ਖ਼ਾਲੀ ਵੇਖ ਕੇ ਮਾਯੂਸ ਹੋ ਕੇ ਵਾਪਸ ਮੁੜ ਜਾਵੇ। ਜੇ ਕੁਝ ਦੇਰ ਲਈ ਉਥੇ ਅਟਕੇ ਵੀ ਤਾਂ ਸਿੰਘ ਕਾਫ਼ੀ ਦੂਰ ਨਿਕਲ ਗਏ ਹੋਣ।

ਨੰਬਰਦਾਰ ਸੂਜੇ ਉੱਪਲ ਦੀ ਦੀਦਾ ਦਲੇਰੀ ਤੇ ਚਾਲਾਕੀ

ਫ਼ੌਜ ਦੀ ਜਾਣੇ ਬਲਾ ਕਿ ਇਹ ਕਿਸ ਕਿਸਮ ਦਾ ਸੂਹੀਆ ਸੀ। ਸੂਜਾ ਨਹੀਂ ਸੀ ਚਾਹੁੰਦਾ ਕਿ ਸੂਹੀਆ ਕਿਸੇ ਹੋਰਸ ਨੂੰ ਬਣਾ ਕੇ ਘਲਾਇਆ ਜਾਵੇ ਤੇ ਉਹ ਰਵਾਂ-ਰਵੀਂ ਫ਼ੌਜ ਨੂੰ 'ਵਾਂ' ਲੈ ਜਾਵੇ ਤੇ ਸਿੰਘ ਬੇ-ਖ਼ਬਰੇ ਹੀ ਨੱਪ ਲਏ ਜਾਣ। ਇਸ ਲਈ ਆਪ ਤੁਰਿਆ ਅਤੇ ਫ਼ੌਜ ਨੂੰ ਜਾਣ ਬੁਝ ਕੇ ਆਪਣੇ ਮਗਰ ਲਾ ਕੇ ਐਧਰ ਉਧਰ ਫੇਰ ਫਾਰ ਕੇ ਪਿੰਡ ਕਲਸੀਆਂ ਖ਼ੁਰਦ ਦੇ ਲਹਿੰਦੇ ਪਾਸੇ ਦੀ ਕਰਕੇ ਦੱਖਣ ਵਿਚ ਪੰਜ ਕਿਲੋਮੀਟਰ ਦੀ ਵਿਥ 'ਤੇ ਸਥਿਤ ਡੱਲ ਪਿੰਡ ਵੱਲ ਲੈ ਗਿਆ ਅਤੇ ਮੋਮਨ ਖ਼ਾਨ ਨੂੰ ਆਖਿਆ ਕਿ ਤਾਰਾ ਸਿੰਘ ਐਸ ਵੇਲੇ ਇਸ ਪਿੰਡ ਵਿਚ ਹੈ। ਸੋ ਫ਼ੌਜ ਦਾ ਧਿਆਨ ਪਿੰਡ ਵੱਲ ਕਰ ਕੇ ਨੰਬਰਦਾਰ ਆਪ ਖਿਸਕ ਗਿਆ।

ਸੂਜੇ ਦਾ ਭਰਾ ਜਾਮਣ ਪਿੰਡ ਦੇ ਚੜ੍ਹਦੇ ਪਾਸੇ ਦੀ ਹੋ ਕੇ ਬੜੀ ਤੇਜ਼ੀ ਨਾਲ 'ਵਾਂ' ਪਿੰਡ ਤਾਰਾ ਸਿੰਘ ਪਾਸ ਵਾੜੇ ਵਿਚ ਚਲਿਆ ਗਿਆ ਤੇ ਸ਼ਾਹੀ ਫ਼ੌਜ ਦੇ ਆ ਜਾਣ ਦੀ ਖ਼ਬਰ ਦਿਤੀ ਅਤੇ ਵਾੜਿਓਂ ਭਜ ਜਾਣ ਲਈ ਕਿਹਾ। ਭਾਊ ਫ਼ੌਜ ਨੂੰ ਡੱਲ ਵੱਲ ਜਾਣ ਬੁਝ ਕੇ ਲੈ ਗਿਆ ਹੈ, ਤਾਕਿ ਤੁਹਾਨੂੰ ਦੂਰ ਨਿਕਲ ਜਾਣ ਲਈ ਕਾਫ਼ੀ ਸਮਾਂ ਮਿਲ ਜਾਵੇ, ਤਾਰਾ ਸਿੰਘ ਨੇ ਇਹ ਹਮਦਰਦੀ ਭਰੀਆਂ ਗੱਲਾਂ ਸੁਣ ਕੇ ਦੋਹਾਂ ਭਰਾਵਾਂ ਦੀ ਬੜੀ ਸ਼ਲਾਘਾ ਕੀਤੀ ਤੇ ਥਾਪੀ ਦੇ ਕੇ ਆਖਿਆ ਕਿ ਤੁਸਾਂ ਦੋਹਾਂ ਭਰਾਵਾਂ ਨੇ ਮਰਦਾਂ ਵਾਲੀ ਕਰ ਵਿਖਾਈ ਹੈ ਤੇ ਜ਼ਿਮੀਦਾਰ ਭਰਾ ਹੋਣ ਦਾ ਹੱਕ ਪੂਰਾ ਕਰ ਦਿਤਾ ਹੈ। ਤੁਹਾਡੇ ਵਲੋਂ ਆਣ ਪੁਜੀ ਹੈ। ਪਰ ਅਸਾਂ ਏਥੋਂ ਭਜਣਾ ਨਹੀਂ। ਅਸੀਂ ਸ਼ਹੀਦ ਹੋਣਾ ਧਾਰੀ ਬੈਠੇ ਹਾਂ। ਤੂੰ ਹੁਣ ਏਥੋਂ ਵਾਪਸ ਮੁੜ ਜਾ ਤੇ ਜਿਸ ਰਸਤਿਓਂ ਫ਼ੌਜ ਨੇ ਆਉਣਾ ਹੈ ਉਸ ਰਸਤੇ ਨਾ ਜਾਈਂ।

ਫ਼ੌਜ ਦਾ ਡੱਲ ਪਿੰਡ ਨੂੰ ਘੇਰਾ

ਮੋਮਨ ਖ਼ਾਨ ਦੇ ਹੁਕਮ ਨਾਲ ਡੱਲ ਪਿੰਡ ਨੂੰ ਤੁਰੰਤ ਘੇਰ ਲਿਆ ਗਿਆ। ਪਿੰਡ ਉਦਾਲੇ ਘੋੜਿਆਂ ਦੀ ਦਗੜ ਦਗੜ ਨਾਲ ਫਿਰ ਘਵਿੰਡ ਵਾਂਗ ਰੌਲਾ ਪੈ ਗਿਆ। ਇਥੋਂ ਦਾ ਨੰਬਰਦਾਰ ਬੁਲਾਕੀ ਨਾਂ ਦਾ ਜੱਟ ਸੀ। ਉਸ ਨੇ ਤੜਕਸਾਰ ਪਿੰਡ ਦੇ ਚੌਤਰਫ਼ੇ ਸਵਾਰਾਂ ਦੇ ਪਰ੍ਹੇ ਵੇਖ ਕੇ ਝਟ ਆਪਣੇ ਬੰਦਿਆਂ ਨੂੰ ਖ਼ਬਰਦਾਰ ਕਰਦਿਆਂ ਕਿਹਾ ਕਿ ਸਾਰੇ ਆਦਮੀ ਆਪੋ ਆਪਣੀ ਥਾਂ ਉਤੇ ਤਕੜੇ ਹੋ ਕੇ ਡਟ ਜਾਵੋ। ਅਤੇ ਜੇ ਕੋਈ ਸਵਾਰ ਅਗੇ ਵਧ ਕੇ ਗਲ ਪਵੇ ਜਾਂ ਕੋਈ ਵਾਧਾ ਕਰੇ ਤਾਂ ਲਿਹਾਜ਼ ਨਹੀਂ ਕਰਨਾ, ਸਗੋਂ ਚੰਗੀ ਤਰ੍ਹਾਂ ਮੱਤ ਵੀ ਦੇ ਦੇਣੀ ਹੈ। ਥਾਉਂ ਥਾਈਂ ਇਹ ਤਕੜਾਈ ਕਰ ਕੇ ਆਪ ਸਿੱਧਾ ਮੋਮਨ ਖ਼ਾਨ ਪਾਸ ਗਿਆ ਤੇ ਪੁਛਿਆ ਕਿ ਪਿੰਡ ਨੂੰ ਕਿਸ ਜੁਰਮ ਬਦਲੇ ਘੇਰਿਆ ਹੈ। ਮੋਮਨ ਖ਼ਾਨ ਨੇ ਕਿਹਾ ਕਿ ਸਰਕਾਰ ਦੇ ਵਿਦਰੋਹੀ ਤਾਰਾ ਸਿੰਘ ਧਾੜਵੀ ਦਾ ਇਹ ਪਿੰਡ ਹੈ ਤੇ ਅਸੀਂ ਉਸ ਨੂੰ ਫੜਨ ਆਏ ਹਾਂ। ਤੁਸੀਂ ਅੱਗੇ ਲੱਗ ਕੇ ਦੱਸੋ ਕਿ ਉਹ ਕਿਥੇ ਹੈ। ਬੁਲਾਕੀ ਸਾਰੀ ਗੱਲ ਭਾਂਪ ਗਿਆ। ਝੱਟ ਕੰਨਾਂ 'ਤੇ ਹੱਥ ਰੱਖ ਕੇ ਤੌਬਾ ਤੌਬਾ ਕਰਦਾ ਹੋਇਆ ਬੋਲਿਆ, "ਸਰਕਾਰ, ਸਾਡਾ ਉਸ ਨਾਲ ਕੋਈ ਸੰਬੰਧ ਨਹੀਂ। ਅਸੀਂ ਤਾਂ ਹਜ਼ੂਰ ਦੀ ਪਰਜਾ ਹਾਂ ਤੇ ਦਿਲੋਂ ਆਪ ਦੇ ਵਫ਼ਾਦਾਰ ਹਾਂ। ਉਸ ਦਾ ਟਿਕਾਣਾ ਐਥੋਂ ਦੋ ਕੋਹ ਅੱਗੇ ਦੱਖਣ ਵਲ ਹੈ। ਉਸ ਦਾ ਪਿੰਡ 'ਵਾਂ' ਹੈ, ਤੇ ਇਹ ਸਾਡਾ ਪਿੰਡ 'ਡਲ' ਹੈ।

ਘਵਿੰਡ ਦੇ ਨੰਬਰਦਾਰ ਸੂਜੇ ਦੀ ਸਾਡੇ ਨਾਲ ਪੁਰਾਣੀ ਦੁਸ਼ਮਣੀ ਹੈ, ਇਸ ਲਈ ਉਹ ਵੈਰ ਕਰਕੇ ਤੁਹਾਨੂੰ ਸਾਡੇ ਪਿੰਡ ਵੱਲ ਲੈ ਆਇਆ ਹੈ। ਤਾਰਾ ਸਿੰਘ ਨਾਲ ਸਾਡਾ ਕੋਈ ਮੇਲ-ਮਿਲਾਪ ਨਹੀਂ, ਅਸੀਂ ਤਾਂ ਸਰਕਾਰ ਦੇ ਨਮਕਖ਼ਾਰ ਹਾਂ।"

ਬੁਲਾਕੀ ਨੰਬਰਦਾਰ ਨੇ ਆਪਣੀ ਵਫ਼ਾਦਾਰੀ ਤੇ ਨੇਕਨੀਤੀ ਦਾ ਝਟ-ਫਟ ਸਬੂਤ ਦੇਣ ਲਈ ਆਪਣੇ ਨਾਲ ਦੇ ਆਦਮੀਆਂ ਨੂੰ ਕਿਹਾ ਕਿ ਪਿੰਡ ਵਿਚ ਫਿਰ ਕੇ ਹੋਕਾ ਦੇ ਦਿਉ ਕਿ ਕੋਈ ਘਰ ਮਧਾਣੀ ਨਾ ਪਾਵੇ, ਸਾਰਾ ਦੁੱਧ ਦਹੀਂ ਅੱਜ ਸ਼ਾਹੀ ਫ਼ੌਜ ਨੂੰ ਖੁਆਇਆ ਜਾਵੇ। ਫ਼ੌਜ ਨੂੰ ਸਾਰੀ ਰਾਤ ਦੇ ਉਨੀਂਦਰੇ ਤੇ ਲਾਹੌਰ ਦੇ ਪੈਂਡੇ ਨੇ ਭੰਨਿਆ-ਕੁਟਿਆ ਹੋਇਆ ਸੀ, ਉਹ ਦੁੱਧ ਦਹੀਂ ਮਿਲਦਾ ਵੇਖ ਕੇ ਬੜੇ ਖ਼ੁਸ਼ ਹੋਏ। ਥੋੜਾ ਜਿਹਾ ਆਟਾ ਵੀ ਇਕੱਠਾ ਕਰ ਕੇ ਲਿਆ ਦਿਤਾ। ਆਟਾ ਵੇਖ ਕੇ ਤਾਂ ਫ਼ੌਜ ਹੋਰ ਵੀ ਚਾਂਭੜ ਗਈ ਤੇ ਹੋਰ ਮੰਗਣ ਲੱਗੇ। ਅਗੋਂ ਬੁਲਾਕੀ ਹੱਥ ਜੋੜ ਖਲੋਤਾ ਤੇ ਕਹਿਣ ਲੱਗਾ, "ਇਹ ਬ੍ਹਾਨਾ ਦੇਸ ਹੈ, ਹਜ਼ੂਰ, ਏਥੇ ਆਟਾ ਕਿਥੋਂ ? ਆਟੇ ਦੀ ਸ਼ਕਲ ਤਾਂ ਕਿਸੇ ਦਿਨ ਦਿਹਾਰ ਜਾਂ ਸ਼ਗਨਾਂ-ਤਿਉਹਾਰਾਂ ਨੂੰ ਹੀ ਵੇਖੀਦੀ ਹੈ। ਇਹ ਜੰਡ ਕਰੀਰਾਂ ਦਾ ਦੇਸ ਹੈ। ਅਸੀਂ ਤਾਂ ਇਨ੍ਹਾਂ ਦਾ ਡੇਲਾ ਬਾਟਾ ਖਾ ਕੇ ਗੁਜ਼ਾਰਾ ਕਰਦੇ ਹਾਂ। ਸੋ ਇਨ੍ਹਾਂ ਨਾਲ ਕੋਠੀਆਂ ਭੜੋਲੇ ਭਰੇ ਪਏ ਹਨ। ਉਹ ਜਿੰਨਾ ਚਾਹੋ, ਲਿਆ ਦੇਂਦੇ ਹਾਂ। ਦੁੰਬੇ ਛੱਤਰੇ ਖਾਣ ਵਾਲੀ ਸ਼ਾਹੀ ਫ਼ੌਜ ਨੂੰ ਭਲਾ ਡੇਲੇ ਕਿਵੇਂ ਲੰਘਣ। ਸਿਰ ਫੇਰ ਗਏ।

ਉਸ ਵੇਲੇ ਖ਼ੁਰਾਕ ਦਾ ਇਹੋ ਹਾਲ ਸੀ

ਡੱਲ ਦੇ ਨੰਬਰਦਾਰ ਨੇ ਕੁਝ ਗ਼ਲਤ ਨਹੀਂ ਸੀ ਕਿਹਾ। ਉਸ ਸਮੇਂ ਕਣਕ ਆਦਿ ਅਨਾਜ ਦੁਰਲਭ ਸਨ। ਅੱਜ ਵਾਲੀ ਗੱਲ ਨਹੀਂ ਸੀ। ਨਹਿਰ ਕੋਈ ਨਹੀਂ ਸੀ, ਖੂਹਾਂ ਦੇ ਪਾਣੀ ਖਾਰੇ ਸਨ। (ਇਹੋ ਕਾਰਨ ਹੈ ਕਿ ਇਸ ਨੂੰ ਖਾਰਾ ਮਾਝਾ ਕਿਹਾ ਜਾਂਦਾ ਹੈ)। ਖੇਤੀ ਤਾਂ ਵਰਖਾ 'ਤੇ ਹੀ ਨਿਰਭਰ ਹੁੰਦੀ ਸੀ। ਵਰਖਾ ਹੋ ਗਈ ਤਾਂ ਕੁਝ ਹੋ ਗਿਆ, ਨਹੀਂ ਤਾਂ ਰੱਬ ਰਾਖਾ। ਸਾਰਾ ਮਾਝਾ ਜੰਡਾਂ ਕਰੀਰਾਂ, ਕਿੱਕਰਾਂ ਬੇਰੀਆਂ ਤੇ ਵਣਾਂ ਜੰਡਾਂ ਨਾਲ ਭਰਿਆ ਪਿਆ ਹੁੰਦਾ ਸੀ। ਡੇਲੇ, ਜੰਡਾਂ ਦੀਆਂ ਫਲੀਆਂ, ਪੀਲੂੰ ਤੇ ਮਾਈਂ ਆਦਿ ਬੇ-ਹਿਸਾਬ ਹੁੰਦੇ ਸਨ। ਰੁਤ ਆਉਣ 'ਤੇ ਘਰਾਂ 'ਚੋਂ ਸਾਰੇ ਛੋਟੇ ਵੱਡੇ ਜੀਅ ਲੱਗ ਕੇ ਇਨ੍ਹਾਂ ਨਾਲ ਆਪਣੀਆਂ ਕੋਠੀਆਂ ਤੇ ਭੜੋਲੇ ਭਰ ਲੈਂਦੇ। ਇਨ੍ਹਾਂ ਨੂੰ ਦਰੜ ਫਰੜ ਕਰ ਕੇ ਜਾਂ ਉਬਾਲ ਕੇ ਦਹੀਂ

ਲੱਸੀ ਨਾਲ ਲੂਣ ਮਿਰਚ ਪਾ ਕੇ ਖਾ ਪੀ ਲੈਂਦੇ। ਵਾਹੀ ਬੀਜੀ ਥੋੜ੍ਹੀ ਹੋਣ ਕਰਕੇ ਚਰਾਂਦਾਂ ਬੜੀਆਂ ਖੁਲ੍ਹੀਆਂ-ਡੁਲ੍ਹੀਆਂ ਹੁੰਦੀਆਂ ਸਨ ਤੇ ਮਾਲ-ਡੰਗਰ ਵੀ ਬਹੁਤ। ਲੋਕਾਂ ਪਾਸ ਲਵੇਰਾ ਬੇਓੜਕਾ ਹੁੰਦਾ ਤੇ ਬਹੁਤਿਆਂ ਦਾ ਗੁਜ਼ਾਰਾ ਦੁੱਧ ਦਹੀਂ ਉਤੇ ਹੀ ਹੁੰਦਾ ਸੀ। ਜੀਵਨ-ਨਿਰਬਾਹ ਲਈ ਬੜੀ ਕਠਨ ਮਿਹਨਤ ਕਰਨੀ ਪੈਂਦੀ ਸੀ ਤੇ ਲੋਕ ਬੜੇ ਮਜ਼ਬੂਤ ਜੁਸਿਆਂ ਤੇ ਡੀਲ ਡੌਲ ਵਾਲੇ ਹੁੰਦੇ ਸਨ। ਸਖ਼ਤ ਤੋਂ ਸਖ਼ਤ ਖ਼ੁਰਾਕ ਖਾ ਕੇ ਪਚਾ ਜਾਂਦੇ ਸਨ। ਅੱਜ-ਕਲ੍ਹ ਦੇ ਰੋਗ, ਤੇ ਨਾ ਸਮਝ ਆਉਣ ਵਾਲੀਆਂ ਬੀਮਾਰੀਆਂ ਕਦੇ ਕਿਸੇ ਸੁਣੀਆਂ ਨਹੀਂ ਸਨ। ਕਣਕ ਤਾਂ ਮੋਤੀਆਂ ਤੁਲ ਹੁੰਦੀ ਸੀ। ਵਿਆਹਾਂ-ਸ਼ਾਦੀਆਂ ਵਿਚ ਇਸ ਗੱਲ ਦੀ ਬੜੀ ਤਾਂਘ ਤੇ ਚਾਅ ਹੁੰਦਾ ਸੀ ਕਿ ਮੰਡਿਆਂ ਨਾਲ ਲੇਹੜਾਂਗੇ। ਕਣਕ ਦੀ ਰੋਟੀ ਕਿਸੇ ਵਡੇ ਭਾਗਾਂ ਵਾਲੇ ਨੂੰ ਹੀ ਮਿਲਦੀ ਸੀ। ਆਮ ਲੋਕ ਤਾਂ ਜਵਾਰ ਬਾਜਰੇ ਦਾ ਆਟਾ ਹੀ ਵਰਤਦੇ ਸਨ। ਇਸ ਸਮੇਂ ਇਸ ਇਲਾਕੇ (ਮਾਝੇ) ਦੀ ਅਤੇ ਨੀਲੀ, ਗੰਜੀ ਤੇ ਸਾਂਦਲ ਬਾਰ ਦੀ ਹਾਲਤ ਇਕ-ਸਮਾਨ ਸੀ। ਫ਼ਰਕ ਸਿਰਫ਼ ਏਨਾ ਸੀ ਕਿ ਏਥੇ ਜੱਟ ਸਿਖ ਵਸਦੇ ਸਨ ਤੇ ਇਨ੍ਹਾਂ ਬਾਰਾਂ ਵਿਚ ਜਾਂਗਲੀ। ਅੱਜ ਜੋ ਰੌਣਕਾਂ ਵੇਖਣ ਵਿਚ ਆ ਰਹੀਆਂ ਹਨ ਤੇ ਅਨਾਜ ਦੀਆਂ ਲਹਿਰਾਂ ਬਹਿਰਾਂ ਲਗੀਆਂ ਹੋਈਆਂ ਹਨ, ਇਹ ਸਿਰਫ਼ ਨਹਿਰਾਂ, ਟਿਊਬਵੈੱਲਾਂ, ਡੀਜ਼ਲ ਤੇ ਬਿਜਲੀ ਦੀਆਂ ਬਰਕਤਾਂ ਸਦਕਾ ਹੀ ਹਨ। ਇਹ ਨਾ ਹੋਣ ਤਾਂ ਗੱਲ ਫਿਰ ਕਰੀਰ ਦਿਆਂ ਡੇਲਿਆਂ 'ਤੇ ਹੀ ਆਣ ਟਿਕੇ।

ਫ਼ੌਜ ਖਾਣ-ਪੀਣ ਵਿਚ ਰੁਝ ਗਈ

ਉਨੀਂਦੇ ਨਾਲ ਉਂਘਲਠੇ, ਥਕੇ ਟੁਟੇ ਢਿਡੋਂ ਭੁਖੇ ਨੂੰ ਜੇ ਕੁਝ ਖਾਣ ਨੂੰ ਥੋੜਾ ਜਿਹਾ ਸਮਾਂ ਦਮ ਲੈਣ ਨੂੰ ਮਿਲ ਜਾਵੇ, ਉਸ ਦੇ ਅਨੰਦ ਨੂੰ ਸਿਰਫ਼ ਉਹੋ ਹੀ ਮਾਣ ਸਕਦੈ। ਫ਼ੌਜ, ਜੋ ਹਮੇਸ਼ਾ ਢਿਡ ਦੇ ਆਸਰੇ ਤੁਰਦੀ ਹੈ, ਨੇ ਜਦ ਰਸਦ-ਪਾਣੀ ਮਿਲਦਾ ਵੇਖਿਆ ਤਾਂ ਉਸ ਨੇ ਡੱਲ ਪਿੰਡ ਦੇ ਬਾਹਰ ਹੀ ਡੇਰਾ ਕਰ ਦਿਤਾ ਤੇ ਖਾਣ-ਪੀਣ ਦੇ ਆਹਰ ਵਿਚ ਰੁਝ ਗਏ। ਸਾਰੇ ਨਿਹਾਰ ਪੇਟ ਹੀ ਸਨ ਤੇ ਹਰ ਕੋਈ ਚਾਹੁੰਦਾ ਸੀ ਕਿ ਮੈਂ ਡੰਗ ਦੇ ਸਿਰ 'ਤੇ ਹੋ ਜਾਵਾਂ। ਹਰ ਕੋਈ ਆਪਣੇ ਵਲ ਖਿਚ ਧੂਹ ਵਿਚ ਲੱਗਾ ਹੋਇਆ ਸੀ।

ਇਕ ਤੁਰਕ ਸਵਾਰ ਦਾ ਸਨੇਹ

ਰੱਬ ਦਾ ਭੈ ਰੱਖਣ ਵਾਲਾ ਇਕ ਬੁੱਢਾ ਤੁਰਕ ਘੋੜ-ਸਵਾਰ ਇਸ ਆਪੋ-ਧਾਪੀ ਦੇ ਸਮੇਂ ਅੱਖ ਬਚਾਅ ਕੇ ਇਕ ਪਾਸੇ ਨੂੰ ਖਿਸਕ ਤੁਰਿਆ ਤੇ ਘੋੜਾ ਭਜਾ ਕੇ ਤਾਰਾ ਸਿੰਘ ਦੇ ਵਾੜੇ ਪਾਸ ਆ ਗਿਆ ਤੇ ਤਾਰਾ ਸਿੰਘ ਨੂੰ ਆਖਿਆ ਕਿ ਸ਼ਾਹੀ ਫ਼ੌਜ ਤੁਹਾਡੇ 'ਤੇ ਚੜ੍ਹ ਕੇ ਆ ਗਈ ਹੈ ਤੇ ਐਸ ਵੇਲੇ ਡੱਲ ਪਿੰਡ ਅਟਕੀ ਹੋਈ ਹੈ ਤੇ ਖਾਣ-ਪੀਣ ਵਿਚ ਰੁਝੀ ਹੋਈ ਹੈ। ਅਜੇ ਉਸ ਨੂੰ ਕੁਝ ਸਮਾਂ ਹੋਰ ਲੱਗ ਜਾਣਾ ਹੈ। ਤੁਹਾਡੇ ਪਾਸ ਸੋਹਣਾ ਮੌਕਿਆ ਹੈ। ਤੁਸੀਂ ਦਿਹਾੜੀ ਡੰਗ ਲਈ ਲਾਂਭੇ ਚਾਂਭੇ ਹੋ ਕੇ ਵੇਲਾ ਟਪਾਅ ਲਵੋ। ਅਸੀਂ ਜਦ ਏਥੇ ਆ ਕੇ ਵਾੜਾ ਖ਼ਾਲੀ ਵੇਖਿਆ ਤਾਂ ਆਪਣੇ ਆਪ ਹੀ ਲਾਹੌਰ ਨੂੰ ਵਾਪਸ ਮੁੜ ਜਾਣਾ ਹੈ। ਤੁਸੀਂ ਸਾਡੇ ਜਾਣ ਪਿਛੋਂ ਆਪਣਾ ਟਿਕਾਣਾ ਫਿਰ ਆਣ ਸਾਂਭਿਓ, ਕਿਸ ਤੁਹਾਨੂੰ ਰੋਕਣਾ ਹੈ। ਐਹੋ ਜਿਹੇ ਸੋਹਣੇ ਦਰਸ਼ਨੀ ਸਰੀਰ ਕਿਉਂ ਅਜਾਈਂ ਗੁਆਉਂਦੇ ਤੇ ਸਾਡੇ ਵਿਚੋਂ ਕਈਆਂ ਨੂੰ ਕਬਰੀਂ ਪਾਉਂਦੇ ਹੋ ? ਆਪਣੀਆਂ ਜਾਨਾਂ ਬਚਾਉ ਤੇ ਸਾਡੇ 'ਤੇ ਰਹਿਮ ਕਰੋ। ਇੰਜ ਆਪਣਾ ਦੋਹੀਂ ਧਿਰੀਂ ਬਚਾਅ ਹੈ। ਵੇਖੋ ਮੇਰੀ ਮਿੰਨਤ ਮੰਨੋ।

ਜਿਸ ਸਮੇਂ ਇਹ ਵਾਰਤਾਲਾਪ ਹੋਈ, ਅਜੇ ਹਨੇਰਾ ਹੀ ਸੀ ਤੇ ਭਾਈ ਤਾਰਾ ਸਿੰਘ ਆਪਣੇ ਸਾਥੀ ਸਿੰਘਾਂ ਦੇ ਆਪਣੇ ਹੱਥੀਂ ਕੇਸੀ ਇਸ਼ਨਾਨ ਕਰਵਾ ਰਹੇ ਸਨ। ਸ਼ਹਾਦਤ ਲਈ ਤਿਆਰੀ ਵਿਚ ਸਾਰਿਆਂ ਨੂੰ ਚਾਅ ਚੜ੍ਹੇ ਹੋਏ ਸਨ। ਤਾਰਾ ਸਿੰਘ ਜੀ ਆਪਣੇ ਜਿੰਦਾ ਸ਼ਹੀਦ ਸਿੰਘ ਸਾਹਿਬਾਂ ਦੇ ਇਸ਼ਨਾਨ ਦੀ ਸੇਵਾ ਦੇ ਲਾਹੇ ਖਟ ਰਹੇ ਸਨ। ਇਹੋ ਜਿਹੀ ਸੇਵਾ ਵਡਿਆਂ ਭਾਗਾਂ ਨਾਲ ਮਿਲਦੀ ਹੈ।[੧]

---

੧. ਸੇਵਾ ਦੀ ਸਿੱਖੀ ਵਿਚ ਬਹੁਤ ਮਹਾਨਤਾ ਹੈ—"ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥" (ਪੰਨਾ ੨੬) ਦਾ ਮਹਾਂਵਾਕ ਇਸ ਮਹਾਨਤਾ ਦਾ ਲਖਾਇਕ ਹੈ। ਇਸ ਘਰੋਂ ਜਿਸ ਨੇ ਪਾਈ, ਸੋ ਸੇਵਾ ਤੋਂ ਪਾਈ। ਧੰਨ ਸਨ ਉਹ ਸਿਦਕੀ ਸਿੰਘ, ਜੋ ਨਿਰੇ ਤੇਗਾਂ ਤੇ ਮਾਲਾ ਦੇ ਹੀ ਧਨੀ ਨਹੀਂ ਸਨ, ਸਗੋਂ ਨਾਲ ਸੇਵਾ ਦੇ ਵੀ ਪੁੰਜ ਸਨ। ਇਸ ਸਮੇਂ ਦੇ ਜਥੇਦਾਰਾਂ ਤੇ ਅੱਜ ਦਿਆਂ ਅਖੌਤੀ ਜਥੇਦਾਰਾਂ ਵਿਚ ਕਿੰਨਾ ਫ਼ਰਕ ਪੈ ਗਿਆ ਹੈ, ਵੇਖ ਵੇਖ ਅਕਲ ਦੰਗ ਰਹਿ ਜਾਂਦੀ ਹੈ। "ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥" (ਪੰਨਾ ੭੪੯)। ਸਿੰਘਾਂ ਦੀ, ਚਾਹੇ ਕੋਈ ਜਥੇਦਾਰ ਹੋਵੇ ਜਾਂ ਸਾਧਾਰਨ ਸਿੰਘ, ਇਹ ਮਨੋ-ਕਾਮਨਾ ਹੁੰਦੀ ਸੀ ਕਿ ਗੁਰੂ-ਘਰ ਦੇ ਘੋੜਿਆਂ ਦੇ ਅਸਤਬਲ ਵਿਚ ਭੌੜੇ ਨਾਲ ਸਫ਼ਾਈ ਦੀ ਸੇਵਾ, ਲੰਗਰ ਵਾਸਤੇ ਮੈਦਾ ਪੀਸਣ ਲਈ ਚੱਕੀ ਪੀਹਣ ਦੀ ਸੇਵਾ, ਲੰਗਰ ਲਈ ਬਾਲਣ ਢੋਣਾ-ਪਾੜਨਾ, ਲੰਗਰ ਵਿਚ ਚੁਲ੍ਹ ਝੋਕਣਾ, ਲੰਗਰ ਤਿਆਰ ਕਰਨਾ, ਵਰਤਾਉਣਾ, ਭਾਂਡੇ ☛

ਉਸ ਸਮੇਂ ਮੁ.ਗਲ .ਫੌਜ ਦੀ ਹਾਲਤ

ਬੁੱਢੇ ਤੁਰਕ ਦੀਆਂ ਗੱਲਾਂ ਸੁਣ ਕੇ ਭਾਈ ਤਾਰਾ ਸਿੰਘ ਹੁਰਾਂ ਹੱਸਦਿਆਂ ਆਖਿਆ, "ਖ਼ਾਨ ਜੀ, ਤੁਸੀਂ ਮੌਤ ਤੋਂ ਨਾ ਡਰੋ, ਅਸੀਂ ਤੁਹਾਨੂੰ ਕਦਾਚਿਤ ਨਹੀਂ ਮਾਰਾਂਗੇ। ਅਸਾਂ ਤਾਂ ਸ਼ਹੀਦ ਹੋਣਾ ਹੀ ਹੈ, ਇਸ ਵਾੜੇ ਨੂੰ ਬਿਲਕੁਲ ਨਹੀਂ ਛੱਡ ਸਕਦੇ। ਤੁਸੀਂ ਨਿਸਚਿੰਤ ਹੋ ਕੇ ਵਾਪਸ ਚਲੇ ਜਾਵੋ। ਤੁਸੀਂ ਸਰਕਾਰੀ ਮੁਲਾਜ਼ਮ ਹੋ, ਬਾਲ ਬੱਚੇ ਵਾਲੇ ਹੋਵੋਗੇ ਤੇ ਤੁਹਾਡੀ ਰੋਜ਼ੀ ਦਾ ਸੁਆਲ ਹੈ। ਤੁਹਾਡੀ ਹਮਦਰਦੀ ਦਾ ਧੰਨਵਾਦ।"

ਗੱਲ ਸਪੱਸ਼ਟ ਹੈ। ਇਕੱਲਾ ਬੁੱਢਾ ਤੁਰਕ ਹੀ ਕੀ, ਸਾਰੇ ਤੁਰਕ ਹੀ ਸਿੰਘਾਂ ਤੋਂ ਡਰਦੇ ਸਨ ਤੇ ਖੁਲ੍ਹੇ ਮੈਦਾਨ ਵਿਚ ਸਿੰਘਾਂ ਨਾਲ ਟਕਰਾਉਣੋਂ ਝਿਜਕਦੇ ਸਨ। ਉਨ੍ਹਾਂ ਨੂੰ ਇਹ ਡਰ ਰਹਿੰਦਾ ਸੀ ਕਿ ਸਿੰਘਾਂ ਮੂਹਰੇ ਹੋ ਕੇ ਅਸੀਂ ਲਾਜ਼ਮੀ ਮਾਰੇ ਜਾਵਾਂਗੇ, ਇਸ ਲਈ ਲੜਾਈ ਵੇਲੇ ਇਨ੍ਹਾਂ ਤੋਂ ਕੁਝ ਵੀ ਨਹੀਂ ਸੀ ਬਣ ਪੈਂਦਾ। ਜਦ ਵੀ ਸਿੰਘਾਂ ਨੂੰ ਪਏ, ਰਾਤ ਹੀ ਛਾਪਾ ਮਾਰਿਆ ਤੇ ਦਿਨ ਦੀ ਝੜਪ ਤੋਂ ਬਚਦੇ ਹੀ ਰਹੇ। ਰਾਤ ਦੇ ਧਾਵਿਆਂ ਵਿਚ ਵੀ ਕੋਈ ਖ਼ਾਸ ਸਫਲਤਾ ਨਾ ਹੁੰਦੀ। ਬਹੁਤ ਵਾਰੀ ਸਿੰਘਾਂ ਨੂੰ ਵਿਚੋਂ ਹੀ ਸੂਹ ਮਿਲ ਜਾਂਦੀ ਤੇ ਉਹ ਲਾਂਭ-ਚਾਂਭ ਹੋ

☛ ਮਾਂਜਣੇ, ਸਿੰਘਾਂ ਨੂੰ ਇਸ਼ਨਾਨ ਕਰਾਉਣਾ, ਥੱਕਿਆਂ ਸਿੰਘਾਂ ਨੂੰ ਰੁਗੇ ਛਕਾਉਣੇ (ਮੁਠੀ ਚਾਪੀ ਕਰਨੀ), ਸਰੀਰ ਕੁਝ ਚਿਰ ਲਈ ਮਸਤਾਨਾ ਹੋ ਜਾਵੇ ਤਾਂ ਉਨ੍ਹਾਂ ਸਿੰਘਾਂ ਦੀ ਟਹਿਲ ਕਰਨੀ, ਬਸਤਰ ਆਦਿ ਸਾਫ਼ ਕਰਨਾ। ਮੁਕਦੀ ਗੱਲ, ਹਰ ਪ੍ਰਕਾਰ ਦੀ ਸੇਵਾ ਨੂੰ ਸਿੰਘ ਖ਼ੁਸ਼ਨਸੀਬੀ ਸਮਝਦੇ ਸਨ। ਨਵਾਬ ਕਪੂਰ ਸਿੰਘ ਨੇ ਨਵਾਬੀ ਸਵੀਕਾਰ ਕਰਨ ਵੇਲੇ ਬੇਨਤੀ ਕੀਤੀ ਸੀ ਕਿ ਖ਼ਾਲਸੇ ਦੇ ਚਰਨਾਂ ਨਾਲ ਛੁਹਾ ਕੇ ਪਵਿੱਤਰ ਕੀਤੀ ਹੋਈ ਤੇ ਖ਼ਾਲਸੇ ਵਲੋਂ ਬਖ਼ਸ਼ੀ ਹੋਈ ਨਵਾਬੀ ਦਾਸ ਸਿਰ-ਮੱਥੇ ਕਬੂਲਦਾ ਹੈ, ਪਰ ਦਾਸ ਦੀ ਇਹ ਜੋਦੜੀ ਪ੍ਰਵਾਨ ਕੀਤੀ ਜਾਵੇ ਕਿ ਲੰਗਰ ਦੀ, ਪੱਖੇ ਦੀ, ਘੋੜਿਆਂ ਦੇ ਘਾਹ ਪੱਠੇ ਦੀ ਤੇ ਅਸਤਬਲ ਵਿਚ ਭੌੜੇ ਨਾਲ ਸਫ਼ਾਈ ਕਰਨ ਦੀ ਸੇਵਾ ਦਾ ਹੱਕ ਮੈਨੂੰ ਪਹਿਲਾਂ ਵਾਂਗ ਹੀ ਬਹਾਲ ਰਖਿਆ ਜਾਵੇ। ਸ: ਜੱਸਾ ਸਿੰਘ ਆਹਲੂਵਾਲੀਆ ਹੱਥੀਂ ਘੋੜਿਆਂ ਲਈ ਦਾਣਾ ਆਦਿ ਵੰਡਿਆ ਕਰਦੇ ਸਨ ਤੇ ਆਲ੍ਹਾ ਦਰਜੇ ਦੇ ਕੀਰਤਨੀਏ ਵੀ ਸਨ।

ਜੱਸਾ ਸਿੰਘ ਰਾਮਗੜ੍ਹੀਆ, ਸੁਖਾ ਸਿੰਘ ਮਾੜੀ ਕੰਬੋਕੀ, ਬਾਬਾ ਦੀਪ ਸਿੰਘ ਜੀ ਸ਼ਹੀਦ, ਸ਼ਾਮ ਸਿੰਘ ਕ੍ਰੋੜਾਸਿੰਘੀਆ, ਚੜ੍ਹਤ ਸਿੰਘ ਤੇ ਹਰੀ ਸਿੰਘ ਭੰਗੀ ਆਦਿ ਪੰਥ ਦੇ ਮਹਾਨ ਜਥੇਦਾਰ ਸਾਰੇ ਸੇਵਾ ਦੇ ਪੁੰਜ ਸਨ। ਪਰ ਜਦ ਮੈਦਾਨਾਂ ਵਿਚ ਨਿਤਰਦੇ ਤਾਂ ਮਲਕਅਲ-ਮੌਤ ਬਣ ਕੇ ਦੁਸ਼ਮਣਾਂ ਲਈ ਦੋਜ਼ਖ਼ ਦੇ ਦਰਵਾਜ਼ੇ ਖੋਲ੍ਹ ਦੇਂਦੇ। ਸੇਵਾ ਕਰਨ ਵਾਲਾ ਹੀ ਬਹਾਦਰ ਤੇ ਧਰਮ-ਬੀਰ ਹੋ ਸਕਦੈ, ਆਪਣੀ ਸੇਵਾ ਕਰਾਉਣ ਵਾਲਾ ਕਦੇ ਨਹੀਂ।

ਜਾਂਦੇ। ਸਿਰਫ਼ ਵਿਸਰਭੋਲੇ ਹੀ ਕਦੇ ਕੋਈ ਕਾਬੂ ਆਉਂਦਾ। ਸਿੰਘ ਜ਼ਿਆਦਾ-ਤਰ ਜੰਗਲਾਂ ਵਿਚ ਹੀ ਰਹਿੰਦੇ ਸਨ। ਜੰਗਲਾਂ ਵਿਚ ਵੜਨੋਂ ਫ਼ੌਜ ਡਰਦੀ। ਆਬਾਦੀ ਵਿਚ ਕਿਤੇ ਆਏ ਸਿੰਘਾਂ 'ਤੇ ਛਪੋਲ ਮਾਰ ਕੇ ਧਾਵਾ ਕਰਦੇ ਤੇ ਜੇ ਕੋਈ ਕਾਬੂ ਨਾ ਆਉਂਦਾ ਤਾਂ ਆਪਣੀ ਖ਼ਿਫ਼ਤ ਮਿਟਾਉਣ ਲਈ ਕੁਝ ਮਾਸੂਮਾਂ ਨੂੰ ਬੰਨ੍ਹ ਕੇ ਲੈ ਤੁਰਦੇ। ਮੈਦਾਨ ਖ਼ਾਲੀ ਵੇਖ ਕੇ ਲਾਹੌਰ ਮੁੜਨ ਦੀ ਕਰਦੇ। ਦਿਲੋਂ ਸਰਦਾਰ ਵੀ ਸਿੰਘਾਂ ਨਾਲ ਫਸ-ਫਸਾ ਤੋਂ ਬਚਣ ਦੇ ਹੀ ਖ਼ਾਹਿਸ਼ਮੰਦ ਹੁੰਦੇ।

ਮੋਮਨ ਖ਼ਾਨ ਐਡੀ ਵੱਡੀ ਤਾਕਤ ਪਾਸ ਹੁੰਦਿਆਂ ਛਪੋਲ ਮਾਰਨ ਨੂੰ ਹੀ ਚੰਗਾ ਸਮਝਦਾ ਹੈ। ਕੋਈ ਸੂਹ ਨਹੀਂ ਕਿ ਅਗੇ ਸਿੰਘਾਂ ਦੀ ਗਿਣਤੀ ਕਿੰਨੀ ਕੁ ਹੈ। ਘਵਿੰਡ ਲਾਹੌਰੋਂ ਸਿਰਫ਼ ੩੨ ਕੁ ਕਿਲੋਮੀਟਰ ਦੀ ਵਿਥ 'ਤੇ ਹੈ ਤੇ ਉਸ ਨੂੰ ਘਵਿੰਡ ਅੱਪੜ ਕੇ ਵੀ ਪਤਾ ਨਹੀਂ ਲਗਦਾ ਕਿ ਉਹ ਕਿਹੜੇ ਪਿੰਡ ਆ ਗਿਆ ਹੈ। ਫਿਰ ਘਵਿੰਡ ਦਾ ਨੰਬਰਦਾਰ ਉਨ੍ਹਾਂ ਨੂੰ ਸੱਜੇ ਖੱਬੇ ਲਈ ਫਿਰਦਾ ਹੈ ਤੇ ਫ਼ੌਜ ਨੂੰ ਡੱਲ ਜਾ ਵਾੜਦਾ ਹੈ ਤੇ ਆਪ ਖਿਸਕ ਜਾਂਦਾ ਹੈ। ਮੋਮਨ ਖ਼ਾਨ ਨੂੰ ਅਜੇ ਵੀ ਪਤਾ ਨਹੀਂ ਲਗਾ ਕਿ ਉਹ 'ਵਾਂ' ਤੋਂ ਕਿੰਨਾ ਪਿਛਾਂਹ ਫਿਰਦਾ ਹੈ। ਜਦ ਉਸ ਨੂੰ ਪਤਾ ਲਗਦਾ ਹੈ ਕਿ ਤਾਰਾ ਸਿੰਘ ਦਾ ਠਿਕਾਣਾ ਇਸ ਤੋਂ ਅਜੇ ਚਾਰ ਕਿਲੋਮੀਟਰ ਅੱਗੇ ਹੈ ਤਾਂ ਉਧਰ ਨੂੰ ਧਾਵਾ ਕਰਨ ਦੀ ਥਾਂ ਦੁੱਧ ਦਹੀਂ ਖਾਣ ਪੀਣ ਵਿਚ ਫ਼ੌਜ ਨੂੰ ਰੁਝਾ ਦੇਂਦਾ ਹੈ, ਜਦ ਕਿ ਇਹ ਸਮਾਂ ਦੁਸ਼ਮਣ ਉਤੇ ਪੈਣ ਦਾ ਹੈ। ਇਸ ਫ਼ੌਜ ਦਾ ਹੀ ਇਕ ਤੁਰਕ ਸਿਪਾਹੀ ਭਾਈ ਤਾਰਾ ਸਿੰਘ ਨੂੰ ਫ਼ੌਜ ਦੇ ਆਉਣ ਦੀ ਖ਼ਬਰ ਦੇਂਦਾ ਹੈ ਤੇ ਕਹਿੰਦਾ ਹੈ ਕਿ ਤੁਸੀਂ ਆਪਣੇ ਬਚਾਅ ਲਈ ਏਥੋਂ ਖਿਸਕ ਜਾਵੋ। ਅਸਲ ਵਿਚ ਉਹ ਆਪਣਾ ਹੀ ਬਚਾਅ ਕਰਨਾ ਚਾਹੁੰਦਾ ਹੈ।

ਕਿੱਡੀ ਹੈਰਾਨੀ ਦੀ ਗੱਲ ਹੈ ਕਿ ਮੋਮਨ ਖ਼ਾਨ ਵਰਗੇ ਤਜਰਬਾਕਾਰ ਜਰਨੈਲ ਨੂੰ ਲਾਹੌਰ ਦੇ ੩੨ ਕਿਲੋਮੀਟਰ ਤਕ ਦੇ ਚੌਗਿਰਦੇ ਦੀ ਵੀ ਵਾਕਫ਼ੀ ਨਹੀਂ। ਅਸਲੀਅਤ ਇਹ ਹੈ ਕਿ ਦਰਬਾਰ ਵਿਚ ਬੈਠ ਕੇ ਤਾਂ ਸ਼ੇਖ਼ੀਆਂ ਮਾਰ ਲੈਂਦੇ ਹਨ, ਪਰ ਆਪ ਖੁਲ੍ਹੇ-ਆਮ ਆਪਣੇ ਇਲਾਕੇ ਦੀ ਗਸ਼ਤ ਨਹੀਂ ਸਨ ਕਰਦੇ। ਹੱਡ-ਹਰਾਮੀ ਹੋ ਚੁਕੇ ਸਨ ਤੇ ਆਪਣੇ ਮਾਲਕ ਦੇ ਪੂਰੇ ਵਫ਼ਾਦਾਰ ਨਹੀਂ ਸਨ। ਪਿੰਡਾਂ ਵਿਚ ਪੂਰੀ ਬਦ-ਅਮਨੀ ਫੈਲੀ ਹੋਈ ਸੀ। ਪਿੰਡਾਂ ਦੇ ਲੋਕ ਉਤੋਂ ਉਤੋਂ ਭਾਵੇਂ ਕੁਝ ਕਹਿਣ, ਵਿਚੋਂ ਸਿੰਘਾਂ ਨਾਲ ਹਮਦਰਦੀ ਰਖਦੇ ਸਨ। ਇਕ ਨੰਬਰਦਾਰ ਫ਼ੌਜ ਔਝੜੇ ਪਾ ਕੇ ਸਿੰਘਾਂ ਨੂੰ ਖ਼ਬਰਦਾਰ ਕਰ ਕੇ ਬਚ ਨਿਕਲਣ ਲਈ ਰਸਤਾ

ਸਾਫ਼ ਕਰ ਦੇਂਦਾ ਹੈ ਤੇ ਦੂਸਰਾ ਦਹੀਂ ਦੁੱਧ ਤੇ ਆਟਾ ਦੇ ਕੇ ਫ਼ੌਜ ਨੂੰ ਆਪਣੇ ਨਿਸ਼ਾਨੇ 'ਤੇ ਪੁੱਜਣ ਵਿਚ ਰੋਕ ਪਾ ਦੇਂਦਾ ਹੈ। ਫ਼ੌਜ ਵਿਚ ਹਜ਼ੂਰਾ ਸਿੰਘ ਵਾਂਗ ਕਈ ਮੁਕਾਮੀ ਮੁਸਲਮਾਨ ਸੈਨਿਕ ਵੀ ਹੋਣਗੇ, ਜਿਨ੍ਹਾਂ ਨੂੰ ਇਸ ਇਲਾਕੇ ਦੀ ਪੂਰੀ ਵਾਕਫ਼ੀ ਹੋਵੇਗੀ, ਪਰ ਕੋਈ ਸੂਹੀਆ ਬਣਨ ਨੂੰ ਤਿਆਰ ਨਹੀਂ ਹੋਇਆ। ਬੁਲਾਕੀ ਆਪਣੇ ਬੰਦੇ ਖੜੇ ਕਰਦਾ ਹੈ ਤੇ ਕਹਿੰਦਾ ਹੈ, ਜੇ ਕੋਈ ਸਵਾਰ ਵਾਧਾ ਕਰੇ ਤਾਂ ਬੇਸ਼ਕ ਭੁਗਤ ਸੁਆਰ ਦੇਣੀ। ਉਸ ਨੂੰ ਮਾਨੋ ਸ਼ਾਹੀ ਫ਼ੌਜ ਦਾ ਡਰ ਹੀ ਕੋਈ ਨਹੀਂ। ਭਾਵੇਂ ਉਤਲੀਆਂ ਤੇ ਹੇਠਲੀਆਂ ਮਾਰ ਕੇ ਮੋਮਨ ਖ਼ਾਨ ਨੂੰ ਤਸੱਲੀ ਦਿਵਾਉਂਦਾ ਹੈ ਕਿ ਅਸੀਂ ਤੁਹਾਡੀ ਪਰਜਾ ਹਾਂ। ਲੋਕੀ ਸਰਕਾਰ ਨਾਲੋਂ ਸਿੰਘਾਂ ਦਾ ਡਰ ਜ਼ਿਆਦਾ ਮੰਨਦੇ ਸਨ। ਫਿਰ ਇਹ ਲੋਕ ਹੀ ਸਨ, ਜੋ ਉਨ੍ਹਾਂ ਨੂੰ ਪਲ ਪਲ ਦੀਆਂ ਖ਼ਬਰਾਂ ਲਿਆ ਕੇ ਦੇਂਦੇ ਸਨ। ਇਹ ਸਿਰਫ਼ ਇਸ ਕਰਕੇ ਕਿ ਲੋਕ ਸਰਕਾਰ ਤੋਂ ਦੁਖੀ ਸਨ ਤੇ ਜੋ ਸਰਕਾਰ ਨੂੰ ਦੁਖੀ ਕਰਨ ਵਾਲੇ ਸਨ, ਉਨ੍ਹਾਂ ਨਾਲ ਹਮਦਰਦੀ ਕਰਦੇ ਸਨ ਤੇ ਬਣੀ ਸਰੀ ਸਹਾਇਤਾ ਵੀ ਕਰਦੇ ਰਹਿੰਦੇ। ਸਰਕਾਰੀ ਬਾਗ਼ੀਆਂ ਦੀ ਕੌਣ ਮਦਦ ਕਰਦਾ ਹੈ, ਜੇ ਉਨ੍ਹਾਂ ਵਿਚ ਕੋਈ ਗੁਣ ਜਾਂ ਖ਼ੂਬੀ ਨਾ ਹੋਵੇ।

ਸਿੰਘਾਂ ਧੌਂਸੇ ਉਤੇ ਚੋਟ ਲਾ ਦਿਤੀ

ਜਦ ਸਿੰਘ ਕੇਸੀ ਇਸ਼ਨਾਨ ਕਰ, ਹਥਿਆਰ ਸਜਾਅ ਕੇ ਤਿਆਰ ਹੋ ਚੁਕੇ ਤਾਂ ਨਵੇਂ ਮੜ੍ਹੇ ਹੋਏ ਧੌਂਸੇ ਨੂੰ ਜ਼ੋਰ ਨਾਲ ਵਜਾਇਆ ਤੇ ਨਾਲ ਹੀ 'ਅਕਾਲ ਅਕਾਲ' ਦੇ ਜੈਕਾਰੇ ਛੱਡੇ। ਤੜਕਸਾਰ ਦੇ ਸ਼ਾਂਤ ਵਾਤਾਵਰਨ ਵਿਚ ਨਗਾਰੇ ਦੀ ਅਵਾਜ਼ ਅਤੇ ਸਿੰਘਾਂ ਦਿਆਂ ਜੈਕਾਰਿਆਂ ਨੇ ਗੂੰਜਾਂ ਪਾ ਦਿਤੀਆਂ। ਇਹ ਆਵਾਜ਼ ਸੁਣ ਕੇ ਮੋਮਨ ਖ਼ਾਨ ਸਮਝ ਗਿਆ ਕਿ ਸਿੰਘ ਮਰਨ ਮਾਰਨ ਲਈ ਤਿਆਰ ਬੈਠੇ ਹਨ। ਹੁਣ ਤਕ ਫ਼ੌਜ ਵੀ ਖਾਣ-ਪੀਣ ਦੇ ਆਹਰ ਤੋਂ ਵੇਹਲੀ ਹੋ ਚੁਕੀ ਸੀ। ਸੋ ਆਵਾਜ਼ ਦੀ ਸੇਧ ਉਤੇ 'ਵਾਂ' ਵਲ ਕੂਚ ਕਰ ਦਿਤਾ। ਸੂਰਜ ਨਿਕਲਦੇ ਦੇ ਨਾਲ 'ਵਾਂ' ਪੁਜ ਕੇ ਫ਼ੌਜ ਵਾੜੇ ਵਲ ਨੂੰ ਵਧੀ। ਸਿੰਘ ਵਾੜਿਓਂ ਬਾਹਰ ਨਿਕਲ ਕੇ ਜੰਡਾਂ ਕਰੀਰਾਂ ਦੀ ਓਟ ਵਿਚ ਤਿਆਰ ਖੜੇ, ਵੈਰੀ ਨੂੰ ਉਡੀਕ ਰਹੇ ਸਨ। ਫ਼ੌਜ ਦੇ ਆਉਂਦਿਆਂ ਸਾਰ ਹੀ ਲੜਾਈ ਮਚ ਪਈ।

ਮੋਮਨ ਖ਼ਾਨ ਦੀ ਤੁਰਕਾਨੀ ਸੈਨਾ ਦੇ ਸਵਾਰਾਂ ਨੂੰ ਵਧਦੇ ਵੇਖ ਕੇ ਸਭ ਤੋਂ ਪਹਿਲਾਂ ਬੁਲਾਕਾ ਸਿੰਘ ਸੇਖੋਂ ਸਾਂਘਣੇ ਵਾਲਾ ਲਲਕਾਰਦਾ ਹੋਇਆ ਅੱਗੇ ਵਧਿਆ ਤੇ ਤੀਰਾਂ ਦਾ ਮੀਂਹ ਵਰ੍ਹਾਉਣ ਲੱਗਾ। ਵੇਖਦਿਆਂ ਵੇਖਦਿਆਂ ਉਸ ਨੇ ਕਈ ਕਾਠੀਆਂ ਖ਼ਾਲੀ ਕਰ ਦਿੱਤੀਆਂ। ਮੂਹਰਲੇ ਦਸਤਿਆਂ ਨੂੰ ਇਕ-ਦਮ ਪੈਰਾਂ 'ਤੇ ਹੀ ਰੋਕ ਦਿਤਾ। ਜਦ ਭੱਥਾ ਖ਼ਾਲੀ ਹੋ ਗਿਆ ਤਾਂ ਤਲਵਾਰ ਸੂਤ ਕੇ ਤੁਰਕਾਂ ਦੀਆਂ ਸਫ਼ਾਂ ਵਿਚ ਘੁਸ ਗਿਆ ਤੇ ਲੱਗਾ ਤਲਵਾਰ ਦੇ ਜੌਹਰ ਵਿਖਾਉਣ। ਕਈਆਂ ਨੂੰ ਪਾਰ ਬੁਲਾਇਆ ਤੇ ਕਈਆਂ ਨੂੰ ਘਾਇਲ ਕਰ ਦਿਤਾ। ਮੂਹਰਲੇ ਹੈਰਾਨ ਸਨ ਕਿ ਝਾੜਾਂ ਬੂਟਿਆਂ ਵਿਚੋਂ ਕਿਵੇਂ ਮਲਕ-ਉਲ-ਮੌਤ ਨਮੂਦਾਰ (ਪ੍ਰਗਟ) ਹੋ ਪਿਆ ਹੈ ?.ਸਿੰਘ ਵਧ ਵਧ ਕੇ ਮਾਰ ਰਿਹਾ ਤੇ ਦੁਸ਼ਮਣ ਦੇ ਵਾਰ ਝਲ ਰਿਹਾ

ਸੀ। ਏਨੇ ਨੂੰ ਕਿਸੇ ਤੁਰਕ ਸੂਰਮੇ ਦਾ ਤੀਰ ਬੁਲਾਕਾ ਸਿੰਘ ਦੀ ਛਾਤੀ ਵਿਚ ਆਣ ਵੱਜਾ ਤੇ ਉਹ ਸ਼ਹੀਦ ਹੋ ਗਿਆ।

ਸਿੰਘ ਗਿਣਤੀ ਵਿਚ ਵੀ ਥੋੜ੍ਹੇ ਤੇ ਹਥਿਆਰਾਂ ਦੀ ਵੀ ਘਾਟ। ਬੰਦੂਕ ਤਾਂ ਕਿਸੇ ਵਿਰਲੇ ਪਾਸ ਹੀ ਹੁੰਦੀ ਸੀ, ਤੇ ਉਹ ਵੀ ਏਡੀ ਕੰਮ ਦੀ ਨਾ ਹੁੰਦੀ। ਬਰੂਦ ਦਾ ਤਾਂ ਅਸਲੋਂ ਹੀ ਤੋੜਾ ਰਹਿੰਦਾ। ਜੋ ਥੋੜਾ ਬਹੁਤਾ ਹੁੰਦਾ, ਉਸ ਨੂੰ ਗਿੱਲਾ ਹੋਣ ਤੋਂ ਬਚਾਅ ਕੇ ਰੱਖਣ ਲਈ ਮਿੱਟੀ ਦੀ ਬਣੀ ਟਿੰਡ ਵਿਚ ਪਾ ਕੇ ਮੋਢੇ ਉਤੋਂ ਦੀ ਸੁਟ ਲੈਂਦੇ। ਜੇ ਕਿਤੇ ਠੋਕਰ ਲੱਗ ਕੇ ਟਿੰਡ ਟੁਟ ਗਈ ਤਾਂ ਉਹ ਬਰੂਦ ਵੀ ਗਿਆ। ਇਸ ਅਣਸਾਵੀਂ ਹਾਲਤ ਵਿਚ ਮੁਕਾਬਲਾ ਉਸ ਸ਼ਾਹੀ ਸੈਨਾ ਨਾਲ ਸੀ ਜਿਸ ਪਾਸ ਬੰਦੂਕਾਂ, ਬਰੂਦ, ਰਹਿਕਲੇ, ਜ਼ੰਬੂਰੇ ਤੇ ਤੋਪਾਂ ਦੀ ਕੋਈ ਕਮੀ ਨਹੀਂ ਸੀ, ਅਤੇ ਫਿਰ ਚੜ੍ਹਨ ਨੂੰ ਘੋੜੇ ਵੀ ਆਲੀਸ਼ਾਨ। ਇਸ ਯੁਧ ਵਿਚ ਜੇ ਸਿੰਘਾਂ ਕੋਲ ਵੀ ਬੰਦੂਕਾਂ ਹੁੰਦੀਆਂ ਤਾਂ ਨਤੀਜਾ ਕੁਝ ਹੋਰ ਹੀ ਨਿਕਲਦਾ। ਪਰ ਸਿੰਘਾਂ ਕਿਸੇ ਘਾਟ ਜਾਂ ਥੁੜ ਨੂੰ ਕਦੀ ਵੀ ਗੌਲਿਆ ਨਹੀਂ। ਉਨ੍ਹਾਂ ਪਾਸ ਜੋ ਕੁਝ ਵੀ ਹੁੰਦਾ, ਉਸ ਨਾਲ ਹੀ ਜੋ ਬਣੇ ਸਰੇ, ਕਰੀ ਜਾਂਦੇ ਸਨ। ਇਸੇ ਤਰ੍ਹਾਂ ਅੱਜ ਤਾਰਾ ਸਿੰਘ ਦੇ ਸਾਥੀ ਸਿੰਘ ਕਰ ਰਹੇ ਸਨ।

ਤੱਕੀ ਬੇਗ ਦਾ ਅੱਗੇ ਵਧਣਾ ਤੇ ਭਾਈ ਤਾਰਾ ਸਿੰਘ ਹੱਥੋਂ ਜ਼ਖ਼ਮੀ ਹੋਣਾ

ਜਿਨ੍ਹਾਂ ਸਵਾਰਾਂ ਨੂੰ ਬੁਲਾਕਾ ਸਿੰਘ ਨੇ ਹੁਣ ਤਕ ਠਲ੍ਹ ਛਡਿਆ ਤੇ ਉਨ੍ਹਾਂ ਵਿਚੋਂ ਕਈਆਂ ਨੂੰ ਮਾਰ ਖਪਾਇਆ, ਇਹ ਤੱਕੀ ਬੇਗ ਦਾ ਦਸਤਾ ਸੀ। ਬੁਲਾਕਾ ਸਿੰਘ ਦੇ ਡਿਗਦੇ ਸਾਰ ਤੱਕੀ ਬੇਗ ਆਪਣੇ ਸਵਾਰਾਂ ਨੂੰ ਲਲਕਾਰਦਾ ਹੋਇਆ ਅੱਗੇ ਵਧਾ ਕੇ ਐਨ ਸਿੰਘਾਂ ਦੇ ਸਿਰ ਉਤੇ ਆਣ ਪੁਜਾ। ਇਹ ਬੜਾ ਦਿਲ-ਚਲਾ ਤੇ ਨਿਡਰ ਸੂਰਮਾ ਸੀ। ਆਪਣੇ ਬਾਹੂ ਬਲ ਦੇ ਆਸਰੇ ਇਹ ਬੜਾ ਨਾਮਣਾ ਖਟ ਚੁਕਿਆ ਸੀ। ਇਹ ਬੜੀ ਹੈਂਕੜ ਵਿਚ ਗਾਲ੍ਹੀਂ ਕਢਦਾ ਹੋਇਆ ਆ ਰਿਹਾ ਸੀ ਤੇ ਚੰਘਾੜ ਰਿਹਾ ਸੀ ਕਿ ਲਾਅਨਤ ਹੈ ਤੁਹਾਡੇ 'ਤੇ, ਜੋ ਹੁਣ ਤਕ ਤੁਸੀਂ ਤਾਰਾ ਸਿੰਘ ਨੂੰ ਨਹੀਂ ਮਾਰ ਸਕੇ। ਮੈਨੂੰ ਵਿਖਾਓ ਤਾਰਾ ਸਿੰਘ ਹੈ ਕਿਥੇ ? ਜੇ ਮੈਂ ਪਲ ਵਿਚ ਉਹਦੀ ਅਲਖ ਨਾ ਮੁਕਾਅ ਦਿਆਂ, ਮੈਨੂੰ ਮਰਦ ਨਾ ਸਮਝਿਓ। ਜਦ ਤੱਕੀ ਬੇਗ ਨੇ ਆਪਣੇ ਦਸਤੇ ਨੂੰ ਸਿੰਘਾਂ ਉਤੇ ਇਕ-ਦਮ ਹੱਲੇ ਲਈ ਵਧਾਇਆ ਤਾਂ ਭਾਈ ਤਾਰਾ ਸਿੰਘ ਜੀ ਨੇਜ਼ਾ ਸੰਭਾਲ ਕੇ ਸਾਰਿਆਂ ਸਿੰਘਾਂ ਦੇ ਅੱਗੇ, ਵਧ ਰਹੇ ਵੈਰੀ ਦੇ ਸਵਾਗਤ ਲਈ ਤਿਆਰ ਹੋ ਖੜੇ ਸਨ। ਤੱਕੀ ਬੇਗ ਨੇ ਘੋੜੇ ਤੋਂ ਹੀ ਖਿਚ ਕੇ ਤੀਰ ਮਾਰਿਆ, ਜੋ ਤਾਰਾ ਸਿੰਘ ਦੇ ਮੁੜਾਸੇ 'ਤੇ ਵੱਜਾ ਤੇ ਬੇਕਾਰ ਗਿਆ। ਤਾਰਾ ਸਿੰਘ ਨੇ ਵੀ ਤੱਕੀ ਬੇਗ ਦੇ ਲਲਕਾਰੇ ਸੁਣ ਲਏ ਸਨ ਕਿ ਇਹ ਮੈਨੂੰ ਭਾਲਦਾ ਹੈ। ਉਸ ਨੇ ਕਿਹਾ, "ਖ਼ਾਨਾ, ਤਾਰਾ ਸਿੰਘ ਕਿਤੇ ਲੁਕਿਆ ਨਹੀਂ। ਆ ਨਿਤਰ ਮੈਦਾਨ ਵਿਚ, ਮੈਂ ਤੈਨੂੰ ਹੀ ਉਡੀਕਦਾ ਹਾਂ।" ਤੱਕੀ ਬੇਗ ਦਾ ਪਾਰਾ ਹੋਰ ਜ਼ਿਆਦਾ ਚੜ੍ਹ ਗਿਆ ਤੇ ਕਮਾਨ ਛੱਡ ਕੇ ਤਲਵਾਰ ਧੂਹ ਲਈ ਤੇ ਇਕ ਭਰਪੂਰ ਵਾਰ ਤਾਰਾ ਸਿੰਘ ਉਤੇ ਕੀਤਾ। ਆਪ ਨੇ ਹੁਸ਼ਿਆਰੀ ਨਾਲ ਵਾਰ ਬਚਾਅ

ਕੇ ਬੜੀ ਫੁਰਤੀ ਨਾਲ ਅਗੇ ਵਧ ਕੇ ਤੱਕੀ ਬੇਗ ਦੇ ਘੋੜੇ ਦੀਆਂ ਵਾਗਾਂ ਜਾ ਫੜੀਆਂ। ਇਹ ਸਭ ਕੁਝ ਏਡੀ ਤੇਜ਼ੀ ਨਾਲ ਹੋਇਆ ਕਿ ਉਸ ਨੂੰ ਸਿੰਘ ਉਤੇ ਤੀਜਾ ਵਾਰ ਕਰਨ ਦੀ ਮੁਹਲਤ ਹੀ ਨਾ ਮਿਲੀ। ਇਹ ਅਫ਼ਸਰ ਸਿਰ ਤੋਂ ਪੈਰਾਂ ਤਕ ਲੋਹੇ ਵਿਚ ਮੜ੍ਹਿਆ ਹੋਇਆ ਸੀ ਤੇ ਇਸ ਦਾ ਕੋਈ ਅੰਗ ਨੰਗਾ ਨਹੀਂ ਸੀ। ਇਸ ਨੂੰ ਆਪਣੇ ਬਚਾਅ ਦਾ ਬੜਾ ਮਾਣ ਸੀ, ਇਸ ਕਰਕੇ ਹੀ ਤਾਰਾ ਸਿੰਘ ਨੂੰ ਵੰਗਾਰ ਕੇ ਉਸ ਉਤੇ ਇਸ ਦਲੇਰੀ ਨਾਲ ਝਪਟਿਆ ਸੀ। ਸਿੰਘ ਨੇ ਸੱਜੇ ਹੱਥ ਨਾਲ ਨੇਜ਼ਾ ਤਾਣ ਕੇ ਉਸ ਦੇ ਮੂੰਹ ਉਤੇ ਮਾਰਿਆ, ਜੋ ਦੰਦ ਭੰਨ ਕੇ ਸੰਘ ਵਿਚ ਜਾ ਖੁਭਿਆ। ਨੇਜ਼ਾ ਵਜਦਿਆਂ ਹੀ ਲਹੂ ਦਾ ਫਵਾਰਾ ਛੁਟ ਪਿਆ। ਉਸ ਦੇ ਸਿਪਾਹੀਆਂ ਨੇ ਵੀ ਖ਼ਾਨ ਦੀ ਇਹ ਹਾਲਤ ਹੁੰਦੀ ਵੇਖ ਲਈ ਸੀ ਤੇ ਕਿਸੇ ਨੂੰ ਹੌਸਲਾ ਨਾ ਹੋਇਆ ਕਿ ਵਧ ਕੇ ਤਾਰਾ ਸਿੰਘ ਉਤੇ ਵਾਰ ਕਰੇ। ਸੰਜੋਆਂ, ਖੋਂਦਾਂ ਤੇ ਜ਼ਰਾ-ਬਕਤਰਾਂ ਵਾਲਿਆਂ ਦਾ ਜੇ ਇਹ ਹਾਲ ਹੋ ਸਕਦੈ ਤਾਂ ਬਿਨਾਂ ਸੰਜੋਆਂ ਵਾਲਿਆਂ ਦਾ ਕੀ ਹਸ਼ਰ ਹੋਵੇਗਾ!

ਸਿੰਘ ਨੇ ਦੂਜਾ ਵਾਰ ਨਹੀਂ ਕੀਤਾ। ਖ਼ਾਨ ਜੀ ਸਣੇ ਆਪਣੇ ਦਸਤੇ ਦੇ ਪਿਛਾਂਹ ਨੂੰ ਨੱਠ ਤੁਰੇ, ਪਰ ਰਫ਼ਤਾਰ ਅੱਗੇ ਨਾਲੋਂ ਵਧੇਰੇ ਤੇਜ਼ ਸੀ। ਅਗੋਂ ਮੋਮਨ ਖ਼ਾਨ ਵਧਦਾ ਆ ਰਿਹਾ ਸੀ। ਉਸ ਨੇ ਤੱਕੀ ਬੇਗ ਦੇ ਮੂੰਹ ਵਿਚੋਂ ਇੰਜ ਲਹੂ ਵਗਦਾ ਵੇਖ ਕੇ ਮਖ਼ੌਲ ਨਾਲ ਆਖਿਆ, "ਖ਼ਾਨ ਜੀ, ਪਾਨ ਖਾ ਰਹੇ ਹੋ?" ਤੱਕੀ ਬੇਗ, ਜੋ ਪੀੜ ਨਾਲ ਤੜਫ ਰਿਹਾ ਸੀ, ਨੇ ਕਸੀਸ ਵੱਟ ਕੇ ਜਵਾਬ ਵਜੋਂ ਆਖਿਆ, "ਹਾਂ ਜੀ, ਤਾਰਾ ਸਿੰਘ ਬੜੇ ਸੋਹਣੇ ਬੀੜੇ ਦੇਂਦਾ ਹੈ, ਅਗੇ ਵਧ ਕੇ ਤੁਸੀਂ ਵੀ ਲੈ ਲਵੋ।"

ਤੱਕੀ ਬੇਗ ਦੇ ਦਸਤੇ ਦੇ ਪਿਛਾਂਹ ਭੱਜਣ ਨਾਲ ਅਗੋਂ ਵਧਦੀ ਆ ਰਹੀ ਫ਼ੌਜ ਇਕ-ਦਮ ਰੁਕ ਗਈ। ਅੱਗੇ ਵਧਣ ਲਈ ਕਿਸੇ ਦਾ ਹੀਆ ਨਾ ਪਵੇ। ਫ਼ੌਜ ਨੂੰ ਇੰਜ ਦਿਲ ਛਡਦੇ ਵੇਖ ਕੇ ਮੋਮਨ ਖ਼ਾਨ ਨੇ ਚੇਲੇ (ਮੁਰੀਦ ਖ਼ਾਨ) ਨੂੰ ਅਗੇ ਵਧ ਕੇ ਹੱਲੇ ਦਾ ਹੁਕਮ ਦਿਤਾ। ਉਸ ਨੇ ਹਥਵਾਨ ਨੂੰ ਕਿਹਾ ਕਿ ਸਿੰਘਾਂ ਵੱਲ ਹਾਥੀ ਵਧਾਵੇ। ਉਸ ਨੇ ਹਾਥੀ ਅਗੇ ਕਰ ਕੇ ਇੰਜ ਵਧਾਇਆ ਮਾਨੋ ਸਾਹਮਣੇ ਖੜੇ ਸਿੰਘਾਂ ਨੂੰ ਲਿਤਾੜ-ਕੁਚਲ ਹੀ ਦੇਵੇਗਾ। ਅਗੋਂ ਭੀਮ ਸਿੰਘ ਨੇ ਹਾਥੀ ਨੂੰ ਇੰਜ ਆਉਂਦਾ ਤੱਕ ਲਿਆ। ਇਹ ਰਤੋ ਕਿਆਂ ਦਾ ਮਝੈਲ ਗਾਠ ਬੜਾ ਹੀ ਬਲਵਾਨ ਸੀ। ਮੱਝੀਆਂ ਚੁੰਘ ਚੁੰਘ ਕੇ ਤੇ ਮੱਖਣ ਮਲਾਈਆਂ ਖਾ ਖਾ ਕੇ ਇਹ

ਏਨਾ ਤਾਕਤਵਰ ਬਣ ਗਿਆ ਸੀ ਕਿ ਚਲਦੇ ਹਾਥੀ ਨੂੰ ਰੋਕ ਲੈਣਾ ਇਸ ਲਈ ਕੋਈ ਮੁਸ਼ਕਲ ਕੰਮ ਨਹੀਂ ਸੀ। ਇਸ ਦਾ ਬਲ ਤੇ ਨਾਂ ਐਨ ਮੇਲ ਖਾਂਦੇ ਸਨ। ਉਹ ਸ਼ੇਰ ਵਾਂਗੂੰ ਝਪਟਿਆ ਅਤੇ ਹਾਥੀ ਨੂੰ ਕੰਨੋਂ ਫੜ, ਆਪਣੇ ਕਸਬ ਨਾਲ ਖਲ੍ਹਿਆਰ ਕੇ, ਅੱਖ ਦੇ ਪਲਕਾਰੇ ਵਿਚ ਉਤੇ ਚੜ੍ਹ, ਆਪਣੀ ਤਲਵਾਰ ਹਥਵਾਨ ਦੇ ਮਾਰੀ। ਜਾਨ ਬਚਾਉਣ ਲਈ ਉਸ ਨੇ ਜੀ-ਭਿਆਣੇ ਤਲਵਾਰ ਅਗੇ ਅੰਕਸ ਕਰ ਦਿਤਾ, ਜਿਸ ਉਤੇ ਵੱਜ ਕੇ ਤਲਵਾਰ ਦੋ ਟੋਟੇ ਹੋ ਗਈ। ਭੀਮ ਸਿੰਘ ਨੇ ਹੱਥ ਵਿਚ ਬਚੇ ਟੋਟੇ ਨਾਲ ਹੀ ਦੂਜਾ ਵਾਰ ਕਰ ਕੇ ਹਥਵਾਨ ਦਾ ਸਿਰ ਅੱਡ ਕਰ ਦਿਤਾ ਤੇ ਇਸ ਦੇ ਮਗਰੇ ਧੜ ਵੀ ਧਰਤੀ ਉਤੇ ਡਿਗ ਪਿਆ। ਹਾਥੀ ਦੇ ਗੋਡੇ ਅਜੇ ਉਂਜ ਹੀ ਧਰਤੀ 'ਤੇ ਟਿਕੇ ਹੋਏ ਸਨ। ਹੁਣ ਚੇਲੇ ਨੇ ਆਪਣੇ ਨੇਜ਼ੇ ਨਾਲ ਕਈ ਵਾਰ ਭੀਮ ਸਿੰਘ ਉਤੇ ਕੀਤੇ, ਜੋ ਤਲਵਾਰ ਦੇ ਉਸ ਟੋਟੇ ਨਾਲ ਝੱਲੀ ਗਿਆ। ਚੇਲਾ ਹੌਦੇ ਵਿਚ ਸੀ ਤੇ ਭੀਮ ਸਿੰਘ ਭੁੰਜਿਓਂ ਹਾਥੀ ਨੂੰ ਇਸ ਹਾਲਤ ਵਿਚ ਲਈ ਖੜਾ ਸੀ ਕਿ ਉਹ ਅਗਲੀਆਂ ਲੱਤਾਂ ਸਿੱਧੀਆਂ ਕਰ ਕੇ ਉਠ ਖੜਾ ਨਾ ਹੋਵੇ। ਇਸ ਅਨੋਖੀ ਲੜਾਈ ਤੇ ਅਜਬ ਨਜ਼ਾਰੇ ਨੂੰ ਸ਼ਾਹੀ ਸੈਨਾ ਤੱਕ ਰਹੀ ਸੀ। ਹਰ ਕੋਈ ਸਮਝ ਰਿਹਾ ਸੀ ਕਿ ਚੇਲੇ ਨੇ ਭੀਮ ਸਿੰਘ ਨੂੰ ਹੁਣ ਵੀ ਮਾਰਿਆ ਕਿ ਹੁਣ ਵੀ ਮਾਰਿਆ। ਪਰ ਅਸ਼ਕੇ ਹੈ ਭੀਮ ਸਿੰਘ ਦੇ, ਜਿਸ ਨੇ ਨਾ ਤਾਂ ਹਾਥੀ ਨੂੰ ਸਿਧਿਆਂ ਹੋਣ ਦਿਤਾ ਤੇ ਨਾ ਚੇਲੇ ਤੋਂ ਕੋਈ ਫਟ ਖਾਧਾ।

ਚੇਲੇ (ਮੁਰੀਦ ਖ਼ਾਨ) ਦਾ ਮਾਰੇ ਜਾਣਾ

ਤਾਰਾ ਸਿੰਘ ਨੇ ਅਨੋਖਾ ਦ੍ਰਿਸ਼ ਵੇਖ ਕੇ ਲਖਬੀਰ ਸਿੰਘ ਘਰਿਆਲੀਏ ਨੂੰ ਆਖਿਆ ਕਿ ਜਦੋਂ ਮੱਝੀਆਂ ਚਾਰਦੇ ਹੁੰਦੇ ਸਾਂ ਓਦੋਂ ਤੂੰ ਦੋ ਦੋ ਲਾਗੋ ਲਾਗੀ ਕਰ ਕੇ ਤੇ ਛਾਲ ਮਾਰ ਕੇ ਇਕੱਠੀਆਂ ਟੱਪ ਜਾਂਦਾ ਸੈਂ। ਉਹ ਹੱਥ ਵਿਖਾਉਣ ਦਾ ਹੁਣ ਵੇਲਾ ਹੈ। ਮਾਰ ਕੇ ਛਾਲ ਅਗੇ ਵਧ। ਲਖਬੀਰ ਸਿੰਘ ਨੇਜ਼ਾ ਤਾਣ ਕੇ ਅੱਗੇ ਹੋਇਆ ਤੇ ਉਛਲ ਕੇ ਚੇਲੇ ਦਾ, ਜੋ ਹੌਦੇ ਵਿਚ ਬੈਠਾ ਭੀਮ ਸਿੰਘ ਉਤੇ ਵਾਰ ਤੇ ਵਾਰ ਕਰ ਰਿਹਾ ਸੀ, ਮੋਢਾ ਪਾੜ ਦਿਤਾ। ਇਸ ਦੇ ਨਾਲ ਹੀ ਦੋ ਸਿੰਘ ਜਾ ਪਏ ਤੇ ਪੂਛ ਥਾਣੀਂ ਉਤੇ ਚੜ੍ਹ ਕੇ ਚੇਲੇ ਨੂੰ ਹੌਦੇ ਵਿਚ ਹੀ ਪਾਰ ਬੁਲਾ ਦਿਤਾ। ਉਸ ਦੀ ਲਾਸ਼ ਭੁੰਜੇ ਸੁੱਟ ਦਿਤੀ ਤੇ ਹਾਥੀ ਨੂੰ ਹਿੱਕ ਕੇ ਤਾਰਾ ਸਿੰਘ ਪਾਸ ਲੈ ਆਏ। ਇਹ ਹਾਥੀ ਸਿੰਘਾਂ ਦੇ ਕਿਸੇ ਕੰਮ ਨਹੀਂ ਸੀ ਆ ਸਕਦਾ। ਤਾਰਾ ਸਿੰਘ ਦੇ ਕਹਿਣ 'ਤੇ ਸਿੰਘਾਂ ਨੇ ਉਸੇ ਵੇਲੇ ਉਸ ਨੂੰ ਤੁਰਕਾਂ ਵਲ ਹਿੱਕ ਦਿਤਾ। ਉਹਨਾਂ ਇਸ ਹੱਥੋ-ਹੱਥ ਘਮਸਾਨ ਦੀ ਲੜਾਈ ਵਿਚ ਪੈਦਲ ਹੋ ਕੇ ਹੀ ਲੜਨਾ ਪਸੰਦ ਕੀਤਾ। ਚੇਲੇ ਦੇ ਦਸਤੇ ਨੇ ਆਪਣੇ ਸਰਦਾਰ ਦੀ ਲਾਸ਼ ਚੁਕਣ ਲਈ ਫਿਰ ਜੀਅ ਕਰੜਾ ਕਰ ਕੇ ਹੱਲਾ ਕੀਤਾ। ਦੁਵੱਲੀ ਤੇਗ ਚੱਲੀ। ਆਏ ਤਾਂ ਚੇਲੇ ਦੀ ਲਾਸ਼ ਚੁਕਣ ਸਨ, ਜੋ ਚੁਕੀ ਨਾ ਜਾ ਸਕੀ ਤੇ ਉਹਨਾਂ 'ਚੋਂ ਕਈ ਜਣੇ ਆਪ ਲਾਸ਼ਾਂ ਬਣ ਕੇ ਉਸ ਦੇ ਸੰਗ ਧਰਤੀ ਉਤੇ ਸੌਂ ਗਏ। ਲਾਸ਼ਾਂ ਹੀ ਲਾਸ਼ਾਂ ਖਿਲਰੀਆਂ ਪਈਆਂ ਸਨ। ਇਸ ਘਮਸਾਨ ਵਿਚ ਕੁਝ ਸਿੰਘਾਂ ਨਾਲ ਭੀਮ ਸਿੰਘ ਵੀ ਸ਼ਹੀਦੀ ਪਾ ਗਿਆ। ਮੈਦਾਨ ਵਿਚ ਬੜੀ 'ਹਾ ਹੂ' ਮਚੀ ਹੋਈ ਸੀ। 'ਵਾਂ' ਨਗਰ ਦੇ ਲੋਕ ਕੋਠਿਆਂ ਉਤੇ ਚੜ੍ਹ ਕੇ ਲੜਾਈ ਦਾ ਖ਼ੂਨੀ ਤਮਾਸ਼ਾ ਵੇਖੀ ਗਏ, ਸਿੰਘਾਂ ਦੀ ਸਹਾਇਤਾ ਲਈ ਕੋਈ ਅੱਗੇ ਨਾ ਆਇਆ।

ਸਿਆਲੀ ਦਿਨ ਸਨ। ਸੂਰਜ ਚੜ੍ਹਦੇ ਨਾਲ ਲੋਹੇ ਤੇ ਲੋਹਾ ਖੜਕਣਾ ਸ਼ੁਰੂ ਹੋਇਆ ਸੀ ਤੇ ਹੁਣ ਸੂਰਜ ਢਲ ਚੁਕਿਆ ਸੀ। ਬੰਦੂਕਾਂ, ਰਹਿਕਲੇ, ਜ਼ੰਬੂਰੇ ਤੇ ਤੋਪਾਂ ਆਦਿ ਹੁਣ ਤਕ ਸਿੰਘਾਂ ਨੂੰ ਪੂਰੀ ਤਰ੍ਹਾਂ ਤਬਾਹ ਨਾ ਕਰ ਸਕੀਆਂ। ਫ਼ੌਜ ਨੇ ਵਾੜੇ ਨੂੰ ਅੱਗ ਲਾਉਣ ਦਾ ਯਤਨ ਵੀ ਕੀਤਾ। ਸਿੰਘਾਂ ਨੇ ਕਿਸੇ ਨੂੰ ਨਾ ਤਾਂ ਵਾੜੇ ਨੇੜੇ ਆਉਣ ਦਿਤਾ ਤੇ ਨਾ ਹੀ ਵਾੜੇ ਨਾਲ ਲਗਦੀ ਢਾਬ ਵਿਚੋਂ ਕਿਸੇ ਨੂੰ ਪਾਣੀ ਹੀ ਪੀਣ ਦਿਤਾ। ਪਾਣੀ ਖੁਣੋਂ ਸੈਨਾ ਬਹੁਤ ਹੀ ਜਿਚ ਹੋ ਰਹੀ ਸੀ। ਸੰਘਣੇ ਜੰਡਾਂ ਕਰੀਰਾਂ ਨੇ ਤੋਪਾਂ ਆਦਿ ਦਾ ਪੂਰਾ ਅਸਰ ਨਾ ਹੋਣ ਦਿਤਾ। ਹਾਂ, ਬੰਦੂਕਚੀਆਂ ਨੇ ਸਿੰਘਾਂ ਦਾ ਕਾਫ਼ੀ ਨੁਕਸਾਨ ਕੀਤਾ।

ਕਰਬਾਠੀਏ ਸਿੰਘਾਂ ਦਾ ਫ਼ੌਜ ਨੂੰ ਪਿਛੋਂ ਜਾ ਪੈਣਾ

'ਵਾਂ' ਦੇ ਐਨ ਉੱਤਰ ਵਿਚ ੮-੯ ਕਿਲੋਮੀਟਰ ਦੀ ਵਿਥ 'ਤੇ ਲਾਹੌਰ-ਹਰੀਕੇ ਸੜਕੋਂ ਥੋੜਾ ਜਿਹਾ ਹਟ ਕੇ ਇਕ ਮਸ਼ਹੂਰ ਪਿੰਡ 'ਹਡਿਆਰਾ' ਹੈ। ਇਸ ਦੇ ਸਾਹਮਣੇ ਸੜਕੋਂ ਦੂਜੇ ਪਾਸੇ, ਥੋੜਾ ਜਿਹਾ ਲਹਿੰਦੇ-ਦੱਖਣ ਵਿਚ ਨੂਰਪੁਰ ਗਾਗਾ ਤੇ ਕਰਬਾਠ[1] ਲਾਗੋ ਲਾਗੀ ਦੋ ਪਿੰਡ ਹਨ। ਕਰਬਾਠਾਂ ਦੇ ਦੋ ਸਿਖ ਭਰਾ ਗੱਡਾ

---

੧. **ਕਰਬਾਠ** : ਇਹ ਪਿੰਡ ਜਾਮੁਣ ਤੇ 'ਵਾਂ' ਦੇ ਲਾਗੇ ਹੀ ਹੈ। ਇਸ ਦਾ ਥਾਣਾ ਬਰਕੀ ਤੇ ਜ਼ਿਲਾ ਲਾਹੌਰ ਹੈ ਤੇ ਹੁਣ ਪਾਕਿਸਤਾਨ ਵਿਚ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਇਸ ਵਿਚ ਬਾਠ ਗੋਤ੍ਰ ਦੇ ਜੱਟ ਵਸਦੇ ਸਨ। ਪਰ 'ਕੁਰਬਾਨ' ਨਾਂ ਦਾ ਕੋਈ ਪਿੰਡ ਨਹੀਂ ਹੈ। ਪਾਠਕਾਂ ਦੀ ਜਾਣਕਾਰੀ ਤੇ ਦਿਲਚਸਪੀ ਲਈ ਲਿਖਿਆ ਜਾਂਦਾ ਹੈ ਕਿ ਭਾਈ ਤਾਰਾ ਸਿੰਘ ਜੀ 'ਵਾਂ' ਬਾਰੇ *ਪ੍ਰਾਚੀਨ ਪੰਥ ਪ੍ਰਕਾਸ਼* (ਕ੍ਰਿਤ ਰਤਨ ਸਿੰਘ ਭੰਗੂ), ਗਿਆਨੀ ਦਿੱਤ ਸਿੰਘ *ਰਚਨਾਵਲੀ ਸ਼ਹੀਦੀਆਂ*, ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਤ ਪੰਥ ਪ੍ਰਕਾਸ਼ ਲਿਖਤ ਗਿ: ਗਿਆਨ ਸਿੰਘ ਤੇ ਸ: ਕਰਮ ਸਿੰਘ ਜੀ ਹਿਸਟੋਰੀਅਨ ਦੀ *ਇਤਿਹਾਸਕ ਖੋਜ* ਵਿਚ ਬੜਾ ਸੋਹਣਾ ਵੇਰਵਾ ਮਿਲਦਾ ਹੈ। ਸ: ਰਤਨ ਸਿੰਘ ਭੰਗੂ ਨੇ ਸਭ ਤੋਂ ਪਹਿਲਾਂ ਇਸ ਸਾਕੇ ਦਾ ਜ਼ਿਕਰ ਕੀਤਾ ਹੈ ਤੇ ਕਰਬਾਠ ਪਿੰਡ ਦੇ ਦੋ ਸਿੰਘਾਂ, ਜੋ ਕੱਲਰ ਲੈਣ ਆਏ ਸਨ, ਦਾ ਵੇਰਵਾ ਇੰਜ ਦਿਤਾ ਹੈ :
ਚੌਪਈ : ਦੋਇ ਹੁਤੇ ਕਰਬਾਠਾਂ ਕੇ ਕਰਬਾਠ॥ ਸੋ ਲੈਣ ਸ਼ਹੀਦੀ ਕਰ ਆਏ ਠਾਠ॥.....
ਸਭੇ ਸਿੰਘ ਰਲ ਬਾਈ ਭਏ॥ ਕਿਛੁ ਅਗਲੇ ਕਿਛ ਮਗਰੋਂ ਅਏ॥"
(ਸ.ਫ਼ਾ ੧੯੨, ਚੌਥੀ ਐਡੀਸ਼ਨ ਸੰਪਾਦਿਤ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ)
ਪਿਛੋਂ ਜਦ ਸ: ਕਰਮ ਸਿੰਘ ਜੀ ਦਾ ਇਹ ਲੇਖ ਫੁਲਵਾੜੀ ਵਿਚ ਛਪਿਆ ਤਾਂ ਉਸ ਵਿਚ ਵੀ ਪਿੰਡ ਦਾ ਨਾਂ ਕਰਬਾਠ ਹੀ ਛਪਿਆ। ਪਰ ਜਦੋਂ ਉਨ੍ਹਾਂ ਦੀ *ਇਤਿਹਾਸਕ ਖੋਜ* ਸੰਪਾਦਿਤ ਗਿਆਨੀ ਹੀਰਾ ਸਿੰਘ ਦਰਦ, ਸਿਖ ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਗੁ: ਪ੍ਰ: ਕਮੇਟੀ) ਵਲੋਂ ਛਾਪੀ ਗਈ ਤਾਂ ਇਸ ਦੇ ੨੦੫, ੨੦੬ ਸਫ਼ਾ ਉਤੇ ਛਾਪੇ ਦੀ ਗ਼ਲਤੀ ਕਾਰਨ 'ਕੁਰਬਾਨ' ਛਪ ਗਿਆ, ਜਿਸ ਦੀ ਕੋਈ ਨਾਲ ਲਗਵੀਂ ਸੋਧ ਨਾ ਛਾਪੀ ਗਈ। ਇਸ ਦੀਆਂ ਹੋਰ ਐਡੀਸ਼ਨਾਂ ਵਿਚ ਫਿਰ ਇਹੋ ਗ਼ਲਤੀ ਦੁਹਰਾਈ ਗਈ। ਇਹ ਮਿਸ-ਪ੍ਰਿੰਟ (ਛਾਪੇ ਦੀ ਗ਼ਲਤੀ) ਵਾਲਾ ਕੰਮ ਅਜੇ ਵੀ ਚਾਲੂ ਹੈ। ਅਸਲ ਵਿਚ ਕਰਬਾਠ ਹੈ, ਪਰ ਪਰੂਫ਼-ਰੀਡਰ ਦੀ ਅਣਗਹਿਲੀ ਨਾਲ ਕੁਰਬਾਨ ਬਣ ਗਿਆ ਹੈ।
ਸ: ਕਰਮ ਸਿੰਘ ਦੀ ਕ੍ਰਿਤ ਨੂੰ ਆਧਾਰ ਬਣਾ ਕੇ ਜਿਨ੍ਹਾਂ ਵੀ ਸੱਜਣਾਂ ਨੇ ਇਸ ਵਿਸ਼ੇ 'ਤੇ ☛

ਜੋੜ ਕੇ ਕੱਲਰ ਲੈਣ ਲਈ 'ਵਾਂ' ਵਲ ਆਏ ਕਿ ਕੱਲਰ[1] ਲਿਜਾ ਕੇ ਕਣਕਾਂ ਵਿਚ ਰੂੜੀ ਪਾਵਾਂਗੇ।

☛ ਲਿਖਣਾ ਅਰੰਭ ਕੀਤਾ, ਬਗ਼ੈਰ ਕਿਸੇ ਪੜਤਾਲ ਦੇ ਮੱਖੀ ਤੇ ਮੱਖੀ ਮਾਰੀ ਗਏ ਹਨ। ਕਿਸੇ ਨੇ ਖੇਚਲ ਨਹੀਂ ਕੀਤੀ ਕਿ ਇਸ ਛੋਟੀ ਜਿਹੀ ਗ਼ਲਤੀ ਨੂੰ ਸੋਧਿਆ ਜਾਵੇ, ਜੋ ਪਾਠਕ ਨੂੰ ਕਿਤੇ ਦੀ ਕਿਤੇ ਲਿਜਾ ਸਕਦੀ ਹੈ। ਜੇ ਕੋਈ ਦਿਲਚਸਪੀ ਰਖਣ ਵਾਲਾ ਸੂਝਵਾਨ ਪਾਠਕ ਨਕਸ਼ਾ ਲੈ ਕੇ ਇਨ੍ਹਾਂ ੨੧ ਸ਼ਹੀਦਾਂ ਦੇ ਪਿੰਡਾਂ ਨੂੰ ਪੜਤਾਲਣ ਲਗ ਪਵੇ ਤਾਂ ਇਹ ਅਖੌਤੀ 'ਕੁਰਬਾਨ' ਪਿੰਡ ਕਿਥੋਂ ਲਭੇਗਾ ਤੇ ਕਿਸ ਸਿੱਟੇ 'ਤੇ ਪੁੱਜੇਗਾ ? ਪ੍ਰਿੰ: ਸਤਬੀਰ ਜੀ ਕ੍ਰਿਤ *ਸਾਡਾ ਇਤਿਹਾਸ* ਵਿਚ ਵੀ ਇਹੋ ਗ਼ਲਤੀ ਪਾਈ ਜਾਂਦੀ ਹੈ। ਮਾਸਕ ਪੱਤਰ 'ਸੀਸ ਗੰਜ' (ਮਾਰਚ ੧੯੯੫) ਚਾਂਦਨੀ ਚੌਕ ਦਿੱਲੀ ਵਿਚ 'ਸ਼ਹੀਦ ਭਾਈ ਤਾਰਾ ਸਿੰਘ ਵਾਂ' ਦੇ ਸਿਰਲੇਖ ਥੱਲੇ ਪ੍ਰੋ: ਭਗਤ ਸਿੰਘ 'ਹੀਰਾ' ਜੀ ਵਲੋਂ ੧੧ ਕੁ ਸਫ਼ਿਆਂ ਦਾ ਲੇਖ, ਜੋ ਉਂਜ ਸ: ਕਰਮ ਸਿੰਘ ਦੇ ਲੇਖ ਦਾ ਸੰਪਾਦਿਤ ਰੂਪ ਹੀ ਦਿਤਾ ਹੈ, ਛਪਿਆ ਹੈ ਤੇ ਇਸ ਵਿਚ ਵੀ ਇਨ-ਬਿਨ ਉਹੋ ਗ਼ਲਤੀ ਦੁਹਰਾਈ ਗਈ ਹੈ। ਇਨ੍ਹਾਂ ਤੋਂ ਬਿਨਾਂ ਹੋਰ ਵੀ ਕਈ ਸੱਜਣਾਂ, ਜਿਨ੍ਹਾਂ ਦੀ ਲਿਸਟ ਕਾਫ਼ੀ ਲੰਬੀ ਹੈ, ਦੇ ਲੇਖ ਪੜ੍ਹਨ ਦਾ ਅਵਸਰ ਮਿਲਿਆ ਹੈ, ਤੇ ਬਾਰ ਬਾਰ ਇਸੇ ਭੁੱਲ ਨੂੰ ਦੁਹਰਾਇਆ ਹੈ। ਇਸ ਤੋਂ ਭਲੀ ਭਾਂਤ ਸਿੱਟਾ ਇਹ ਨਿਕਲਦਾ ਹੈ ਕਿ ਇਕ ਸਹਿਵਨ ਹੋਈ ਭੁੱਲ ਚੱਟਾਨ ਵਾਂਗ ਪੱਕੇ ਪੈਰੀਂ ਅਹਿਲ ਖਲੋ ਗਈ ਹੈ। ਸਾਨੂੰ ਬਣਦਾ ਹੈ ਕਿ ਇਸ ਨੂੰ ਸਦੀਵੀ ਤੌਰ 'ਤੇ ਪਾਠਕਾਂ ਦੇ ਰਾਹ 'ਚੋਂ ਪਾਸੇ ਹਟਾ ਦੇਈਏ। ਉਪਰੋਕਤ ਸਤਰਾਂ ਲਿਖਣ ਤੋਂ ਦਾਸ ਦਾ ਮਨੋਰਥ ਕਿਸੇ ਨੂੰ ਛੁਟਿਆਉਣ ਜਾਂ ਆਪਣੀ ਵਿਦਵਤਾ ਦਰਸਾਉਣ ਦਾ ਬਿਲਕੁਲ ਨਹੀਂ। ਕਦਾਚਿਤ ਐਸੀ ਗੱਲ ਨਹੀਂ ਹੈ। ਮੇਰੀ ਬੇਨਤੀ ਸਿਰਫ਼ ਏਨੀ ਹੈ ਕਿ ਪਾਠਕਾਂ ਦੇ ਸਾਹਮਣੇ ਜੋ ਇਤਿਹਾਸਕ ਵਸਤ-ਪਦਾਰਥ ਆਵੇ, ਜਤਨ ਕੀਤਾ ਜਾਵੇ ਕਿ ਉਹ ਸ਼ੁਧ ਤੇ ਸਾਫ਼ ਹੋਵੇ ਤੇ ਉਸ ਵਿਚ ਕਿਸੇ ਸ਼ੱਕ ਸ਼ੁਭੇ ਦੀ ਗੁੰਜਾਇਸ਼ ਨਾ ਰਹਿ ਜਾਵੇ।

ਸਾਡੇ ਇਤਿਹਾਸ ਦਾ ਸਾਡੇ ਹਾਰਦਿਕ ਵੈਰੀਆਂ ਅਤੇ ਅਖੌਤੀ ਹਮਦਰਦਾਂ ਪਹਿਲਾਂ ਹੀ ਬਥੇਰਾ ਨਾਸ ਮਾਰਿਆ ਹੋਇਆ ਹੈ। ਜੇ ਅਸੀਂ ਆਪ ਵੀ ਇਸੇ ਰਾਹੇ ਤੁਰ ਪਏ ਤਾਂ ਜਿਵੇਂ ਰਮਾਇਣ ਵਾਲੀ ਲੰਕਾ ਦਾ ਵਜੂਦ ਕਿਤੇ ਨਹੀਂ ਮਿਲਦਾ, ਉਂਜ ਹੀ 'ਕੁਰਬਾਨ' ਪਿੰਡ ਦਾ ਕਿਤੇ ਨਹੀਂ ਮਿਲਣਾ। ਭਾਵ, ਅਸਾਂ ਇਕ ਹਕੀਕਤ ਨੂੰ ਮਿਥਿਹਾਸ ਬਣਾ ਕੇ ਰਖ ਦਿਤਾ। ਹੱਥੀਂ ਵਿਗਾੜੇ ਦਾ ਕਿਸੇ ਨੂੰ ਕੀ ਦੋਸ਼!

ਇਕ ਜ਼ਰੂਰੀ ਬੇਨਤੀ

ਕਰਬਾਠੀਏ ਸ਼ਹੀਦ ਭਰਾਵਾਂ ਦੇ ਪਵਿੱਤਰ ਨਾਮ ਲੱਭਣ ਲਈ ਦਾਸ ਨੇ ਪੂਰਾ ਪੂਰਾ ਜਤਨ ਕੀਤਾ ਹੈ। ੧੯੪੭ ਵਿਚ ਹੋਈ ਵੰਡ ਸਮੇਂ ਇਹ ਬਾਠ ਜੱਟ ਉੱਜੜ ਕੇ ਪੂਰਬੀ ਪੰਜਾਬ ਵਿਚ ਆ ਗਏ। ਇਨ੍ਹਾਂ ਨੂੰ ਕਈ ਥਾਵਾਂ 'ਤੇ ਜ਼ਮੀਨ ਅਲਾਟ ਹੋਈ। ਵਸੋਂ ਦਾ ਵੱਡਾ ਹਿੱਸਾ ਹਰੀਕੇ ਬੈਰਜ ਲਾਗੇ ਪਿੰਡ 'ਬੂਹ' ਵਿਖੇ ਵਸਿਆ ਹੋਇਆ ਹੈ। ਇਨ੍ਹਾਂ ਵਿਚੋਂ ਕਈ ਸਿਆਣੇ ਸਿਆਣੇ ਸਿੰਘਾਂ ਨੂੰ ਮਿਲ ਕੇ ਪੁਛਿਆ ਹੈ, ਪਰ ਕਿਸੇ ਨੇ ਕੋਈ ਥਹੁ-ਪਤਾ ਨਹੀਂ ਦਿਤਾ। ਕਾਸ਼! ਇਨ੍ਹਾਂ ਦੋ ਧਰਮੀ ਬੀਰਾਂ ਦੇ ਪਵਿੱਤਰ ਨਾਵਾਂ ਦਾ ਵੀ ਸਾਨੂੰ ਪਤਾ ਹੁੰਦਾ! ਇਸ ਸੰਬੰਧੀ ਜੇ ਕੋਈ ਸਿਖ ਇਤਿਹਾਸ ਦਾ ਪ੍ਰੇਮੀ ਪ੍ਰਮਾਣਿਤ ਜਾਣਕਾਰੀ ਰਖਦਾ ਹੋਵੇ ਤਾਂ ਉਹ ਜ਼ਰੂਰ ਸਿਖ-ਜਗਤ ਨਾਲ ਸਾਂਝੀ ਕਰਨ ਦਾ ਉਪਕਾਰ ਕਰੇ। ਇਹ ਅਤੀ ਜ਼ਰੂਰੀ ਹੈ।

੧. ਉਸ ਵੇਲੇ ਰਸਾਇਣਕ ਖਾਦਾਂ ਕਿਥੇ ? ਇਨ੍ਹਾਂ ਦੀ ਥਾਂ ਕੱਲਰ ਹੀ ਕੰਮ ਕਰਦਾ ਸੀ। ਕੱਲਰ ਦੀ ਵਰਤੋਂ ਅੱਜ ਵੀ ਕਈ ਕਿਸਾਨ ਕਰਦੇ ਹਨ।

ਜਦ ਉਹ 'ਵਾਂ' ਦੀ ਜੂਹ ਵਿਚ ਪੁਜੇ ਤਾਂ ਕਿਸੇ ਤੋਂ 'ਵਾਂ' ਵਿਚ ਤਾਰਾ ਸਿੰਘ ਦੇ ਤੇ ਉਸ ਦੇ ਨਾਲ ਦੇ ਸਿੰਘਾਂ ਬਾਰੇ ਪੁਛਿਆ ਕਿ ਕੀ ਹਾਲ ਹਵਾਲ ਹਨ। ਨੌਸ਼ਹਿਰੀਏ ਚੌਧਰੀ ਤੇ ਪਿਛੋਂ ਜਾਫ਼ਰ ਬੇਗ ਪੱਟੀ ਵਾਲੇ ਦਾ ਹਾਲ ਜੋ ਤਾਰਾ ਸਿੰਘ ਨੇ ਕੀਤਾ ਸੀ, ਇਸ ਦੀਆਂ ਖ਼ਬਰਾਂ ਦੂਰ ਦੂਰ ਤਕ ਧੁੰਮ ਗਈਆਂ ਸਨ। ਤੇ ਫਿਰ ਇਹ ਖ਼ਬਰ ਵੀ ਜੰਗਲ ਦੀ ਅੱਗ ਵਾਂਗ ਫੈਲ ਗਈ ਸੀ ਕਿ ਸਿੰਘਾਂ ਦੇ ਖ਼ਿਲਾਫ਼ ਮੁਹਿੰਮ ਲਈ ਤਕੜੀ ਫ਼ੌਜ ਤਿਆਰ ਕੀਤੀ ਜਾ ਰਹੀ ਹੈ, ਜੋ ਛੇਤੀ ਹੀ ਸਿੰਘਾਂ ਉਤੇ ਹਮਲਾ ਕਰੇਗੀ। ਕਰਬਾਠੀਏ ਸਿੰਘ ਹਮਦਰਦੀ ਵਜੋਂ ਉਨ੍ਹਾਂ ਦੀ ਖ਼ੈਰ ਸੁਖ ਪੁਛ ਰਹੇ ਸਨ। ਅਗੋਂ ਦੱਸਣ ਵਾਲੇ ਦਸਿਆ ਕਿ ਸਿੰਘਾਂ ਤਾਂ ਸ਼ਹੀਦ ਹੋ ਜਾਣ ਦੀ ਧਾਰ ਲਈ ਹੈ, ਅੱਜ ਸ਼ਾਹੀ ਸੈਨਾ ਚੜ੍ਹ ਕੇ ਆ ਗਈ ਹੈ ਤੇ ਅੱਗੇ ਲੜਾਈ ਹੋ ਰਹੀ ਹੈ। ਇਹ ਸੁਣ ਕੇ ਇਕ ਭਰਾ ਨੇ ਦੂਜੇ ਨੂੰ ਆਖਿਆ ਕਿ ਲੈ ਭਈ, ਤੂੰ ਹੁਣ ਗੱਡਾ ਬੌਲਦ ਸਾਂਭ, ਮੈਂ ਤਾਂ ਚਲ ਕੇ ਭਰਾਵਾਂ ਸੰਗ ਸ਼ਹੀਦ ਹੁੰਦਾ ਹਾਂ। ਵਾਹਿਗੁਰੂ ਨੇ ਬੜਾ ਸੋਹਣਾ ਢੋਅ ਢੁਕਾਇਆ ਹੈ, ਇਹੋ ਜਿਹਾ ਮੌਕਿਆ ਕਿਤੇ ਧਰਿਆ ਪਿਆ ਹੈ। ਦੂਜੇ ਨੇ ਆਖਿਆ ਕਿ ਮੈਂ ਹੁਣ ਪਿਛੇ ਕਾਹਦੇ ਲਈ ਮੁੜਨਾ ਹੈ। ਮੈਂ ਵੀ ਇਹ ਮੌਕਿਆ ਕਿਉਂ ਛਡਾਂ! ਚਲ ਆਪਾਂ ਇਕੱਠੇ ਹੀ ਚਲਦੇ ਹਾਂ।

ਸੋ ਗੱਡੇ ਬੌਲਦ ਉਥੇ ਹੀ ਛਡ ਕੇ ਦੋਵੇਂ ਭਰਾ ਸਿਰੀ ਸਾਹਿਬ ਸੂਤ ਕੇ ਜਿਧਰ ਲੜਾਈ ਹੋ ਰਹੀ ਸੀ ਉਧਰ ਤੁਰ ਪਏ। ਇਹ ਦੋਵੇਂ ਅਚਨਚੇਤ ਤੁਰਕਾਨੀ ਸੈਨਾ ਨੂੰ ਪਿਛਲੇ ਪਾਸਿਓਂ ਜਾ ਪਏ। ਫ਼ੌਜ ਵਿਚ ਇਨ੍ਹਾਂ ਡਾਢਾ ਹਰਜੱਲਾ ਮਚਾਅ ਦਿੱਤਾ। ਸਾਰੇ ਕਹਿਣ ਲੱਗ ਪਏ ਕਿ ਨਵੀਂ ਬਿਜ ਕਿਥੋਂ ਆਣ ਪਈ ਹੈ। ਅਗਲੇ ਪਾਸਿਓਂ ਤਾਰਾ ਸਿੰਘ ਤੇ ਉਸ ਦੇ ਸਾਥੀ ਆਹੂ ਲਾਈ ਜਾ ਰਹੇ ਸਨ ਤੇ ਪਿਛਲੇ ਪਾਸਿਓਂ ਇਨ੍ਹਾਂ ਨੇ ਵਢਾਂਗਾ ਧਰ ਲਿਆ ਅਤੇ ਪਲ ਵਿਚ ਖਪੇ ਖੋਲ੍ਹ ਦਿਤੇਂ। ਫ਼ੌਜ ਵਿਚ ਬੁਰੀ ਤਰ੍ਹਾਂ ਅਫਰਾ-ਤਫਰੀ ਮੱਚ ਗਈ। ਦੋਵੇਂ ਸੂਰਮੇ ਫ਼ੌਜ ਵਿਚ-ਦੀ ਵਢਦੇ ਕਟਦੇ ਅੰਤ ਸਿੰਘਾਂ ਨਾਲ ਜਾ ਰਲੇ। ਦੋਹੀਂ ਧਿਰੀਂ ਚਾਅ ਚੜ੍ਹ ਗਿਆ। ਸਾਰਿਆਂ ਮਿਲ ਕੇ ਗੱਜ ਕੇ ਜੈਕਾਰਾ ਗਜਾਇਆ। ਵੈਰੀਆਂ ਵਿਚ ਭਗਦੜ ਮੱਚ ਗਈ ਤੇ ਉਹ ਪਿਛਾਂਹ ਨੂੰ ਨੱਸ ਤੁਰੇ। ਸਿੰਘ ਰੋਹ ਵਿਚ ਆ ਕੇ ਵੈਰੀ ਉਤੇ ਜਾ ਪਏ ਤੇ ਮਾਰੋ ਮਾਰ ਕਰਦਿਆਂ ਦੂਰ ਤਕ ਭਜਾ ਦਿਤਾ।

ਕਰਬਾਠਾਂ ਦੇ ਇਹ ਦੋਵੇਂ ਸਿੰਘ ਦੂਜਿਆਂ ਸਿੰਘਾਂ ਨਾਲ ਮੈਦਾਨ ਵਿਚ ਹੀ

ਸ਼ਹੀਦ ਹੋ ਗਏ ਸਨ, ਇਸ ਲਈ ਇਨ੍ਹਾਂ ਦੇ ਪਵਿੱਤਰ ਨਾਵਾਂ ਦਾ ਪਤਾ ਨਹੀਂ ਲੱਗ ਸਕਿਆ। ਲੜਾਈ ਤੋਂ ਪਿਛੋਂ ਜਦ ਬਿਨ-ਸਿਰਾਂ ਦੀਆਂ ਲਾਸ਼ਾਂ, ਭਾਵ ਸ਼ਹੀਦ ਸਿੰਘਾਂ ਦਿਆਂ ਧੜਾਂ ਦਾ ਸਸਕਾਰ ਕੀਤਾ ਗਿਆ ਤਾਂ 'ਵਾਂ' ਵਾਲਿਆਂ ਵਿਚੋਂ ਕਿਸੇ ਨੂੰ ਇਹ ਪਤਾ ਨਾ ਲੱਗ ਸਕਿਆ ਕਿ ਇਹ ਦੋ ਹੋਰ ਧੜ ਕਿਸ ਕਿਸ ਦੇ ਹਨ।

ਮਨਸਾ ਰਾਮ ਤੇ ਦਯਾ ਰਾਮ ਦਾ ਹੱਲਾ

ਹੁਣ ਤਕ ਮੋਮਨ ਖ਼ਾਨ ਦੇ ਸੈਂਕੜੇ ਸਿਪਾਹੀ ਮਾਰੇ ਜਾ ਚੁਕੇ ਸਨ। ਤੱਕੀ ਬੇਗ ਆਪਣੇ ਦਸਤੇ ਸਮੇਤ ਭਾਂਜ ਖਾ ਆਇਆ ਸੀ ਤੇ ਬੁਰੀ ਤਰ੍ਹਾਂ ਜ਼ਖ਼ਮੀ ਹੋਇਆ ਪਿਆ ਸੀ। ਚੇਲਾ ਵੀ ਮਾਰਿਆ ਜਾ ਚੁਕਾ ਸੀ। ਮੋਮਨ ਖ਼ਾਨ ਵਾਲੇ ਹਾਥੀ ਨੂੰ ਛਡ ਕੇ ਬਾਕੀ ਚਹੁੰਆਂ ਦੇ ਹੌਦੇ ਖ਼ਾਲੀ ਹੋ ਚੁਕੇ ਸਨ। ਕਈ ਘੋੜੇ ਵੀ ਜ਼ਖ਼ਮੀ ਹੋਏ ਪਏ ਸਨ ਤੇ ਸੈਂਕੜੇ ਹੋਰ ਸਵਾਰਾਂ ਤੋਂ ਬਿਨਾਂ ਐਧਰ ਉਧਰ ਭੱਜੇ ਫਿਰਦੇ ਸਨ। ਫ਼ੌਜ ਵਿਚ ਬੇਦਿਲੀ ਛਾਈ ਹੋਈ ਸੀ ਤੇ ਸਾਰੇ ਕਹਿ ਰਹੇ ਸਨ ਕਿ ਸਿੰਘ ਗਿਣਤੀ ਵਿਚ ਥੋੜੇ ਨਹੀਂ, ਸਗੋਂ ਬਹੁਤ ਜ਼ਿਆਦਾ ਹਨ। ਸਾਰਿਆਂ ਨੂੰ ਮਾਰ ਖਾ ਕੇ ਪਿਛਾਂਹ ਹਟਣਾ ਪੈ ਰਿਹਾ ਹੈ। ਐਸੀ ਮਾਰੂ ਨਿਰਾਸਤਾ ਵੇਖ ਕੇ ਮੋਮਨ ਖ਼ਾਨ ਨੇ ਮਨਸਾ ਰਾਮ ਤੇ ਦਯਾ ਰਾਮ, ਜੋ ਕੁਦਲਪੁਰ ਦੇ ਪੂਰਬੀਏ ਸਨ, ਨੂੰ ਹੁਕਮ ਦਿਤਾ ਕਿ ਹੁਣ ਉਹ ਆਪਣੇ ਦਸਤੇ ਲੈ ਕੇ ਅੱਗੇ ਵਧਣ ਤੇ ਹਮਲਾ ਕਰਨ। ਇਨ੍ਹਾਂ ਦੋ ਸੱਜਰਸਾਹ ਦਸਤਿਆਂ ਨੇ ਲੜਾਈ ਦਾ ਰੰਗ ਬਦਲ ਦਿਤਾ। ਮੋਮਨ ਖ਼ਾਨ ਨੇ ਹਾਥੀ ਫੇਰ ਕੇ, ਦੀਨ ਦਾ ਵਾਸਤਾ ਪਾ ਕੇ ਭੱਜੇ ਜਾਂਦਿਆਂ ਨੂੰ ਰੋਕਿਆ। ਇਸਲਾਮ ਦੇ ਨਾਂ 'ਤੇ ਦੁਹਾਈ ਦੇ ਕੇ ਆਖਿਆ, ਇੰਜ ਭੱਜ ਕੇ ਕਿਹੜਾ ਮੂੰਹ ਲੈ ਕੇ ਲਾਹੌਰ ਵੜੋਗੇ ? ਸਿੰਘਾਂ ਦੀ ਗਿਣਤੀ ਹੁਣ ਬਹੁਤ ਥੋੜੀ ਰਹਿ ਗਈ ਹੈ। ਡੱਟ ਜਾਵੋ, ਰਸੂਲ ਤੋਂ ਮੂੰਹ ਨਾ ਮੋੜੋ। ਰਸੂਲ ਤੇ ਇਸਲਾਮ ਦੇ ਵਾਸਤੇ ਨਾਲੋਂ, 'ਸਿੰਘਾਂ ਦੀ ਗਿਣਤੀ ਥੋੜੀ ਰਹਿ ਗਈ ਹੈ' ਦੀ ਖ਼ਬਰ ਸੁਣ ਕੇ ਮੈਦਾਨੋਂ ਭੱਜੇ ਜਾਂਦੇ ਤੁਰਕ ਸਿਪਾਹੀ ਥੰਮ ਗਏ, ਤੇ ਹੌਸਲਾ ਧਾਰ ਕੇ ਮੁੜੇ ਤੇ ਫਿਰ ਸਿੰਘਾਂ ਨਾਲ ਟੱਕਰ ਪਏ। ਲੜਾਈ ਇਕ ਵਾਰ ਫਿਰ ਚੰਗੂੰ ਭਖ ਪਈ। ਮੋਮਨ ਖ਼ਾਨ ਹਾਥੀ ਵਧਾ ਕੇ ਅੱਗੇ ਵਧ ਵਧ ਦਲੇਰੀਆਂ ਦੇਣ ਲੱਗਾ। ਹੁਣ ਉਹ ਬਿਲਕੁਲ ਮੂਹਰਲਿਆਂ ਦੇ ਨਾਲ ਸੀ ਤੇ ਉਸ ਨੇ ਲਖਬੀਰ ਸਿੰਘ ਉਤੇ ਕਈ ਵਾਰ ਕੀਤੇ, ਜੋ ਉਸ ਨੇ ਬੜੀ ਹੁਸ਼ਿਆਰੀ

ਨਾਲ ਬਚਾਅ ਲਏ। ਫਿਰ ਉਸ ਨੇ ਹਾਥੀ ਉਤੋਂ ਤਾਣ ਕੇ ਨੇਜ਼ਾ ਸਿੰਘ ਵਲ ਚਲਾਵਾਂ ਸੁਟਿਆ, ਜੋ ਉਸ ਨੇ ਰੋਕ ਲਿਆ। ਅਮਰ ਸਿੰਘ ਢਿਲੋਂ ਭੁਸਿਆਂ ਵਾਲਾ ਤਮਕ ਖਾ ਕੇ ਨੇਜ਼ਾ ਤਾਣੀ ਲਲਕਾਰਦਾ ਹੋਇਆ ਮੋਮਨ ਖ਼ਾਨ ਵਲ ਵਧਿਆ। ਇਸ ਤੋਂ ਪਹਿਲਾਂ ਕਿ ਉਹ ਮੋਮਨ ਖ਼ਾਨ ਨੂੰ ਨੇਜ਼ੇ ਨਾਲ ਉੜੁੰਬ ਦੇਵੇ, ਦਯਾ ਰਾਮ ਤੇ ਮਨਸਾ ਰਾਮ ਅੱਗੇ ਹੋ ਵਿਚਕਾਰ ਆਣ ਖਲੋਤੇ। ਲਖਬੀਰ ਸਿੰਘ ਤੇ ਅਮਰ ਸਿੰਘ ਦੋਹਾਂ ਪੂਰਬੀਆਂ ਨਾਲ ਹੱਥੋ ਹਥੀ ਜੁਟ ਪਏ। ਪੂਰਬੀਆਂ ਦਿਆਂ ਦਸਤਿਆਂ ਨੇ ਹੁਣ ਦੋਹਾਂ ਸਿੰਘਾਂ ਨੂੰ ਵਿਚਕਾਰ ਲੈ ਕੇ ਦੁਆਲੇ ਕੁੰਡਲ ਘਤ ਲਿਆ ਤੇ ਭਲਵਾਨਾਂ ਦਾ ਦੰਗਲ ਵੇਖਣ ਵਾਲਿਆਂ ਵਾਂਗ ਚੁਫੇਰੇ ਹੋ ਗਏ। ਦੋਵੇਂ ਪੂਰਬੀਏ ਚੰਗੇ ਲੜਾਕੇ ਤੇ ਫ਼ੌਜ ਵਿਚ ਉਘੇ ਸੂਰਮੇ ਮੰਨੇ ਜਾਂਦੇ ਸਨ। ਇਨ੍ਹਾਂ ਬੜੇ ਵਿਉਂ ਤੇ ਹੰਕਾਰ ਨਾਲ ਕਿਹਾ ਕਿ ਸਾਡਾ ਕੋਈ ਸਿਪਾਹੀ ਅਗੇ ਨਾ ਆਵੇ। ਹੁਣ ਸਾਡਾ ਚਹੁੰਆਂ ਦਾ ਨਜ਼ਾਰਾ ਵੇਖੋ। ਜੀਊਂਦੇ ਹਥੀਂ ਫੜ ਕੇ ਇਹ ਦੋਵੇਂ ਕਾਫ਼ਰ ਫੜਾ ਦੇਂਦੇ ਹਾਂ। ਮੋਮਨ ਖ਼ਾਨ ਵੀ ਇਹ ਨਜ਼ਾਰਾ ਬੜੇ ਮਜ਼ੇ ਤੇ ਭਰੋਸੇ ਨਾਲ ਹਾਥੀ ਤੋਂ ਵੇਖਣ ਲੱਗਾ। ਦੋਵੇਂ ਧਿਰਾਂ ਪੂਰਾ ਤਾਣ ਲਾ ਰਹੀਆਂ ਸਨ। ਇਕ ਵਾਰ ਤਾਂ ਜਾਪਿਆ ਕਿ ਸੱਜਰ ਸਾਹ ਪੂਰਬੀਏ ਬੋਲ ਪੁਗਾ ਜਾਣਗੇ। ਪਰ ਸਿੰਘਾਂ ਨੇ ਥੋੜੇ ਸਮੇਂ ਵਿਚ ਹੀ ਦਮੋਂ ਕਢ ਲਏ। ਵੇਖਣ ਵਾਲਿਆਂ ਨੂੰ ਪਤਾ ਹੀ ਓਦੋਂ ਲੱਗਾ ਜਦ ਦੋਹਾਂ ਨੂੰ ਨੇਜ਼ਿਆਂ ਨਾਲ ਵਿੰਨ੍ਹ ਕੇ ਭੋਏਂ ਉਲੱਦ ਮਾਰਿਆ।

ਪੂਰਬੀਏ ਮਰਨ ਦੀ ਦੇਰ ਸੀ ਕਿ ਮੋਮਨ ਖ਼ਾਨ ਨੇ ਇਕ-ਦਮ ਹੱਲਾ ਕਰ ਦੇਣ ਲਈ ਲਲਕਾਰਿਆ। ਹੁਣ ਤਕ ਤਮਾਸ਼ਾਈ ਬਣੇ ਸਿਪਾਹੀਆਂ ਨੇ ਚੁਫੇਰਿਓਂ ਸਿੰਘਾਂ ਉਤੇ ਹੱਲਾ ਬੋਲ ਦਿਤਾ। ਸਿੰਘ ਵੀ ਸ਼ਹੀਦ ਹੋਣ ਤੋਂ ਪਹਿਲਾਂ ਕਈਆਂ ਨੂੰ ਢੇਰੀ ਕਰ ਗਏ। ਅਮਰ ਸਿੰਘ ਤੇ ਲਖਬੀਰ ਸਿੰਘ ਇਕ ਥਾਂ ਸ਼ਹੀਦ ਹੋਏ।

ਸ਼ਾਹੀ ਸੈਨਾ ਦਾ ਆਖ਼ਰੀ ਹੱਲਾ ਤੇ ਸਿੰਘਾਂ ਦੀਆਂ ਸ਼ਹੀਦੀਆਂ

ਮੋਮਨ ਖ਼ਾਨ ਨੇ ਸ਼ਾਹੀ ਸੈਨਾ ਨੂੰ ਹੋਰ ਹੱਲਾ-ਸ਼ੇਰੀ ਦੇ ਕੇ ਹੁਣ ਤਾਰਾ ਸਿੰਘ ਹੁਰਾਂ ਵਲ ਵਧਾਇਆ। ਅਗੋਂ ਸਿੰਘ ਵੀ ਇਕ ਨਾ ਇਕ ਕਰ ਦੇਣ ਦੀ ਧਾਰ ਕੇ ਜੁਟ ਪਏ। ਸਿੰਘਾਂ ਦੀ ਨਾ ਤਾਂ ਕੋਈ ਬਝਵੀਂ ਸੈਨਾ ਸੀ, ਨਾ ਪੂਰੇ ਹਥਿਆਰ ਸਨ, ਨਾ ਕੋਈ ਕੋਟ ਜਾਂ ਕਿਲ੍ਹਾ-ਬੰਦੀ ਤੇ ਨਾ ਕਿਤਿਓਂ ਕਿਸੇ ਪ੍ਰਕਾਰ ਦੀ ਸਹਾਇਤਾ ਦੀ ਆਸ। ਇਹ ਕੋਈ ਬਰਾਬਰ ਦੀ ਲੜਾਈ ਨਹੀਂ ਸੀ। ਗਿਣਤੀ ਦੇ ਕੁਲ ੨੧ ਹੀ ਤਾਂ ਆਦਮੀ ਸਨ। ਇਹ ਏਡੀ ਵੱਡੀ ਫ਼ੌਜ ਮੂਹਰੇ ਕਿੰਨਾ ਕੁ ਚਿਰ ਨਿਭ ਸਕਦੇ ਸਨ। ਪਰ ਫਿਰ ਵੀ ਸਾਰਾ ਦਿਨ ਜੁੱਟੇ ਰਹੇ ਤੇ ਇਸ ਸਨੱਧ-ਬੱਧ ਲਾਮ-ਲਸ਼ਕਰ ਨੂੰ ਦਿਨੇ ਤਾਰੇ ਵਿਖਾਉਂਦੇ ਰਹੇ। ਉਹ ਜੰਡਾਂ ਕਰੀਰਾਂ ਦੀ ਓਟ ਵਿਚ ਹੋ ਕੇ ਡਟ ਕੇ ਲੜਦੇ ਰਹੇ। ਦੁਸ਼ਮਣ ਦੀਆਂ ਤੋਪਾਂ, ਰਹਿਕਲੇ, ਜ਼ੰਬੂਰੇ ਉਨ੍ਹਾਂ ਨੂੰ ਭੈ-ਭੀਤ ਨਾ ਕਰ ਸਕੇ। ਉਹ ਮੌਕਾ ਤਾੜ ਕੇ ਵੈਰੀ ਦਿਆਂ ਪਰ੍ਹਿਆਂ ਵਿਚ ਘੁਸ ਜਾਂਦੇ ਤੇ ਐਸਾ ਘਮਸਾਨ ਮਚਾ ਦੇਂਦੇ ਕਿ ਵੈਰੀ ਦੇ ਸਥਰ ਲਹਿ ਜਾਂਦੇ ਸਨ। ਸਿੰਘ ਵੀ ਬੇਜਿਗਰੀ ਨਾਲ ਫਟ ਤੇ ਫਟ ਖਾਂਦੇ ਰਹੇ, ਪਰ ਕੀ ਮਜਾਲ, ਕਿਸੇ ਨੇ ਕਦਮ ਪਿਛਾਂਹ ਹਟਾਇਆ ਹੋਵੇ। ਕੁਝ ਤੱਕੀ ਬੇਗ ਦੇ ਦਸਤੇ ਨਾਲ ਜੂਝੇ, ਕੁਝ ਚੇਲੇ (ਮੁਰੀਦ ਖ਼ਾਂ) ਨਾਲ ਲੜ ਕੇ ਸ਼ਹੀਦ ਹੋਏ। ਰਹਿੰਦੇ ਪੂਰਬੀਆਂ ਦੇ ਦਸਤਿਆਂ ਨਾਲ ਜੁਟੇ ਰਹੇ। ਆਖ਼ਰ ਇੱਕੀਆਂ ਦੀ ਗਿਣਤੀ ਕਦ ਤਕ ਨਿਭਦੀ ? ਇਕ ਇਕ ਕਰ ਕੇ ਪੁਰਜ਼ਾ ਪੁਰਜ਼ਾ ਹੋ ਗਏ। ਸੂਰਜ ਡੁੱਬਣ ਤੋਂ ਪਹਿਲਾਂ ਹੀ ਇਹ ੨੦ ਸੂਰਮੇ ਸ਼ਹਾਦਤ ਦਾ ਜਾਮ ਨੋਸ਼ ਕਰ ਗਏ। ਅਤੇ ਜੋ ਅਰਦਾਸ ਕੀਤੀ ਸੀ, ਤੋੜ ਨਿਭਾ ਦਿਤੀ।

ਭਾਈ ਤਾਰਾ ਸਿੰਘ ਜੀ ਦੀ ਸ਼ਹੀਦੀ ਤੇ ਲੜਾਈ ਦਾ ਅੰਤ

ਪਰ ਅਜੇ ਇਕ ਬਾਕੀ ਸਿੰਘ ਖ਼ੂਨ ਨਾਲ ਲੱਤ-ਪਤ ਹੋਇਆ ਵੈਰੀ ਨਾਲ ਲੋਹਾ ਲੈ ਰਿਹਾ ਸੀ। ਇਹ ਤਾਰਾ ਸਿੰਘ ਆਪ ਸੀ। ਇਸ ਦੀ ਸੂਰਬੀਰਤਾ ਵੇਖ ਕੇ ਦੁਸ਼ਮਣ ਵੀ ਅਸ਼ ਅਸ਼ ਕਰ ਉਠਿਆ। ਇਹ ਆਖ਼ੀਰ ਦਮ ਤਕ ਦੁਸ਼ਮਣ ਲਈ ਮੌਤ ਬਣਿਆ ਰਿਹਾ। ਅਜੇ ਦੋ ਘੜੀਆਂ ਸੂਰਜ ਰਹਿੰਦਾ ਸੀ ਜਦ ਇਹ ਵੀ ਸ਼ਹੀਦੀ ਪਾ ਗਿਆ ਤੇ ਜੰਗ ਸਮਾਪਤ ਹੋ ਗਈ।

ਤੁਰਕ ਸੈਨਾ ਦੇ ਤਿੰਨ ਸੌ ਤੋਂ ਵੱਧ ਆਦਮੀ ਖੇਤ ਰਹੇ। ਮੋਮਨ ਖ਼ਾਨ ਨੇ ਸਾਰਿਆਂ ਸਿੰਘਾਂ ਦੇ ਸੀਸ ਕੱਟ ਕੇ ਬੋਰਿਆਂ ਵਿਚ ਭਰ ਲਏ। ਤਾਰਾ ਸਿੰਘ ਦਾ ਸਿਰ ਇਕ ਅੱਡ ਬੋਰੇ ਵਿਚ ਪਾਇਆ ਗਿਆ। ਇਹ ਸਾਕਾ ਮਾਘ ਵਦੀ ਚਾਰ ਸੰਮਤ ੧੭੮੯ ਬਿਕਰਮੀ, ਮੁਤਾਬਕ ਦਸੰਬਰ ਸੰਨ ੧੭੩੨ ਈਸਵੀ ਦਾ ਹੈ। ਮੁਰਦਿਆਂ ਤੇ ਫਟੜਾਂ ਦੀ ਗਿਣਤੀ ਨੇ ਸ਼ਾਹੀ ਫ਼ੌਜ ਨੂੰ ਜਿਤ ਪਿਛੋਂ ਵੀ ਸੋਗਵਾਰ ਕਰੀ ਰਖਿਆ। ਇਹ ਰਾਤ ਫ਼ੌਜ ਨੇ 'ਵਾਂ' ਹੀ ਕੱਟੀ ਤੇ ਜ਼ਖ਼ਮੀਆਂ ਦੀ ਮਰ੍ਹਮ ਪੱਟੀ ਤੇ ਦੇਖ-ਭਾਲ ਕੀਤੀ।

ਲਾਹੌਰ ਨੂੰ ਵਾਪਸੀ

ਅਗਲੇ ਦਿਨ ਆਪਣੇ ਮੁਰਦੇ ਦਬਾਉਣ ਦਾ ਪ੍ਰਬੰਧ ਕਰ ਕੇ ਮੋਮਨ ਖ਼ਾਨ ਜਿੱਤ ਦੇ ਡੰਕੇ ਵਜਾਉਂਦਾ ਹੋਇਆ ਲਾਹੌਰ ਪੁੱਜਾ ਤੇ ਸਿੰਘਾਂ ਦੇ ਸਿਰ ਜ਼ਕਰੀਆ ਖ਼ਾਨ ਸਾਹਮਣੇ ਜਾ ਪੇਸ਼ ਕੀਤੇ। ਇਹ ਸੂਰਤਾਂ ਵੇਖ ਕੇ ਹੈਰਾਨ ਸੀ ਕਿ ਸ਼ਹੀਦ

ਹੋਇਆਂ ਨੂੰ ਅੱਠ ਪਹਿਰ ਹੋ ਗਏ ਹਨ, ਪਰ ਇਨ੍ਹਾਂ ਦਾ ਜਲਾਲ ਜੀਊਂਦਿਆਂ ਵਰਗਾ ਹੀ ਹੈ। ਤਾਰਾ ਸਿੰਘ ਦੇ ਸਿਰ ਨੂੰ ਚੁਕ ਕੇ, ਅੱਖਾਂ ਸਾਹਮਣੇ ਕਰ ਕੇ ਕਿੰਨਾ ਚਿਰ ਵੇਖੀ ਗਿਆ, ਜਿਵੇਂ ਕਿ ਤਾਰਾ ਸਿੰਘ ਦੇ ਸੱਚ-ਮੁੱਚ ਮਾਰੇ ਜਾਣ ਦਾ ਯਕੀਨ ਨਹੀਂ ਸੀ ਆ ਰਿਹਾ। ਲੋਕਾਂ ਦੇ ਵੇਖਣ ਲਈ ਇਹ ਸਿਰ ਕਈ ਦਿਨ ਨਖ਼ਾਸ ਮੰਡੀ ਵਾਲੀ ਥਾਂ ਰਖਵਾ ਛੱਡੇ। ਸ਼ਹਿਰ ਦੀ ਸਿਖ-ਵਸੋਂ ਵਿਚੋਂ ਕੁਝ ਸਿਆਣਿਆਂ ਆਦਮੀਆਂ ਨੇ ਇਨ੍ਹਾਂ ਸਿਰਾਂ ਦਾ ਸਸਕਾਰ ਕਰਨ ਲਈ ਸੂਬੇ ਪਾਸੋਂ ਸਿਰ ਮੰਗੇ। ਇਸ ਬੇਨਤੀ ਨੂੰ ਮਨਜ਼ੂਰ ਨਾ ਕੀਤਾ ਗਿਆ ਤੇ ਸਿਰ ਉਸ ਅੰਨ੍ਹੇ ਖੂਹ ਵਿਚ ਸੁਟਵਾ ਦਿਤੇ ਗਏ, ਜੋ ਪਿਛੋਂ ਸ਼ਹੀਦ ਗੰਜ ਵਾਲਾ ਖੂਹ ਕਰ ਕੇ ਪ੍ਰਸਿਧ ਹੋਇਆ।

ਤਾਰਾ ਸਿੰਘ, ਵਸਾਵਾ ਸਿੰਘ ਤੇ ਕੋਇਰ ਸਿੰਘ ਤਿੰਨੇ 'ਵਾਂ' ਨਗਰ ਦੇ ਸਨ। ਸ਼ਹਾਦਤ ਸਮੇਂ ਭਰ ਜਵਾਨ ੩੦ ਕੁ ਸਾਲ ਦੇ ਗੇੜ ਵਿਚ ਸਨ। ਤਿੰਨਾਂ ਨੇ ਵਿਆਹ ਨਹੀਂ ਕਰਾਏ ਸਨ, ਇਸ ਲਈ ਇਨ੍ਹਾਂ ਦੀ ਔਲਾਦ ਅਗੇ ਨਹੀਂ ਚਲੀ। "ਸ਼ਹੀਦਾਂ ਦੀ ਯਾਦਗਾਰ ਲਈ 'ਵਾਂ' ਪਿੰਡਾਂ ਦੀਆਂ ਔਰਤਾਂ ਅੱਜ ਤੀਕ ਹਨੇਰੇ ਪੱਖ ਦੀ ਥੇਈ ਰਖਦੀਆਂ ਹਨ।" ਨਵੀਂ ਸੂਈ ਮੱਝ ਗਾਂ ਦਾ ਦੁੱਧ ਪਹਿਲਾਂ ਸ਼ਹੀਦਾਂ ਦੇ ਚੜ੍ਹਾਇਆ ਜਾਂਦਾ ਹੈ, ਫਿਰ ਘਰ ਵਾਲੇ ਵਰਤਦੇ ਹਨ। ਇੰਜ ਹੀ ਹਰ ਫ਼ਸਲ ਦੇ ਬੋਹਲ ਵਿਚੋਂ ਕੁਝ ਹਿੱਸਾ ਪਹਿਲਾਂ ਸ਼ਹੀਦਾਂ ਦੇ ਚੜ੍ਹਾਵੇ ਨਮਿਤ ਕਢਿਆ ਜਾਂਦਾ ਹੈ। ਜਿਸ ਜਗ੍ਹਾ ਸਿੰਘ ਸ਼ਹੀਦ ਹੋਏ ਸਨ, ਉਥੇ ਸ਼ਹੀਦ ਗੰਜ ਬਣਿਆ ਹੋਇਆ ਹੈ ਤੇ ਸਾਰੀ ਜਗ੍ਹਾ ਦੇ ਦੁਆਲੇ ਨਿੱਕੀ ਇਟ ਦਾ ਕੋਟ ਵਲਿਆ ਹੋਇਆ ਹੈ। ਇਹ ਸਾਰਾ ਥਾਂ ਚਾਰ ਕੁ ਵਿਘੇ ਹੈ। ਇਸ ਦੀਵਾਰੋਂ ਅੰਦਰ ਸ਼ਹੀਦਾਂ ਦੇ ਸਤਿਕਾਰ ਵਜੋਂ ਕੋਈ ਮੰਜੇ ਉਤੇ ਨਾ ਬਹਿੰਦਾ ਹੈ ਨਾ ਸੌਂਦਾ ਹੈ, ਸਭ ਭੁੰਜੇ ਹੀ ਸੌਂਦੇ ਹਨ। ਇਸ ਦੇ ਚੜ੍ਹਦੇ ਪਾਸੇ ਢਾਬ ਅੱਜ ਵੀ ਮੌਜੂਦ ਹੈ, ਭਾਵੇਂ ਮੀਂਹਾਂ ਵਿਚ ਪਿੰਡ ਦਿਆਂ ਰੋੜ੍ਹਾਂ ਕਾਰਨ ਪਹਿਲਾਂ ਵਾਂਗ ਡੂੰਘੀ ਨਹੀਂ ਰਹਿ ਗਈ।

(੨੬)

ਕੁਝ ਸ਼ਹੀਦਗੰਜ ਬਾਰ

'ਵਾਂ' ਨਗਰ ਦੇ ਭਾਈ ਦਲ ਸਿੰਘ ਹੋਏ ਹਨ, ਜੋ ਰੂਪੋ ਕੀ ਪੱਤੀ ਦੇ ਸਨ। ਇਹ ਗੁਰੂ ਕੀ ਕਾਂਸ਼ੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਕਾਫ਼ੀ ਦੇਰ ਤਕ ਰਹੇ ਤੇ ਉਥੋਂ ਵਿਦਿਆ ਪ੍ਰਾਪਤ ਕਰ ਕੇ ਆਏ। ਇਹ ਚੰਗੇ ਲਿਖਾਰੀ ਸਨ ਤੇ ਇਨ੍ਹਾਂ ਕਈ ਪੋਥੀਆਂ ਹੱਥੀਂ ਲਿਖੀਆਂ। ਇਨ੍ਹਾਂ ਇਕ ਨਕਲ ਦਸਮ ਗ੍ਰੰਥ ਦੀ ਵੀ ਹੱਥੀਂ ਲਿਖੀ ਸੀ, ਜੋ ੧੯੨੫ ਤਕ ਇਸ ਗੁਰਦੁਆਰਾ ਸਾਹਿਬ ਵਿਚ ਮੌਜੂਦ ਰਹੀ। ਪਿਛੋਂ ਇਕ ਬ੍ਰਾਹਮਣ ਸਿਖ ਗਿਰਧਾਰਾ ਸਿੰਘ, ਇਹ ਹੱਥ-ਲਿਖਤ ਦਸਮ ਗ੍ਰੰਥ ਤੇ ਭਾਈ ਦਲ ਸਿੰਘ ਦੀਆਂ ਹੱਥੀਂ ਲਿਖੀਆਂ ਕਈ ਪੋਥੀਆਂ ਵੀ ਚੁਕ ਕੇ ਲੈ ਗਿਆ। ਇਹ ਸਿੰਘ 'ਵਾਂ' ਦਾ ਨਹੀਂ ਸੀ। ਦਸੀਦਾ ਹੈ ਕਿ ਕੁਝ ਚਿਰ ਹੋਇਆ, ਇਹ ਚੜ੍ਹਾਈ ਕਰ ਗਿਆ ਹੈ। ਭਾਈ ਦਲ ਸਿੰਘ ਦੇ ਹੱਥਾਂ ਦੀ ਲਿਖੀ ਕੋਈ ਵੀ ਚੀਜ਼ ਐਸ ਵੇਲੇ ਗੁਰਦੁਆਰਾ ਸਾਹਿਬ ਵਿਖੇ ਮੌਜੂਦ ਨਹੀਂ ਹੈ। ਇਹ ਸ਼ਹੀਦਗੰਜ ਉਨ੍ਹਾਂ ਆਪ ਬਣਵਾਇਆ ਸੀ। ਸਾਰੀ ਇਮਾਰਤ ਨਿੱਕੀ ਇਟ ਦੀ ਬਣੀ ਹੋਈ ਹੈ। ਭਾਈ ਦਲ ਸਿੰਘ ਹੁਰਾਂ ਲੰਗਰ ਦੀ ਅਤੁਟ ਸੇਵਾ ਵੀ ਅਰੰਭ ਕੀਤੀ ਹੋਈ ਸੀ, ਜੋ ਪੂਰੀ ਸ਼ਾਨ ਨਾਲ ਚਲਦੀ ਰਹੀ ਹੈ। ਅੱਜ (੧੯੯੪-੯੫) ਲੰਗਰ ਦੀ ਸੇਵਾ ਦੀ ਪਹਿਲਾਂ ਵਾਲੀ ਸ਼ਾਨ ਨਹੀਂ ਰਹੀ। ਦੋਸ਼ ਪ੍ਰਬੰਧਕਾਂ ਦਾ ਹੀ ਹੈ। ਭਾਈ ਦਲ ਸਿੰਘ ਨੇ ਆਪਣੀ ਸਾਰੀ ਨਿਜੀ ਜ਼ਮੀਨ, ਜੋ ੪੫ ਕੁ ਏਕੜ ਹੈ, ਇਸ ਸ਼ਹੀਦਗੰਜ ਨੂੰ ਅਰਪਨ ਕਰ ਦਿਤੀ ਸੀ। ਇਹ ਤਿੰਨ ਭਰਾ ਸਨ। ਭਾਈ ਦਲ ਸਿੰਘ ਦੀ ਆਪਣੀ ਕੋਈ ਔਲਾਦ ਨਹੀਂ ਹੋਈ। ਦੂਜੇ ਦੋ ਭਰਾਵਾਂ ਦੀ ਔਲਾਦ ਚਲੀ ਹੈ। ਰੂਪੋ ਕੀ ਪੱਤੀ ਵਿਚੋਂ ਅੱਗੇ ਇਕ ਕੰਦੇ ਵਾਲੀ ਪੱਤੀ ਬਣੀ। ਇਸ ਵਿਚ ਇਨ੍ਹਾਂ ਦੋਹਾਂ ਭਰਾਵਾਂ ਦੀ ਔਲਾਦ ਵਸਦੀ ਹੈ। ਕਿਸ਼ਨ ਸਿੰਘ ਦਾ ਪੁਤਰ ਲਛਮਣ ਸਿੰਘ ਇਨ੍ਹਾਂ ਵਿਚੋਂ ਹੈ, ਜੋ ੯੫ ਸਾਲ ਤੋਂ ਉਤੇ ਉਮਰ ਦਾ ਹੈ।

ਭਾਈ ਰਾਜਾ ਸਿੰਘ ਤੋਂ ਪਿਛੋਂ ਇਨ੍ਹਾਂ ਦਾ ਸਕਾ ਭਾਈ ਭਾਗ ਸਿੰਘ, ਜੋ ਇਨ੍ਹਾਂ ਦਾ ਗੁਰ-ਭਾਈ ਵੀ ਸੀ, ਮਹੰਤ ਬਣਿਆ। ਇਨ੍ਹਾਂ ਨਾਲ ਇਕ ਸੂਰਮਾ ਸਿੰਘ ਨਾਮੇ ਸਿੰਘ ਵੀ ਸੀ, ਜੋ ਇਨ੍ਹਾਂ ਦਾ ਸਹਾਇਕ ਸੀ। ਇਹ ਕਿਸ ਪਿੰਡ ਦਾ ਸੀ, ਕੋਈ ਪਤਾ ਨਹੀਂ ਲੱਗ ਸਕਿਆ। ਭਾਈ ਰਾਜਾ ਸਿੰਘ ਤੇ ਭਾਗ ਸਿੰਘ ਨੇ ਫ਼ੌਜੀ ਸਿੰਘਾਂ ਤੋਂ ਮਾਇਆ ਇਕੱਤਰ ਕਰ ਕੇ ਮੌਜੂਦਾ ਨਿਸ਼ਾਨ ਸਾਹਿਬ ਦੀ ਸੇਵਾ ਕਰਵਾਈ। ਇਹ ਸਾਰੀ ਰਕਮ ੧੨੫੦/-ਰੁਪਏ ਸਨ। ਨਿਸ਼ਾਨ ਸਾਹਿਬ ਦੇ ਚਬੂਤਰੇ ਉਤੇ ਸੇਵਾ ਦੀ ਤਰੀਕ ੧੦ ਵੈਸਾਖ ਸੰਮਤ ੧੯੬੪ ਮੁਤਾਬਕ ਅਪ੍ਰੈਲ ੧੯੦੭ ਈਸਵੀ ਲਿਖਿਆ ਹੋਇਆ ਹੈ। ਭਾਈ ਦਲ ਸਿੰਘ, ਭਾਈ ਰਾਜਾ ਸਿੰਘ, ਭਾਈ ਭਾਗ ਸਿੰਘ ਦੀਆਂ ਨਿੱਕੀਆਂ ਨਿੱਕੀਆਂ ਸਮਾਧੀਆਂ ਅੰਦਰ ਬਣੀਆਂ ਹੋਈਆਂ ਹਨ। ਬਾਹਰਲੇ ਵੱਡੇ ਦਰਵਾਜ਼ੇ ਦੀ ਸੇਵਾ ਸ: ਦਿਆਲ ਸਿੰਘ ਲਲਿਆਣੀ ਵਾਲੇ ਨੇ ਸੰਮਤ ੧੯੭੪ ਬਿਕਰਮੀ ਵਿਚ ਕਰਵਾਈ ਸੀ।

ਭਾਈ ਭਾਗ ਸਿੰਘ ਤੋਂ ਮਗਰੋਂ ਭਾਈ ਬਸੰਤ ਸਿੰਘ ਮਹੰਤ ਬਣੇ। ੧੯੨੮ ਈਸਵੀ ਵਿਚ ਪ੍ਰਬੰਧ ਸ਼੍ਰੋਮਣੀ ਕਮੇਟੀ ਪਾਸ ਚਲਾ ਗਿਆ। ਬਸੰਤ ਸਿੰਘ ਦੇ ਦੋ ਚੇਲੇ ਸਨ—ਸੂਰਤਾ ਸਿੰਘ ਅਤੇ ਗਿਰਧਾਰਾ ਸਿੰਘ। ਇਹੋ ਗਿਰਧਾਰਾ ਸਿੰਘ ਸਭ ਹੱਥ-ਲਿਖਤਾਂ ਚੁਕ ਕੇ ਲੈ ਗਿਆ ਹੈ। ਸੂਰਤਾ ਸਿੰਘ ਅਜੇ ਜ਼ਿੰਦਾ ਹੈ ਤੇ ਖਾਲੜੇ ਰਹਿੰਦਾ ਹੈ। ਬਸੰਤ ਸਿੰਘ ਤੋਂ ਪਿਛੋਂ ਕ੍ਰਮਵਾਰ ਦਲੀਪ ਸਿੰਘ, ਹਜ਼ਾਰਾ ਸਿੰਘ ਰੋੜਾ ਪ੍ਰਬੰਧਕ ਬਣੇ। ਹਜ਼ਾਰਾ ਸਿੰਘ ਰੋੜਾ ਕਤਲ ਹੋ ਗਿਆ। ਫਿਰ ਕਮੇਟੀ ਨੇ ਸੇਵਾ ਬਾਬਾ ਖੜਕ ਸਿੰਘ ਪਾਸ ਦੇ ਦਿਤੀ। ਉਨ੍ਹਾਂ ਪਹਿਲਾਂ ਚਰਨ ਸਿੰਘ, ਜੋ ਹੁਣ ਬਾਬਾ ਸੁਖਾ ਸਿੰਘ ਮਾੜੀ ਕੰਬੋਕੀ ਦੀ ਯਾਦਗਾਰ ਬਣਵਾ ਰਿਹਾ ਹੈ, ਨੂੰ ਸੇਵਾ ਦਿਤੀ। ਫਿਰ ਮੇਜਰ ਸਿੰਘ ਨੂੰ ਨਿਯੁਕਤ ਕੀਤਾ ਗਿਆ। ਮਗਰਲੇ ਪ੍ਰਬੰਧਕ ਨੇ ਪਹਿਲਾਂ ਛੋਟੀ ਇਟ ਦਾ ਬੜਾ ਮਜ਼ਬੂਤ ਗੁਰਦੁਆਰਾ ਸਾਹਿਬ ਢਾਹ ਦਿਤਾ ਹੈ। ਨਵ-ਉਸਾਰੀ ਸ਼ੁਰੂ ਹੈ, ਕਦ ਸਿਰੇ ਚੜ੍ਹਦੈ, ਵਾਹਿਗੁਰੂ ਜਾਣੇ।

ਨੋਟ: ਗੁਰਦੁਆਰਾ ਸਾਹਿਬ ਦੇ ਨਾਂ ਕੁਲ ੯੫ ਕਿੱਲੇ ਜ਼ਮੀਨ ਹੈ। ਬਾਕੀ ਦੀ ਜ਼ਮੀਨ ਚੱਕ ਬਾਂਭਾ ਪਿੰਡ ਨੇ, ਕੋਈ ਜ਼ਮੀਨੀ ਝਗੜਾ ਖ਼ਤਮ ਕਰਨ ਲਈ ਗੁਰਦੁਆਰਾ ਸਾਹਿਬ ਨੂੰ ਦੇ ਦਿਤੀ ਸੀ।

ISBN 81-7205-192-1

